A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094
Harwinder 403-402-5615

The Punjabi Newspaper

ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Look & Find your dream home with
MANJIT JASWAL
REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty

403.861.2253

Vol: 13 No: 296 Website : www.punjabiakhbaar.ca Email: editor@punjabiakhbaar.ca Friday, 17 July 2026

## ਕੈਲਗਰੀ ਦੇ ਸਟੈਂਪੀਡ ਮੇਲੇ 2026 ਵਿੱਚ 14 ਲੱਖ ਤੋਂ ਵੱਧ ਲੋਕਾਂ ਨੇ ਹਾਜ਼ਿਰੀ ਭਰੀ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਧਰਤੀ ਉੱਪਰ ਲੱਗਣ ਵਾਲੇ ਵੱਡ ਆਕਾਰੀ ਮੇਲਿਆਂ ਵਿੱਚੋਂ ਇੱਕ ਕੈਲਗਰੀ ਸਟੈਂਪੀਡ 2026 ਨੇ ਇੱਕ ਵਾਰ ਫਿਰ ਆਪਣੀ ਲੋਕਪ੍ਰਿਯਤਾ ਸਾਬਿਤ ਕਰਦਿਆਂ 10 ਦਿਨਾਂ ਦੌਰਾਨ 14,11,954 ਮੇਲੇ ਦੇ ਮੇਲੀਆਂ ਦੀ ਹਾਜਿਰੀ ਦਾ ਰਿਕਾਰਡ ਬਣਾਇਆ। ਮੇਲੇ ਦੇ ਆਖਿਰੀ ਦਿਨ ਹੀ 1,22,559 ਲੋਕ ਮੇਲੇ ਦੀਆਂ ਰੌਣਕਾਂ ਦਾ ਹਿੱਸਾ ਬਣੇ। ਸਟੈਂਪੀਡ ਪ੍ਰਬੰਧਕਾਂ ਵੱਲੋਂ ਇਕੱਠੀ ਕੀਤੀ ਗਈ ਲੋਕ ਰਾਇ ਅਨੁਸਾਰ, ਇਸ ਸਾਲ 91 ਫ਼ੀਸਦੀ ਮਹਿਮਾਨਾਂ ਨੇ ਆਪਣੇ ਤਜਰਬੇ ਨੂੰ ਉਮੀਦਾਂ ਦੇ ਬਰਾਬਰ ਜਾਂ ਉਸ ਤੋਂ ਵੀ ਵਧੀਆ ਦੱਸਿਆ, ਜਦਕਿ 94 ਫ਼ੀਸਦੀ ਨੇ ਕਿਹਾ ਕਿ ਉਹ ਕੈਲਗਰੀ ਸਟੈਂਪੀਡ ਮੇਲੇ ਵਿੱਚ ਆਉਣ ਲਈ ਅਗਲੇ ਸਾਲ ਹੋਰਾਂ ਨੂੰ ਵੀ ਕਹਿਣਗੇ। ਮੇਲੇ ਵਿੱਚ ਪੁੱਜੇ ਮੇਲੇ ਦੇ ਮੇਲੀਆਂ ਵਿੱਚੋਂ 24 ਪ੍ਰਤੀਸਤ ਪਹਿਲੀ ਵਾਰ ਇਸ ਸਟੈਂਪੀਡ ਮੇਲੇ ਦਾ ਹਿੱਸਾ ਬਣੇ। ਸਥਾਨਕ ਸੈਰ-ਸਪਾਟੇ ਅਤੇ ਕਾਰੋਬਾਰ ਨੂੰ ਵੀ ਇਸ ਵਾਰ ਵੱਡਾ ਹੁਲਾਰਾ ਮਿਲਿਆ ਕਿਉਂਕਿ 30 ਪ੍ਰਤੀਸਤ ਦਰਸ਼ਕ ਕੈਲਗਰੀ ਤੋਂ ਬਾਹਰਲੇ ਇਲਾਕਿਆਂ ਤੋਂ ਆਏ ਸਨ । ਸਟੈਂਪੀਡ ਅਧਿਕਾਰੀਆਂ ਦਾ ਅੰਦਾਜ਼ਾ ਹੈ ਕਿ ਇਸ ਸਾਲ ਦਾ ਆਰਥਿਕ ਪ੍ਰਭਾਵ ਪਿਛਲੇ ਸਾਲ ਦੇ ਕਰੀਬ 389 ਮਿਲੀਅਨ ਡਾਲਰ ਦੇ ਕਰੀਬ ਰਹਿਣ ਦੀ ਸੰਭਾਵਨਾ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਘੋੜ ਸਵਾਰਾਂ ਦੀਆਂ ਖੇਡਾਂ ਖਿੱਚ ਦਾ ਕੇਂਦਰ ਰਹੀਆਂ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵੀ ਹਫ਼ਤੇ ਦੇ ਅਖੀਰ ਵਿੱਚ ਸਟੈਂਪੀਡ ਮੇਲੇ ਵਿੱਚ ਆਪਣੀ ਹਾਜਿਰੀ ਭਰੀ।ਭਾਵੇਂ ਆਮ ਲੋਕਾਂ ਦੀ ਜੁਬਾਨ ਉੱਪਰ ਹਰ ਰੋਜ ਕਨੇਡਾ ਵਿੱਚ ਮੰਦਵਾੜੇ ਦੀ ਚਰਚਾ ਰਹਿੰਦੀ ਹੈ ਪਰ ਮਹਿੰਗਾਈ ਅਤੇ ਖਰਚਿਆਂ ਨੂੰ ਲੈ ਕੇ ਚਿੰਤਾਵਾਂ ਦੇ ਬਾਵਜੂਦ, ਸਟੈਂਪੀਡ ਵਿੱਚ ਰਿਕਾਰਡ ਪੱਧਰ ਦੀ ਹਾਜ਼ਰੀ ਅਤੇ ਦਰਸ਼ਕਾਂ ਵੱਲੋਂ ਮਿਲੀ ਸਕਾਰਾਤਮਕ ਪ੍ਰਤੀਕਿਰਿਆ ਇਸ ਗੱਲ ਦਾ ਸਬੂਤ ਹੈ ਕਿ ਕੈਲਗਰੀ ਸਟੈਂਪੀਡ ਅੱਜ ਵੀ ਕੈਨੇਡਾ ਦੀਆਂ ਸਭ ਤੋਂ ਵੱਡੀਆਂ ਅਤੇ ਸਭ ਤੋਂ ਪ੍ਰਸਿੱਧ ਗਰਮੀਆਂ ਦੀਆਂ ਸੱਭਿਆਚਾਰ ਰੌਣਕ ਮੇਲਿਆਂ ਵਿੱਚੋਂ ਇੱਕ ਦੇ ਤੌਰ ਤੇ ਜਾਣਿਆ ਜਾਂਦਾ ਹੈ। ਪੰਜਾਬੀ ਭਾਈਚਾਰੇ ਦੇ ਐਮ ਐਲ ਏ ਅਤੇ ਮੈਂਬਰ ਪਾਰਲੀਆਮੈਂਟਾਂ ਨੇ ਵੀ ਆਪੋ ਆਪਣੇ ਹਲਕਿਆਂ ਵਿੱਚ ਪੈਨ ਕੇਕ ਬਾਰਬੀਕਿਊ ਅਤੇ ਸਥਾਪਿਤ ਪੰਜਾਬੀ ਕਾਰੋਬਾਰੀਆਂ ਨੇ ਵੀ ਆਪੋ ਆਪਣੇ ਤੌਰ ਤੇ ਬਾਰਬੀਕਿਊ ਦੇ ਪਰਬੰਧ ਕੀਤੇ ਹੋਏ ਸਨ, ਜਿਹਨਾਂ ਵਿੱਚ ਘਰ ਬਣਾਉਣ ਵਾਲੀ ਕੰਪਨੀ ਲਗਯੂਰੀਆ ਹੋਮਜ, ਬੈਸਟ ਬਾਇ ਫਰਨੀਚਰ, ਨਿਊਸਟਾਰ ਕੈਬਨਿਟ,ਦੀ ਮੋਲਡਿੰਗ ਸਟੋਰ ਦੇ ਨਾਂ ਵਰਨਣਯੋਗ ਹਨ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher, Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca


GOLDEN HARMONY CARE
ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆਕੇ ਅਸੀਂ ਕਰਾਂਗੇ
ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ।
ਹੁਣੇ ਕਾਲ ਕਰੋ - 403-439-6688
goldenharmonycare@gmail.com
info@goldenharmonycare.ca
www.goldenharmonycare.ca
ਘਰ ਵਿੱਚ ਦੇਖਭਾਲ ਸੇਵਾ
- ਨਿੱਜੀ ਦੇਖਭਾਲ
- ਡਿਮੈਂਸ਼ੀਆਂ ਕੇਅਰ
- ਖਾਣਾ ਬਣਾਉਣਾ
- ਸਫਾਈ
- ਸਾਥ-ਸੰਗਤ
- ਹੋਸਪਿਸ ਸਮਰਥਨ
- ਆਵਾਜਾਈ ਸੇਵਾ
- ਰੈਸਪਾਈਟ ਕੇਅਰ
- ਨਰਸਿੰਗ ਸੇਵਾਵਾਂ
- 24 ਘੰਟੇ ਦੇਖਭਾਲ
ਮਰੀਜ਼ ਲਈ ਕੋਈ ਖਰਚਾ ਨਹੀਂ
ਏਐਚਐਸ ਦੁਆਰਾ ਮਨਜ਼ੂਰ
ਸੀਡੀਐਚਸੀਆਈ ਦੁਆਰਾ ਮਨਜ਼ੂਰ
ਸਰਕਾਰੀ ਫੰਡ ਨਾਲ ਘਰ ਵਿੱਚ ਦੇਖਭਾਲ ਦੀਆਂ ਸੇਵਾਵਾਂ।
Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿੱਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚਾ ਲਏ।
ਕੈਲਗਰੀ, ਐਡਮੰਟਨ ਅਤੇ ਆਲੇ-ਦੁਆਲੇ ਦੇ ਸਾਰੇ ਖੇਤਰਾਂ ਵਿੱਚ ਸੇਵਾ ਪ੍ਰਦਾਨ ਕਰਦਾ ਹੈ
ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM
Dominion Lending Centres


SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS

· Closets
· Wet Bars
· Book Shelving
· Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ,ਵੈੱਟਬਾਰ,ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO

Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

# ਗੱਲ ਤਾਂ ਪਰਦੇ ਦੀ ਹੀ ਹੈ !

TWC
TIMELESS WINDOW COVERINGS

ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ

ਕਾਲ: 403 953 1000

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।

E Mail: Contact@twcoverings.com
Web: www.twcoverings.com
Timelesswindowcoverings

ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar
Vol: 13 No: 296 Website : www.punjabiakhbaar.ca Email: editor@punjabiakhbaar.ca Friday, 17 July 2026

# ਕੈਨੇਡਾ ਦਾ ਇੱਕ 'ਐਮ ਪੀ' ਹੀ ਹਥਿਆਰਾਂ ਦੀ ਸਮਗਲਿੰਗ ਲਈ ਫੜਿਆ ਗਿਆ, ਘਰ ਵਿੱਚੋਂ 439 ਹਥਿਆਰ ਬਰਾਮਦ ਹੋਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਲੰਬਾ ਸਮਾਂ ਮੈਂਬਰ ਪਾਰਲੀਮੈਂਟ ਰਹੇ ਵਿਅਕਤੀ ਨੂੰ ਸੈਂਕੜੇ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਗਿਆ। ਮੈਨੀਟੋਬਾ ਸੂਬੇ ਦੇ ਡਾਊਫਿਨ ਹਲਕੇ ਤੋਂ ਸਾਬਕਾ ਐਮ ਪੀ ਇੰਕੀ ਮਾਰਕ ਜਿਹਨਾਂ ਦੀ ਉਮਰ 78 ਸਾਲ ਦੇ ਕਰੀਬ ਹੈ,ਉਹਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਉਹਨਾਂ ਦੇ ਘਰ ਦੇ ਵਿੱਚੋਂ 439 ਹਥਿਆਰ ਬਰਾਮਦ ਕੀਤੇ ਗਏ ਹਨ ਜਿਨਾਂ ਵਿੱਚੋਂ ਬਹੁਤ ਸਾਰੇ ਹਥਿਆਰ ਸਮਗਲ ਕਰਕੇ ਕੈਨੇਡਾ ਲਿਆਂਦੇ ਗਏ ਹਨ। ਵੱਡੀ ਗਿਣਤੀ ਦੇ ਵਿੱਚ ਬਰਾਮਦ ਗੋਲੀ ਸਿੱਕੇ ਵਿੱਚ ਕਈ ਐਂਟੀਕ ਬੰਦੂਕਾਂ ਤੋਂ ਇਲਾਵਾ 3 ਲੱਖ ਡਾਲਰ ਕੈਸ਼ ਵੀ ਬਰਾਮਦ ਕੀਤੇ ਗਏ ਹਨ। ਆਰਸੀਐਮਪੀ ਵੱਲੋਂ 7 ਜੁਲਾਈ 2026 ਨੂੰ ਇਸ ਸਾਬਕਾ ਐਮਪੀ ਦੇ ਘਰ ਦੇ ਉੱਪਰ ਛਾਪੇਮਾਰੀ ਕੀਤੀ ਗਈ ਸੀ ਜਿਸ ਤੋਂ ਬਾਅਦ ਉੱਥੇ ਬਿਨਾਂ ਕਿਸੇ ਸੁਰੱਖਿਆ ਦੇ ਰੱਖੀਆਂ ਗਈਆਂ ਇੰਨੀਆਂ ਜਿਆਦਾ ਬੰਦੂਕਾਂ ਤੇ ਹੋਰ ਹਥਿਆਰ ਬਰਾਮਦ ਕੀਤੇ। ਬੰਦੂਕਾਂ ਭਾਵੇਂ ਸਮੱਗਲ ਕਰਕੇ ਲਿਆਂਦੀਆਂ ਗਈਆਂ ਪਰ ਬਾਅਦ ਵਿੱਚ ਉਹਨਾਂ ਦੇ ਸੀਰੀਅਲ ਨੰਬਰ ਵੀ ਬਦਲੇ ਗਏ। ਕਈ ਪਾਬੰਦੀਸ਼ੁਦਾ ਡਿਵਾਈਸ ਅਤੇ ਬਹੁਤ ਸਾਰੀਆਂ ਅਜਿਹੀਆਂ ਬੰਦੂਕਾਂ ਜਿਨਾਂ ਦੇ ਉੱਪਰ ਕੈਨੇਡਾ ਦੇ ਵਿੱਚ ਪਾਬੰਦੀ ਹੈ ਵੀ ਬਰਾਮਦ ਹੋਈਆ ਹਨ। ਆਰਸੀਐਪੀ ਨੇ ਆਖਿਆ ਕਿ ਇਹਨਾਂ ਸਾਰੀਆਂ ਬੰਦੂਕਾਂ ਦੇ ਵਿੱਚੋਂ ਜਿਹੜੀਆਂ ਬੰਦੂਕਾਂ ਸਮੱਗਲ ਹੋ ਕੇ ਆਈਆਂ ਨੇ ਉਹਨਾਂ ਦੇ ਸਹੀ ਨੰਬਰ ਪਤਾ ਲਗਾਉਣ ਵਾਸਤੇ ਅਜੇ ਕਈ ਹਫਤਿਆਂ ਦੀ ਜਾਂਚ ਚੱਲੇਗੀ ਕਿਉਂਕਿ ਇਸ ਸਾਬਕਾ ਐਮਪੀ ਦੇ ਘਰ ਦੇ ਵਿੱਚੋਂ ਕਈ ਅਜਿਹੇ ਦਸਤਾਵੇਜ਼ ਬਰਾਮਦ ਹੋਏ ਹਨ ਜਿਨਾਂ ਦੀ ਜਾਂਚ ਨੂੰ ਲੰਬਾ ਸਮਾਂ ਲੱਗ ਸਕਦਾ ਹੈ। ਵਰਨਣਯੋਗ ਹੈ ਕਿ ਜੋ ਸਾਬਕਾ ਐਮਪੀ ਗ੍ਰਿਫਤਾਰ ਕੀਤਾ ਗਿਆ ਇਹ 1997 ਤੋਂ ਲੈ ਕੇ 2010 ਤੱਕ ਪਾਰਲੀਮੈਂਟ ਦੇ ਵਿੱਚ ਮੈਂਬਰ ਪਾਰਲੀਮੈਂਟ ਦੇ ਤੌਰ 'ਤੇ ਵੱਖ ਵੱਖ ਪਾਰਟੀਆਂ ਵੱਲੋਂ ਬੈਠਦਾ ਰਿਹਾ ਹੈ। ਇੰਕੀ ਮਾਰਕ ਨਾਂ ਦਾ ਇਹ ਐਮ ਪੀ ਸਭ ਤੋਂ ਪਹਿਲਾਂ ਰਿਫੋਰਮ ਪਾਰਟੀ ਵੱਲੋਂ ਐਮਪੀ ਚੁਣਿਆ ਗਿਆ ਸੀ। ਉਸ ਤੋਂ ਬਾਅਦ ਕਨੇਡੀਅਨ ਅਲਾਇੰਸ ਅਤੇ ਬਾਅਦ ਵਿੱਚ ਕੰਜ਼ਰਵੇਟਿਵ ਪਾਰਟੀ ਦੀ ਟਿਕਟ ਉੱਪਰ ਚੋਣ ਲੜਕੇ ਐਮ ਪੀ ਬਣਿਆ। ਐਮ ਪੀ ਬਣਨ ਤੋਂ ਪਹਿਲਾਂ ਇੰਕੀ ਮਾਰਕ ਡਾਉਫਿਨ ਸ਼ਹਿਰ ਦਾ ਮੇਅਰ ਵੀ ਰਿਹਾ ਹੈ। ਇੱਕ ਸਾਬਕਾ ਐਮਪੀ ਦੇ ਘਰੋਂ ਹਥਿਆਰਾਂ ਦਾ ਅਜਿਹਾ ਜਖੀਰਾ ਬਰਾਮਦ ਹੋਣਾ ਕਈ ਤਰ੍ਹਾਂ ਦੇ ਸਵਾਲ ਖੜੇ ਕਰ ਰਿਹਾ ਹੈ ਕਿਉਂਕਿ ਬਰਾਮਦ ਹੋਏ ਹਥਿਆਰਾਂ ਵਿੱਚ ਕੈਨੇਡਾ ਦੇ ਵਿੱਚ ਬਹੁਤ ਸਾਰੇ ਹਥਿਆਰਾਂ ਉੱਪਰ ਪਾਬੰਦੀ ਲਗਾਈ ਹੋਈ ਹੈ।



RANDY SINGH
306.361.7810
REALTOR®, CENTURY 21 Fusion
Residential | Commercial | Farm
Home Buyer & Listing Specialist!
Serving Saskatoon, Warman, Martensville and surrounding area, offering the highest level of expertise and service with integrity.
AWARD WINNING SERVICE
CENTURION® Team (C21 Canada 2025)
Top 30 Under 30 by Units (C21 Canada 2023)
randy.singh@c21.ca | randysinghrealty.com

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorhip · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigraton Consultant)
306-201-4464
Regina, SK navimmigrationservices@gmail.com

Bullet
Now Hiring
We are hiring Company Drivers & Owner Operators for USA Open Board
Special Offer
MUST HAVE
- Clean Driver Abstract and CVOR
- Clear Criminal Search
- Minimum 6 months verifiable experience
- Steady Milage and Home time
- Bi Week Directly diposit
- Excellent equipment Dedicated to you
- Paid Border cross and waiting time after 2 Hours
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

WE'RE IN THE PEOPLE BUSINESS, WE JUST HAPPEN TO DO MORTGAGES.®
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
VINE GROUP MORTGAGE BROKERAGE
LIC. 512011
200 1965 Broad Street, Regina, SK S4P 1Y1

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE, Calgary, AB T3J 4L8

PUNJAB TOWING
Punjab Towing Regina (SK)
New horizon park #9 building, Pilot Butte, SK S0G 3Z0
Punjab Towing Swift Current (SK )
1975 Chaplin St W, Swift Current, SK S9H 5G6
1 306 552 9629, 1 306 510 4929
Dispatch@punjabtowing.co
Semi truck, trailer towing expert
Tow & recovery, storage service
Anywhere in SK, AB, MB, BC, ON 24/7 available

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

# ਕੈਲਗਰੀ ਮਿਊਜ਼ੀਕਲ ਐਂਡ ਕਲਚਰਲ ਐਸੋਸੀਏਸ਼ਨ ਵਿੱਚ - ਲਾਈ ਵੀ ਨਾ ਗਈ ਤੇ ਨਿਭਾਈ ਵੀ ਨਾ ਗਈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਵੀਂ ਬਣੀ ਕੈਲਗਰੀ ਮਿਊਜ਼ੀਕਲ ਐਂਡ ਕਲਚਰਲ ਐਸੋਸੀਏਸ਼ਨ ਦੀ ਪਲੇਠੀ ਮੀਟਿੰਗ 12 ਜੁਲਾਈ ਨੂੰ ਕੋਸੋ ਹਾਲ ਵਿੱਚ ਹੋਈ। ਵੱਖੋ-ਵੱਖ ਜ਼ਬਾਨਾਂ ਦੇ ਸੰਗੀਤਕਾਰਾਂ ਅਤੇ ਗਵੱਈਆਂ ਦੀ ਹਾਜ਼ਰੀ ਵਿੱਚ ਕੋਸੋ ਹਾਲ ਸਰਸਵਤੀ ਦੇਵੀ ਦੇ ਮੰਦਰ ਦਾ ਰੂਪ ਧਾਰ ਗਿਆ ਜਿੱਥੇ ਲਗਾਤਾਰ ਤਿੰਨ



ਘੰਟੇ ਗੀਤ ਸੰਗੀਤ ਦੀਆਂ ਗੂੰਜਾਂ ਪੈਂਦੀਆਂ ਰਹੀਆਂ। ਜਸਵੀਰ ਸਿਹੋਤਾ ਨੇ ਕਲਾਕਾਰਾਂ ਅਤੇ ਕਲਾ-ਪ੍ਰੇਮੀਆਂ ਦਾ ਸਵਾਗਤ ਕੀਤਾ। ਹਰਮਿੰਦਰਪਾਲ ਸਿੰਘ ਨੇ ਮੰਚ ਦਾ ਸੰਚਾਲਨ ਕਰਦਿਆਂ ਕਲਾਕਾਰਾਂ ਨਾਲ਼ ਜਾਣ-ਪਛਾਣ ਕਰਾਈ। ਸ਼ੁਰੂਆਤ ਜਸਵੰਤ ਸਿੰਘ ਸੇਖੋਂ ਦੀ ਰਵਾਇਤੀ ਕਵੀਸ਼ਰੀ ਨਾਲ਼ ਹੋਈ। ਬੰਗਲਾ ਦੇਸ਼ ਮੂਲ ਦੀ ਡਾ: ਜੇਬੂਨਿਸਾ ਚਾਪੋਲਾ ਯੂਨੀਵਰਸਿਟੀ ਆਫ ਕੈਲਗਰੀ ਅਤੇ ਮੌਂਟ ਰੌਇਲ ਯੂਨੀਵਰਸਿਟੀ ਦੀ ਪ੍ਰੋਫੈਸਰ ਹੈ। ਉਸ ਨੇ ਬੰਗਲਾ ਭਾਸ਼ਾ ਵਿੱਚ ਨਜ਼ਰੁਲ ਸੰਗੀਤ ਦਾ ਗੀਤ - ਦਾਉ ਸੌਰਜੋ ਦਾਉ ਧੌਰਜੋ -ਏਨੀ ਸੁਰੀਲੀ ਆਵਾਜ਼ ਵਿੱਚ ਗਾਇਆ ਕਿ ਲੱਗਦਾ ਸੀ ਦੇਵੀ ਸਰਸਵਤੀ ਉਸ ਦੀ ਜ਼ਬਾਨ 'ਤੇ ਬੈਠੀ ਹੈ। ਉਸ ਨੇ ਹਰਮਿੰਦਰਪਾਲ ਨਾਲ਼ ਮਿਲ ਕੇ 'ਦਮਾ ਦਮ ਮਸਤ ਕਲੰਦਰ' ਗਾਇਆ ਤਾਂ ਦਰਸ਼ਕ ਝੂਮ ਉੱਠੇ। ਮਸ਼ਹੂਰ ਗਾਇਕ ਜ਼ਾਹੀਦ ਬਾਬਾ ਨੇ ਦਮਦਾਰ ਆਵਾਜ਼ ਵਿੱਚ ਗਾਇਆ - ਲਾਈ ਵੀ ਨਾ ਗਈ ਤੇ ਨਿਭਾਈ ਵੀ ਨਾ ਗਈ। ਡਾ: ਮਨਮੋਹਨ ਬਾਠ ਦੀ ਸੁਰੀਲੀ ਆਵਾਜ਼ ਸੁੰਦਰਤਾ ਨੂੰ ਬਿਖੇਰ ਗਈ। ਮਨਦੀਪ ਕੌਰ ਨੇ ਪੰਜਾਬੀ, ਰਾਜਸਥਾਨੀ, ਹਰਿਆਣਵੀ ਗੀਤਾਂ ਦੀਆਂ ਵੰਨਗੀਆਂ ਪੇਸ਼ ਕੀਤੀਆਂ। ਉੱਘੇ ਨਾਟ-ਕਰਮੀ ਵਿਜੇ ਸਚਦੇਵਾ ਨੇ ਡਾ: ਚਾਪੋਲਾ ਦੀ ਸਿਫ਼ਤ ਕੀਤੀ ਅਤੇ ਕਮਾਲ ਦੀ ਸੁਰ ਵਿੱਚ ਗੀਤ ਗਾਇਆ। ਵੀਨਾ ਦਾ ਗੀਤ ਦਰਸ਼ਕਾਂ ਦੇ ਦਿਲਾਂ ਨੂੰ ਛੋਹ ਗਏ। ਗਿੱਲ ਸੁਖਮੰਦਰ, ਮਧੂ ਮੱਕੜ, ਸੁਰਿੰਦਰ ਢਿੱਲੋਂ, ਮਨਜੀਤ ਮੱਟੂ, ਸਵੀਤਾ ਸਿੰਘ, ਰਵੀ ਜਨਾਗਲ,ਜੋਗਾ ਸਿੰਘ ਸਹੋਤਾ,ਜਨਾਬ ਮਲਿਕ ਆਰਿਫ਼,ਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਦੀਪ ਬਰਾੜ ਨੇ ਸੋਹਣ ਸਿੰਘ ਭੁੱਚੋ ਨਾਲ਼ ਮਿਲ ਕੇ ਹੀਰ ਦੀ ਕਲੀ ਤੇਰੇ ਟਿੱਲੇ ਉੱਤੋਂ ਸੂਰਤ ਦੀਂਹਦੀ ਐ ਹੀਰ ਦੀ ਪੇਸ਼ ਕਰ ਕੇ ਕੁਲਦੀਪ ਮਾਣਕ ਯਾਦ ਕਰਾ ਦਿੱਤਾ । ਜਸਵੰਤ ਸਿੰਘ ਕਪੂਰ ਨੇ ਫੋਟੋਗਰਾਫੀ ਕਰਨ ਦੀ ਸੇਵਾ ਨਿਭਾਈ। ਜਗਦੇਵ ਸਿੱਧੂ ਨੇ ਸਭਾ ਦੇ ਸੰਗਠਨ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਜਿਸ ਦਾ ਉਦੇਸ਼ ਹਰ ਵਰਗ, ਹਰ ਸੱਭਿਆਚਾਰ ਅਤੇ ਹਰ ਜ਼ਬਾਨ ਦੇ ਸੰਗੀਤ ਨਾਲ ਜੁੜੇ ਕਲਾਕਾਰਾਂ ਨੂੰ ਸਾਂਝਾ ਮੰਚ ਮੁਹੱਈਆ ਕਰਨਾ ਹੈ। ਗੀਤ-ਸੰਗੀਤ ਦੀ ਸਫਲ ਪੇਸ਼ਕਾਰੀ ਇਸ ਸੰਸਥਾ ਦੇ ਉਜਲੇ ਭਵਿੱਖ ਦੀ ਜਾਮਨ ਬਣ ਗਈ।








ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ

App Store

Play Store






# ਕੈਲਗਰੀ ਵਿਖੇ ਸਾਲ 2026 ਦਾ ਦੂਜਾ ਇੱਕ ਰੋਜ਼ਾ ਪੁਸਤਕ ਮੇਲਾ, ਬੱਚੇ ਗੁਰਮੋਹ ਲਈ ਫੰਡ ਇਕੱਠਾ ਕਰਨ ਦੀ ਮੁਹਿੰਮ ਨੂੰ ਹੁਲਾਰਾ ਮਿਲਿਆ

## ਡਾ: ਸਾਹਿਬ ਸਿੰਘ ਵੱਲੋਂ ਕੈਲਗਰੀ ਵਿੱਚ 20 ਸਤੰਬਰ ਨੂੰ 'ਲੱਛੂ ਕਬਾੜੀਆ' ਨਾਟਕ ਖੇਡਿਆ ਜਾਵੇਗਾ!












ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੀ 12 ਜੁਲਾਈ 2026 ਦਿਨ ਐਤਵਾਰ ਨੂੰ ਮਾਸਟਰ ਭਜਨ ਸਿੰਘ ਅਤੇ ਸਹਿਯੋਗੀਆਂ ਵੱਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਦੂਜਾ ਇੱਕ ਰੋਜ਼ਾ ਪੁਸਤਕ ਮੇਲਾ ਡਾ: ਭੁੱਲਰ ਵਾਲ਼ੇ ਗਰੀਨ ਪਲਾਜ਼ਾ ਵਿੱਚ ਲਗਾਇਆ ਗਿਆ। ਪੁਸਤਕ ਮੇਲੇ ਦਾ ਉਦਘਾਟਨ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ ਵੱਲੋਂ ਕੀਤਾ ਗਿਆ। ਉਨ੍ਹਾਂ ਵੱਲੋਂ ਪੰਜਾਬੀ ਭਾਈਚਾਰੇ ਨੂੰ ਕਿਤਾਬਾਂ ਨਾ਼ਲ ਜੁੜਨ ਦੀ ਅਪੀਲ ਕੀਤੀ ਤੇ ਕਿਹਾ ਕਿ ਕਿਤਾਬਾਂ ਸਾਡੀ ਰੂਹ ਦੀ ਖੁਰਾਕ ਹੁੰਦੀਆਂ ਹਨ। ਇਸ ਮੌਕੇ 'ਤੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈ਼ਲਗਰੀ ਅਤੇ ਪ੍ਰੌਗਰੈਸਿਵ ਕਲਾ ਮੰਚ ਵੱਲੋਂ 20 ਸਤੰਬਰ ਨੂੰ ਡਾ: ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਹੋ ਰਹੇ ਨਾਟਕਾਂ ਬਾਰੇ ਜਾਣਕਾਰੀ ਸਾਂਝੀ ਕੀਤੀ।ਉਨ੍ਹਾਂ ਦੱਸਿਆ ਕਿ ਇਸ ਮੌਕੇ ;ਤੇ 'ਲੱਛੂ ਕਬਾੜੀਆ' ਅਤੇ 'ਕੋਈ ਮੋੜ ਲਿਆਵੋ ਨੀ' ਨਾਟਕ ਖੇਡੇ ਜਾਣਗੇ। ਡਾ: ਸਾਹਿਬ ਸਿੰਘ ਇਨ੍ਹਾਂ ਨਾਟਕਾਂ ਦੀ ਤਿਆਰੀ ਲਈ ਅਗਲੇ ਮਹੀਨੇ ਕੈਲਗਰੀ ਵਿੱਚ ਵਰਕਸ਼ਾਪ ਲਗਾਉਣਗੇ।

ਮਾਸਟਰ ਭਜਨ ਸਿੰਘ ਵੱਲੋਂ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੱਚੇ ਗੁਰਮੋਹ ਗਿੱਲ ਦੇ ਇਲਾਜ ਲਈ ਡੋਨੇਸ਼ਨ ਇਕੱਠੀ ਕਰਨ ਲਈ ਜੈਨੇਸਿਸ ਸੈਂਟਰ ਵਿੱਚ ਬੌਟਲ ਡਰਾਈਵ ਰੱਖਿਆ ਗਿਆ।ਜਿਸ ਵਿੱਚ ਭਾਰੀ ਗਿਣਤੀ ਵਿੱਚ ਲੋਕਾਂ ਨੇ ਬੋਤਲਾਂ ਦਾਨ ਕਰਕੇ ਯੋਗਦਾਨ ਪਾਇਆ। ਇਸ ਮੌਕੇ 'ਤੇ ਪ੍ਰਾਈਮ ਏਸ਼ੀਆ ਟੀ ਵੀ ਹੋਸਟ ਪਰਮਵੀਰ ਬਾਠ ਵੱਲੋਂ ਪੁਸਤਕ ਮੇਲੇ ਦੇ ਪ੍ਰਬੰਧਕਾਂ ਨੂੰ ਇਸ ਉਦਮ ਲਈ ਵਧਾਈ ਦਿੱਤੀ ਅਤੇ ਬੱਚੇ ਗੁਰਮੋਹ ਗਿੱਲ ਦੇ ਇਲਾਜ ਲਈ ਇਕੱਠੀ ਕੀਤੀ ਜਾ ਰਹੀ ਰਾਸ਼ੀ ਬਾਰੇ ਦੱਸਿਆ ਕਿ 27 ਲੱਖ ਦਾ ਟੀਚਾ ਪੂਰਾ ਕਰਨ ਲਈ ਹੁਣ ਸਿਰਫ ਦੋ ਲੱਖ ਡਾਲਰ ਹੀ ਇਕੱਠੇ ਕਰਨੇ ਬਾਕੀ ਹਨ। ਜਿਸ ਲਈ ਸਭ ਨੂੰ ਸਹਿਯੋਗ ਦੀ ਅਪੀਲ ਕੀਤੀ। ਇਸ ਮੌਕੇ ਪੰਜਾਬੀ ਅਖ਼ਬਾਰ ਵੱਲੋਂ ਬੱਚੇ ਗੁਰਮੋਹ ਦੇ ਇਲਾਜ ਲਈ ਚੱਲੀ ਮੁਹਿੰਮ ਵਿੱਚ 500 ਡਾਲਰ ਦਾ ਯੋਗਦਾਨ ਪਾਇਆ ਗਿਆ।

ਇਸ ਇੱਕ ਰੋਜ਼ਾ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਬੜੇ ਉਤਸ਼ਾਹ ਨਾਲ ਕਿਤਾਬਾਂ ਖਰੀਦੀਆਂ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾ਼ਲ-ਨਾ਼ਲ ਹੋਰ ਭਾਸ਼ਾਵਾਂ ਵਿੱਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵੱਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵੱਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਤੁਸੀਂ ਮਾਸਟਰ ਭਜਨ ਸਿੰਘ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਅਤੇ ਨਾਟਕ ਸਮਾਗਮ ਦੀਆਂ ਟਿਕਟਾਂ ਵੀ ਲੈ ਸਕਦੇ ਹੋ।






# ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਵੱਲੋਂ ਕੈਨੇਡਾ ਡੇਅ ਸ਼ਰਧਾ, ਉਤਸ਼ਾਹ ਅਤੇ ਏਕਤਾ ਨਾਲ ਮਨਾਇਆ








ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਦੇ ਦਫ਼ਤਰ ਵਿਖੇ 01 ਜੁਲਾਈ 2026 ਨੂੰ ਸਵੇਰੇ 10 ਵਜੇ ਕੈਨੇਡਾ ਡੇਅ ਬੜੇ ਉਤਸ਼ਾਹ ਅਤੇ ਦੇਸ਼ਭਗਤੀ ਦੇ ਜਜ਼ਬੇ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਐਸੋਸੀਏਸ਼ਨ ਦੇ ਸਕੱਤਰ ਸ੍ਰੀ ਬਲਵਿੰਦਰ ਸਿੰਘ ਵਿਰਦੀ ਨੇ ਸਾਰਿਆਂ ਦਾ ਸਵਾਗਤ ਪ੍ਰੋਗਰਾਮ ਦੀ ਅਗਵਾਈ ਲਈ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਸੇਵਾ ਸਿੰਘ ਪ੍ਰੇਮੀ ਨੂੰ ਸੱਦਾ ਦਿੱਤਾ।"ਓ ਕੈਨੇਡਾ" ਅਤੇ "ਜਨ ਗਣ ਮਨ" ਦੇ ਰਾਸ਼ਟਰੀ ਗੀਤਾਂ ਦੇ ਗਾਇਨ ਨਾਲ ਸਮਾਗਮ ਦਾ ਰਸਮੀ ਆਗਾਜ਼ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਸੇਵਾ ਸਿੰਘ ਪ੍ਰੇਮੀ ਨੇ ਕਿਹਾ ਕਿ ਅੱਜ ਅਸੀਂ ਕੈਨੇਡਾ ਦੀ 159ਵੀਂ ਵਰ੍ਹੇਗੰਢ ਮਨਾ ਰਹੇ ਹਾਂ ਅਤੇ ਇਹ ਦਿਨ ਸਾਡੇ ਲਈ ਮਾਣ, ਸ਼ੁਕਰਗੁਜ਼ਾਰੀ ਅਤੇ ਰਾਸ਼ਟਰੀ ਏਕਤਾ ਦਾ ਪ੍ਰਤੀਕ ਹੈ।

ਉਨ੍ਹਾਂ ਉਨ੍ਹਾਂ ਦੂਰਅੰਦੇਸ਼ ਆਗੂਆਂ ਅਤੇ ਮਿਹਨਤੀ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਿਨ੍ਹਾਂ ਨੇ ਇਸ ਮਹਾਨ ਦੇਸ਼ ਦੀ ਨੀਂਹ ਰੱਖੀ ਅਤੇ ਇਸ ਨੂੰ ਮਜ਼ਬੂਤ ਬਣਾਇਆ। ਉਨ੍ਹਾਂ ਕੈਨੇਡਾ ਦੇ ਆਦਿਵਾਸੀ ਭਾਈਚਾਰਿਆਂ ਦੇ ਇਤਿਹਾਸਕ ਅਤੇ ਸੱਭਿਆਚਾਰਕ ਯੋਗਦਾਨ ਦੀ ਵੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਪਰੰਪਰਾਵਾਂ ਅਤੇ ਵਿਰਾਸਤ ਨੇ ਹਜ਼ਾਰਾਂ ਸਾਲਾਂ ਤੋਂ ਇਸ ਧਰਤੀ ਨੂੰ ਅਬਾਦ ਕੀਤਾ ਹੈ। ਇਸ ਮੌਕੇ ਕੈਨੇਡਾ ਡੇਅ ਦੇ ਸਨਮਾਨ ਵਿੱਚ ਕੇਕ ਵੀ ਕੱਟਿਆ ਗਿਆ। ਮਾਣਯੋਗ ਰਾਜਨ ਸਾਹਨੀਂ ਮੰਤਰੀ (ਇੰਡੀਜਿਨਸ ਰਿਲੇਸ਼ਨਜ਼), ਅਲਬਰਟਾ ਸਰਕਾਰ ਨੇ ਸਮੂਹ ਹਾਜ਼ਰੀਨ ਨੂੰ ਕੈਨੇਡਾ ਡੇਅ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਸਾਨੂੰ ਇਸ ਮਹਾਨ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਮਿਹਨਤ, ਇਮਾਨਦਾਰੀ ਅਤੇ ਆਪਸੀ ਸਹਿਯੋਗ ਨਾਲ ਕੰਮ ਕਰਨਾ ਚਾਹੀਦਾ ਹੈ। ਮਾਣਯੋਗ ਦਲਵਿੰਦਰ ਗਿੱਲ, ਸੰਸਦ ਮੈਂਬਰ ਅਤੇ ਮਾਣਯੋਗ ਅਮਨਪ੍ਰੀਤ ਸਿੰਘ ਗਿੱਲ, ਸੰਸਦ ਮੈਂਬਰ ਨੇ ਕੈਨੇਡਾ ਦੇ ਲੋਕਤੰਤਰੀ ਮੁੱਲਾਂ ਅਤੇ ਵਿਕਾਸ ਦੀ ਪ੍ਰਸ਼ੰਸਾ ਕਰਦਿਆਂ ਸਾਰਿਆਂ ਨੂੰ ਕੈਨੇਡਾ ਡੇਅ ਦੀਆਂ ਮੁਬਾਰਕਾਂ ਦਿੱਤੀਆਂ। ਕੌਂਸਲਰ ਰਾਜ ਧਾਲੀਵਾਲ ਨੇ ਕੈਨੇਡਾ ਦੀ 159ਵੀਂ ਵਰ੍ਹੇਗੰਢ ਦੀ ਵਧਾਈ ਦਿੰਦਿਆਂ ਸਮਾਜ ਸੇਵਾ ਅਤੇ ਕਮਿਊਨਿਟੀ ਨੂੰ ਵਾਪਸ ਕੁਝ ਦੇਣ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਦੀ ਅਪੀਲ ਕੀਤੀ। ਸੁਰਜੀਤ ਸਿੰਘ ਹੇਅਰ, ਗੁਰਦਿਆਲ ਸਿੰਘ ਖਹਿਰਾ, ਚੰਦ ਸਿੰਘ, ਸਦਿਓੜਾ, ਸੁਖਮੰਦਰ ਗਿੱਲ ਅਤੇ ਡਾ: ਜੋਗਾ ਸਿੰਘ ਸਹੋਤਾ ਨੇ ਦਿਲਾਵਰ ਸਮਰਾ, ਰਿਸ਼ੀ ਨਾਗਰ, ਧਰਮਿੰਦਰ ਪ੍ਰੇਮੀ, ਗੁਰਬਚਨ ਸਿੰਘ ਬਰਾੜ ਅਤੇ ਸੋਹਣ ਸਿੰਘ ਭੁੱਚੋ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅਸੀਂ ਖੁਸ਼ਕਿਸਮਤ ਹਾਂ ਕਿ ਅਜਿਹੇ ਦੇਸ਼ ਵਿੱਚ ਰਹਿ ਰਹੇ ਹਾਂ ਜਿੱਥੇ ਸਾਡੇ ਬੱਚਿਆਂ ਨੂੰ ਉੱਚ ਪੱਧਰੀ ਸਿੱਖਿਆ, ਬਰਾਬਰ ਦੇ ਮੌਕੇ ਅਤੇ ਸੁਰੱਖਿਅਤ ਭਵਿੱਖ ਪ੍ਰਾਪਤ ਹੈ। ਸਮਾਗਮ ਦੇਸ਼ਭਗਤੀ, ਭਾਈਚਾਰਕ ਸਾਂਝ ਅਤੇ ਰਾਸ਼ਟਰੀ ਏਕਤਾ ਦੇ ਸੁਨੇਹੇ ਨਾਲ ਨੇਪਰੇ ਚੜਿਆ।









# ਭਰਮ-ਭੁਲੇਖਿਆਂ ਦਾ ਸ਼ਿਕਾਰ ਪੰਜਾਬ ਦੀਆਂ ਸਿਆਸੀ ਪਾਰਟੀਆਂ



ਗੁਰਮੀਤ ਸਿੰਘ ਪਲਾਹੀ
9815802070

## ਮੁੱਖ ਵਿਰੋਧੀ ਧਿਰ ਕਾਂਗਰਸ ਨੇ ਪਿਛਲੇ ਸਾਢੇ ਚਾਰ ਸਾਲ ਜਨਤਾ ਦੇ ਮਸਲਿਆਂ ਨੂੰ ਸੜਕਾਂ ’ਤੇ ਲਿਆਉਣ ਲਈ ਕੋਈ ਵੀ ਵੱਡਾ ਜਾਂ ਸਾਰਥਕ ਅੰਦੋਲਨ ਨਹੀਂ ਕੀਤਾ। ਉਨ੍ਹਾਂ ਦੀ ਸਿਆਸਤ ਸਿਰਫ਼ ਵਿਧਾਨ ਸਭਾ ਅੰਦਰ ਸ਼ਬਦੀ ਜੰਗ ਲੜਨ ਅਤੇ ਫੇਸਬੁੱਕ ਜਾਂ ਇੰਸਟਾਗ੍ਰਾਮ ’ਤੇ ਲੜਾਈ ਦਾ ਦਿਖਾਵਾ ਕਰਨ ਤੱਕ ਸੀਮਤ ਰਹੀ ਹੈ।

ਪੰਜਾਬ ਭਰ ਵਿੱਚ ਘਰ-ਘਰ ਜਾ ਕੇ ਗਣਨਾ ਕਰਨ ਦੀ ਵਿਸ਼ੇਸ਼ ਤੀਬਰ ਸੋਧ (ਐਸ.ਆਈ.ਆਰ.) ਪ੍ਰਕਿਰਿਆ ਨਿਰੰਤਰ ਤੇਜ਼ੀ ਨਾਲ ਚੱਲ ਰਹੀ ਹੈ। ਚੋਣ ਕਮਿਸ਼ਨ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ 25 ਜੂਨ 2026 ਤੋਂ 18 ਦਿਨਾਂ ਦੇ ਅੰਦਰ ਸੂਬੇ ਨੇ ਇੱਕ ਕਰੋੜ ਤੋਂ ਵੱਧ ਗਣਨਾ ਫਾਰਮਾਂ ਨੂੰ ਸਫਲਤਾਪੂਰਵਕ ਡਿਜੀਟਲਾਈਜ਼ ਕਰ ਲਿਆ ਹੈ। ਇਸ ਦੇ ਨਾਲ ਹੀ, 25 ਜੂਨ ਤੋਂ 24 ਜੁਲਾਈ 2026 ਦੇ ਦਰਮਿਆਨ ਪੰਜਾਬ ਭਰ ਦੇ 2 ਕਰੋੜ 14 ਲੱਖ 61 ਹਜ਼ਾਰ 43 ਵੋਟਰਾਂ ਤੱਕ ਪਹੁੰਚ ਕੀਤੇ ਜਾਣ ਦਾ ਦਾਅਵਾ ਵੀ ਕੀਤਾ ਗਿਆ ਹੈ। ਇਸ ਕਾਰਜ ਲਈ 24,453 ਬੀ.ਐਲ.ਓ. ਲਗਾਏ ਗਏ ਹਨ। ਇਸ ਸਭ ਦੇ ਬਾਵਜੂਦ, ਆਮ ਲੋਕ ਇਸ ਐਸ.ਆਈ.ਆਰ. ਪ੍ਰਕਿਰਿਆ ਤੋਂ ਪਰੇਸ਼ਾਨ ਹਨ। ਇਹ ਕੰਮ 2003 ਦੀ ਵੋਟਰ ਸੂਚੀ ਨੂੰ ਅਧਾਰ ਮੰਨ ਕੇ ਮੁਕੰਮਲ ਕੀਤਾ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਦੇ ਲੋਕਾਂ ਵਿੱਚ ਇੱਕ ਅਜੀਬ ਬੇਚੈਨੀ ਹੈ। ਖਾਸ ਕਰਕੇ ਉਨ੍ਹਾਂ ਲੋਕਾਂ ਵਿੱਚ ਚਿੰਤਾ ਜ਼ਿਆਦਾ ਹੈ ਜਿਨ੍ਹਾਂ ਤੱਕ ਹਾਲੇ ਬੀ.ਐਲ.ਓ. ਨਹੀਂ ਪਹੁੰਚੇ ਅਤੇ ਜਿਨ੍ਹਾਂ ਦੇ ਨਾਮ 2003 ਦੀ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਹਨ।

ਲੋਕਾਂ ਦੀ ਇਹ ਪਰੇਸ਼ਾਨੀ ਸਿਰਫ਼ ਵੋਟ ਕੱਟੇ ਜਾਣ ਜਾਂ ਨਵੀਂ ਵੋਟਰ ਸੂਚੀ ਵਿੱਚ ਨਾਮ ਸ਼ਾਮਲ ਨਾ ਹੋਣ ਤੱਕ ਸੀਮਤ ਨਹੀਂ ਹੈ; ਬਲਕਿ ਵੱਡੀ ਚਿੰਤਾ ਇਹ ਹੈ ਕਿ ਇਸ ਕਾਰਨ ਬੁਢਾਪਾ ਪੈਂਸ਼ਨ, ਮੁਫ਼ਤ ਅਨਾਜ ਅਤੇ ਔਰਤ ਸਨਮਾਨ ਰਾਸ਼ੀ ਸਮੇਤ ਸਾਰੀਆਂ ਸਰਕਾਰੀ ਸਹੂਲਤਾਂ ਬੰਦ ਹੋ ਸਕਦੀਆਂ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਕਿਸੇ ਵੀ ਸਿਆਸੀ ਧਿਰ ਦੇ ਜ਼ਮੀਨੀ ਵਰਕਰ ਜਾਂ ਨੇਤਾ ਇਨ੍ਹਾਂ ਲੋਕਾਂ ਦੀ ਕਿਸੇ ਕਿਸਮ ਦੀ ਸਹਾਇਤਾ ਨਹੀਂ ਕਰ ਰਹੇ। ਲੋਕਾਂ ਕੋਲ ਆਧਾਰ ਕਾਰਡ, ਪੈਨ ਕਾਰਡ ਅਤੇ ਵੋਟਰ ਕਾਰਡ ਤਾਂ ਹਨ, ਪਰ 2003 ਦੀ ਵੋਟਰ ਸੂਚੀ ਵਿੱਚ ਨਾਮ ਨਾ ਹੋਣ ਕਾਰਨ ਉਹ ਆਪਣੇ ਪਿਓ-ਦਾਦਿਆਂ ਦੇ ਨਾਮ, ਜਨਮ ਮਿਤੀ ਅਤੇ ਹੋਰ ਰਿਕਾਰਡ ਲੱਭਣ ਲਈ ਦਫ਼ਤਰਾਂ ਤੇ ਸਕੂਲਾਂ ਦੇ ਚੱਕਰ ਕੱਟ ਰਹੇ ਹਨ, ਜੋ ਕਿ ਸਭ ਵਿਅਰਥ ਸਾਬਤ ਹੋ ਰਿਹਾ ਹੈ। ਇਹ ਪਰੇਸ਼ਾਨੀ ‘ਮਾਵਾਂ-ਧੀਆਂ ਸਤਿਕਾਰ ਯੋਜਨਾ’ ਤਹਿਤ ਉਨ੍ਹਾਂ ਔਰਤਾਂ ਨੂੰ ਆ ਰਹੀਆਂ ਮੁਸ਼ਕਿਲਾਂ ਨਾਲੋਂ ਵੀ ਵੱਧ ਹੈ, ਜਿਨ੍ਹਾਂ ਦੇ ਬੈਂਕ ਖਾਤੇ ਆਧਾਰ ਕਾਰਡ ਜਾਂ ਫੋਨ ਨੰਬਰਾਂ ਨਾਲ ਲਿੰਕ ਨਹੀਂ ਹਨ। ਬੈਂਕਾਂ ਵਿੱਚ ਨਵੇਂ ਖਾਤੇ ਖੁੱਲ੍ਹ ਨਹੀਂ ਰਹੇ, ਭਰੇ ਹੋਏ ਫਾਰਮ ਹੱਥਾਂ ਵਿੱਚ ਹਨ ਪਰ ਅਪਲੋਡ ਨਹੀਂ ਹੋ ਰਹੇ। ਸਿਆਸੀ ਪਾਰਟੀਆਂ ਔਰਤਾਂ ਦੀ ਇਸ ਮੁਸ਼ਕਿਲ ਵਿੱਚ ਮਦਦ ਕਰਨ ਦੀ ਬਜਾਏ ਉਨ੍ਹਾਂ ਨੂੰ ਆਪਣੇ ਰਹਿਮੋ-ਕਰਮ ’ਤੇ ਛੱਡ ਚੁੱਕੀਆਂ ਹਨ।

ਕੀ ਸਿਆਸੀ ਪਾਰਟੀਆਂ ਦਾ ਕੰਮ ਸਿਰਫ਼ ਵੋਟਾਂ ਹਥਿਆਉਣਾ ਅਤੇ ਵੱਡੇ-ਵੱਡੇ ਭਾਸ਼ਣ ਦੇਣਾ ਹੀ ਰਹਿ ਗਿਆ ਹੈ ? ਕੀ ਲੋਕ-ਹਿੱਤ ਅਤੇ ਲੋਕ-ਤਕਲੀਫਾਂ ਉਨ੍ਹਾਂ ਲਈ ਕੋਈ ਮਾਇਨੇ ਨਹੀਂ ਰੱਖਦੀਆਂ ?

ਇੱਕ ਵਾਰ ਫਿਰ ‘ਉਹੀ ਸਰਕਾਰ’, ‘ਡਬਲ ਇੰਜਣ ਸਰਕਾਰ’ ਅਤੇ ‘ਖੇਤਰੀ ਪਾਰਟੀ ਸਰਕਾਰ’ ਦੇ ਨਾਅਰੇ ਹਵਾ ਵਿੱਚ ਗੂੰਜਣ ਲੱਗੇ ਹਨ। ਪੰਜਾਬ ਉਤੇ ਸ਼ਾਸਨ ਕਰਨ ਲਈ ਹਿੰਦੂ-ਸਿੱਖ ਵਿੱਚ ਵੰਡਣ ਦੇ ਪੱਤੇ ਖਿਲਾਰੇ ਜਾ ਰਹੇ ਹਨ। ਮਨੁੱਖੀ ਅਧਿਕਾਰਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ ਦੀ ਹੁਣੇ ਜਿਹੇ ਜਾਰੀ ਹੋਈ ਫਿਲਮ ’ਤੇ ਬੰਦਸ਼ ਅਤੇ ਉਸ ਸਮੇਂ ਦੌਰਾਨ ਹੋਏ ਹਿੰਦੂਆਂ ਦੇ ਕਤਲਾਂ ਦੇ ਬਿਆਨਾਂ ਨਾਲ ਪੰਜਾਬ ਵਿੱਚ ਪਾੜ ਪਾਉਣ ਦੇ ਯਤਨ ਹੋ ਰਹੇ ਹਨ।

ਆਖਰ ਚੋਣਾਂ ਦੇ ਦਰਮਿਆਨ ਪੰਜਾਬ ਵਿੱਚ ਫਿਰਕੂ ਅੱਗ ਲਗਾਉਣ ਦੀ ਖੇਡ ਖੇਡਣ ਦੀ ਤਿਆਰੀ ਕਿਉਂ ਹੈ ? ਪੰਜਾਬ ਪਹਿਲਾਂ ਹੀ ਵੱਡੇ ਦਰਦ ਹੰਢਾ ਚੁੱਕਾ ਹੈ, ਜਿਸ ਦੀ ਕੀਮਤ ਪੰਜਾਬੀਆਂ ਨੂੰ ਤਾਰਨੀ ਪਈ ਹੈ।

ਮੌਜੂਦਾ ਸਰਕਾਰ ਇਸ ਭਰਮ-ਭੁਲੇਖੇ ਵਿੱਚ ਹੈ ਕਿ ਉਹ ਐਸ.ਆਈ.ਆਰ. ਤੋਂ ਬਚੀਆਂ-ਖੁਚੀਆਂ ਵੋਟਾਂ ਵਿੱਚੋਂ ਵੋਟਰਾਂ ਨੂੰ ਆਪਣੇ ਹੱਕ ਵਿੱਚ ਭੁਗਤਾ ਲਵੇਗੀ। ਸਰਕਾਰ ਵੱਲੋਂ ਪਿੰਡਾਂ-ਸ਼ਹਿਰਾਂ ਵਿੱਚ ਸੜਕਾਂ ਦੀ ਮੁਰੰਮਤ ਸ਼ੁਰੂ ਹੈ,




ਵਿਕਾਸ ਕਾਰਜਾਂ ਦੀ ਹਨੇਰੀ ਲਿਆਉਣ ਦੀ ਗੱਲ ਪ੍ਰਚਾਰੀ ਜਾ ਰਹੀ ਹੈ, ਔਰਤਾਂ ਨੂੰ ਸਨਮਾਨ ਰਾਸ਼ੀ ਦਿੱਤੀ ਜਾ ਰਹੀ ਹੈ ਅਤੇ ਨਵੀਆਂ ਮੁਫ਼ਤ ਸਕੀਮਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਪਰ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਪੰਜਾਬ ਦੇ ਅਸਲੀ ਮਸਲੇ ਜਿਉਂ ਦੇ ਤਿਉਂ ਖੜ੍ਹੇ ਹਨ। ਨਸ਼ਿਆਂ ਦਾ ਮੁੱਦਾ ਉਵੇਂ ਹੀ ਬਰਕਰਾਰ ਹੈ, ਸਰਕਾਰੀ ਨੌਕਰੀਆਂ ਦੇ ਦਾਅਵਿਆਂ ਦੇ ਬਾਵਜੂਦ ਬੇਰੁਜ਼ਗਾਰੀ ਵਧ ਰਹੀ ਹੈ ਅਤੇ ਨੌਜਵਾਨ ਹਾਲੇ ਵੀ ਵਿਦੇਸ਼ਾਂ ਵੱਲ ਪ੍ਰਵਾਸ ਕਰ ਰਹੇ ਹਨ। ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਕਾਬੂ ਵਿੱਚ ਨਹੀਂ ਹੈ। ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਕਹੇ ਜਾਣ ਵਾਲੇ ਕਿਸਾਨਾਂ ਵਿੱਚ ਮੌਜੂਦਾ ਸਰਕਾਰ ਖ਼ਿਲਾਫ਼ ਭਾਰੀ ਰੋਸ ਅਤੇ ਅਸੰਤੋਸ਼ ਪਾਇਆ ਜਾ ਰਿਹਾ ਹੈ। ਕਿਸਾਨਾਂ ਵਿੱਚ ਸਭ ਤੋਂ ਵੱਡਾ ਗੁੱਸਾ ਇਸ ਗੱਲੋਂ ਹੈ ਕਿ ਉਨ੍ਹਾਂ ਦੀਆਂ ਜ਼ਮੀਨਾਂ ਐਕਵਾਇਰ ਕਰਨ ਲਈ ਸਰਕਾਰ ਨੇ ਜੋ ਸਕੀਮ ਪਹਿਲਾਂ ਲਾਗੂ ਕੀਤੀ ਸੀ ਅਤੇ ਫਿਰ ਵਿਰੋਧ ਕਾਰਨ ਰੱਦ ਕਰ ਦਿੱਤੀ ਸੀ, ਉਸੇ ਸਕੀਮ ਨੂੰ ਹੁਣ ਮੁੜ ਕੁਝ ਸੋਧਾਂ ਸਹਿਤ ਚੋਰ-ਦਰਵਾਜ਼ਿਓਂ ਲਿਆਂਦਾ ਗਿਆ ਹੈ। ਕਿਸਾਨੀ ਅੱਜ ਸਿਰਫ਼ ਕਰਜ਼ੇ ਦੇ ਬੋਝ ਹੇਠ ਹੀ ਨਹੀਂ ਦੱਬੀ ਹੋਈ, ਬਲਕਿ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਪਿੰਡ ਅਤੇ ਖੇਤੀਬਾੜੀ ਦੋਵੇਂ ਉੱਜੜਨ ਦੇ ਕੰਢੇ ’ਤੇ ਹਨ। ਇਸੇ ਤਰ੍ਹਾਂ ਸੂਬੇ ਦੇ ਬੇਰੁਜ਼ਗਾਰ ਵੀ ਸੜਕਾਂ ’ਤੇ ਉਤਰੇ ਹੋਏ ਹਨ ਅਤੇ ਸਰਕਾਰੀ ਕਰਮਚਾਰੀ ਆਪਣਾ ਹੱਕ ਯਾਨੀ 18% ਮਹਿੰਗਾਈ ਭੱਤਾ (ਡੀਏ) ਲੈਣ ਲਈ ਲਗਾਤਾਰ ਸੰਘਰਸ਼ ਅਤੇ ਅਦਾਲਤੀ ਲੜਾਈਆਂ ਲੜਨ ਦੇ ਰਾਹ ਪੈ ਚੁੱਕੇ ਹਨ।

ਜਿੱਥੋਂ ਤੱਕ ਵੱਖ-ਵੱਖ ਸਿਆਸੀ ਪਾਰਟੀਆਂ ਦੀ ਅੰਦਰੂਨੀ ਸਥਿਤੀ ਦਾ ਸਵਾਲ ਹੈ, ਉਹ ਸਭ ਲੋਕਾਂ ਦੇ ਅਸਲ ਮੁੱਦਿਆਂ ’ਤੇ ਲੜਨ ਦੀ ਬਜਾਏ ਭਰਮ-ਭੁਲੇਖਿਆਂ ਦਾ ਸ਼ਿਕਾਰ ਹਨ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ਪਿਛਲੇ ਸਾਢੇ ਚਾਰ ਸਾਲ ਜਨਤਾ ਦੇ ਮਸਲਿਆਂ ਨੂੰ ਸੜਕਾਂ ’ਤੇ ਲਿਆਉਣ ਲਈ ਕੋਈ ਵੀ ਵੱਡਾ ਜਾਂ ਸਾਰਥਕ ਅੰਦੋਲਨ ਨਹੀਂ ਕੀਤਾ। ਉਨ੍ਹਾਂ ਦੀ ਸਿਆਸਤ ਸਿਰਫ਼ ਵਿਧਾਨ ਸਭਾ ਅੰਦਰ ਸ਼ਬਦੀ ਜੰਗ ਲੜਨ ਅਤੇ ਫੇਸਬੁੱਕ ਜਾਂ ਇੰਸਟਾਗ੍ਰਾਮ ’ਤੇ ਲੜਾਈ ਦਾ ਦਿਖਾਵਾ ਕਰਨ ਤੱਕ ਸੀਮਤ ਰਹੀ ਹੈ।

ਇਸ ਦੇ ਬਾਵਜੂਦ ਉਹ ਇਸ ਵਹਿਮ ਵਿੱਚ ਹਨ ਕਿ ਸੱਤਾਧਾਰੀ ਪਾਰਟੀ ਦੀਆਂ ਨਾਕਾਮੀਆਂ ਕਾਰਨ ਅਗਲੀ ਸਰਕਾਰ ਉਨ੍ਹਾਂ ਦੀ ਹੀ ਬਣੇਗੀ, ਜਦਕਿ ਕਾਂਗਰਸ ਖ਼ੁਦ ਅੰਦਰੂਨੀ ਕਾਟੋ-ਕਲੇਸ਼ ਵਿੱਚ ਫਸੀ ਹੋਈ ਹੈ ਅਤੇ ਇਸ ਦਾ ਹਰ ਨੇਤਾ ਆਪਣੇ ਆਪ ਨੂੰ ਅਗਲਾ ਮੁੱਖ ਮੰਤਰੀ ਸਮਝ ਕੇ ਧੜੇਬੰਦੀ ਨੂੰ ਹਵਾ ਦੇ ਰਿਹਾ ਹੈ।

ਦੂਜੇ ਪਾਸੇ, ਕੇਂਦਰ ਦੀ ਸੱਤਾ ’ਤੇ ਕਾਬਜ਼ ਭਾਜਪਾ ਪੱਛਮੀ ਬੰਗਾਲ ਦੀ ਤਰਜ਼ ’ਤੇ ਪੰਜਾਬ ਵਿੱਚ ਵੀ ਜੋੜ-ਤੋੜ ਕਰਕੇ ਸਰਕਾਰ ਬਣਾਉਣ ਦਾ ਸੁਪਨਾ ਦੇਖ ਰਹੀ ਹੈ। ਪਰ ਉਨ੍ਹਾਂ ਕੋਲ ਪੰਜਾਬੀਆਂ ਦੇ ਇਸ ਸਵਾਲ ਦਾ ਕੋਈ ਜਵਾਬ ਹੈ ਕਿ ਉਨ੍ਹਾਂ ਨੇ ਸੂਬੇ ਦੇ ਹਿੱਤਾਂ ਲਈ ਕੀ ਕੀਤਾ ? ਉਲਟਾ, ਪਾਣੀਆਂ ਦੇ ਮਾਮਲੇ ਵਿੱਚ ਪੰਜਾਬ ਨੂੰ ਬਾਹਰ ਰੱਖ ਕੇ ਹਰਿਆਣਾ ਤੇ ਰਾਜਸਥਾਨ ਨਾਲ ਸਮਝੌਤੇ ਕੀਤੇ ਗਏ ਅਤੇ ਤਿੰਨ ਖੇਤੀ ਕਾਨੂੰਨ ਬਣਾ ਕੇ ਕਿਸਾਨਾਂ ਦੀਆਂ ਜ਼ਮੀਨਾਂ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ ਗਈ।

ਸ਼੍ਰੋਮਣੀ ਅਕਾਲੀ ਦਲ, ਜੋ ਕਦੇ ਸੂਬੇ ਦੇ ਹੱਕਾਂ ਦੀ ਰਾਖੀ ਕਰਨ ਵਾਲੀ ਖੇਤਰੀ ਪਾਰਟੀ ਹੋਣ ਦਾ ਦਾਅਵਾ ਕਰਦਾ ਸੀ, ਖ਼ੁਦਮੁਖਤਿਆਰੀ ਦਾ ਅਲੰਬਰਦਾਰ ਸੀ, ਅੱਜ ਖ਼ੁਦ ਟੁੱਟ-ਭੱਜ ਅਤੇ ਖੱਖੜੀਆਂ-ਖੱਖੜੀਆਂ ਹੋਣ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਅਕਾਲੀ ਦਲ ਦੀ ਆਪਸੀ ਫੁੱਟ ਅਤੇ ਧਾਰਮਿਕ ਮਾਮਲਿਆਂ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਕਾਰਨ ਲੋਕਾਂ ਵਿੱਚ ਉਸ ਦਾ ਅਧਾਰ ਖ਼ਤਮ ਹੋ ਰਿਹਾ ਹੈ। ਉਹ ਵੀ ਭਰਮ-ਭੁਲੇਖੇ ’ਚ ਹੈ ਕਿ ਅਗਲਾ ਪੰਜਾਬ ਦਾ ਹੁਕਮਰਾਨ ਉਹ ਹੀ ਹੋਵੇਗਾ। ਦੂਜੇ ਪਾਸੇ, ‘ਵਾਰਿਸ ਪੰਜਾਬ ਦੇ’ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਰਗੀਆਂ ਧਿਰਾਂ ਸਿਰਫ਼ ਸਿੱਖ ਵੋਟਾਂ ਅਤੇ ਭਾਵੁਕ ਮੁੱਦਿਆਂ ਦੇ ਸਿਰ ’ਤੇ ਪੰਜਾਬ ਵਿੱਚ ਸੱਤਾ ਹਾਸਲ ਕਰਨ ਦੇ ਭਰਮ ਪਾਲੀ ਬੈਠੀਆਂ ਹਨ। ਦੁਆਬਾ ਖੇਤਰ ਵਿੱਚ ਸਰਗਰਮ ਬਸਪਾ ਲਈ ਤਾਕਤ ਵਿੱਚ ਆਉਣਾ ਇੱਕ ਨਾਮੁਮਕਿਨ ਸੁਪਨੇ ਵਰਗਾ ਹੈ, ਜਦਕਿ ਉਹ ਵੀ ਪੰਜਾਬ ਸ਼ਾਸ਼ਕ ਬਣਨਾ ਲੋਚਦਾ ਹੈ। ਖੱਬੀਆਂ ਧਿਰਾਂ ਵੀ ਸਿਆਸੀ ਮੈਦਾਨ ਵਿੱਚ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਹੀਆਂ ਹਨ ਪਰ ਕੋਈ ਵੱਡਾ ਲੋਕ-ਉਭਾਰ ਪੈਦਾ ਕਰਨ ਵਿੱਚ ਅਸਮਰੱਥ ਰਹੀਆਂ ਹਨ, ਜਿਸਦੀ ਤਵੱਕੋ ਆਮ ਲੋਕਾਂ ਨੂੰ ਸੀ।

ਇੱਥੇ ਹੀ ਬੱਸ ਨਹੀਂ ਸਿਆਸੀ ਨੇਤਾ ਪਾਰਟੀਆਂ ਬਦਲ ਰਹੇ ਹਨ ਅਤੇ ਇਸ ਤਾਕ ਵਿੱਚ ਹਨ ਕਿ ਉਹਨਾਂ ਨੂੰ ਕਿਸ ਸਿਆਸੀ ਪਾਰਟੀ ’ਚ ਜਾ ਕੇ ਫ਼ਾਇਦਾ ਮਿਲੇਗਾ ਅਤੇ ਉਹ ਅਗਲੇ ਸ਼ਾਸ਼ਕ ਬਣ ਸਕਣਗੇ। ਇਹ ਸਵਾਰਥੀ ਨੇਤਾ ਲੋਕ ਹਿੱਤ ਤਿਆਗਕੇ, ਆਪਣੇ ਹਿੱਤਾਂ ਦੀ ਪੂਰਤੀ ਲਈ ਯਤਨਸ਼ੀਲ ਹਨ। “ਆਇਆ ਰਾਮ-ਗਿਆ ਰਾਮ” ਦੀ ਸਿਆਸਤ ਨੇ ਪੰਜਾਬ ਦੇ ਨੇਤਾਵਾਂ ਦੀ ਨੈਤਿਕਤਾ ’ਤੇ ਵੱਡੇ ਸੁਆਲ ਉਠਾਏ ਹਨ। ਸਭ ਤੋਂ ਵੱਡਾ ਸੁਆਲ ਇਹ ਹੈ ਕਿ ਕੀ ਕੋਈ ਵੀ ਪਾਰਟੀ ਅਗਲੇ 5 ਸਾਲਾਂ ਦਾ ਮੈਨੀਫੈਸਟੋ ਅਤੇ ਉਸ ਨੂੰ ਲਾਗੂ ਕਰਨ ਦਾ ਰੋਡ-ਮੈਪ ਪੇਸ਼ ਕਰਨ ਲਈ ਤਿਆਰ ਹੈ ? ਕੀ ਉਨ੍ਹਾਂ ਕੋਲ ਉੱਜੜ ਰਹੇ ਪੰਜਾਬ ਨੂੰ ਬਚਾਉਣ ਦਾ ਕੋਈ ਪਲਾਨ ਹੈ ? ਜੇਕਰ ਪਿੰਡ ਮਰ ਗਿਆ, ਤਾਂ ਪੰਜਾਬ ਮਰ ਜਾਵੇਗਾ ਕਿਉਂਕਿ ਪੰਜਾਬ ਦੀ ਰੂਹ ਪਿੰਡ, ਕਿਸਾਨ ਅਤੇ ਖੇਤੀ ’ਤੇ ਹੀ ਨਿਰਭਰ ਹੈ। ਪੰਜਾਬੀਆਂ ਨੂੰ ਮੁਫ਼ਤ ਦੀਆਂ ਸਹੂਲਤਾਂ ਵੰਡ ਕੇ ਮੰਗਤੇ ਬਣਾਉਣ ਦੀ ਬਜਾਏ, ਖੇਤੀ ਅਧਾਰਿਤ ਕਾਰਖਾਨੇ ਲਗਾ ਕੇ ਜਾਂ ਸਵੈ-ਰੁਜ਼ਗਾਰ ਦੇ ਕੇ ਉਨ੍ਹਾਂ ਨੂੰ ਅਣਖੀ ਬਣਾਉਣ ਦੀ ਕੋਈ ਤਰਕੀਬ ਸਿਆਸੀ ਪਾਰਟੀਆਂ ਕੋਲ ਨਜ਼ਰ ਨਹੀਂ ਆਉਂਦੀ। ਪੰਜਾਬ ਦਾ ਇਤਿਹਾਸ ਜ਼ੁਲਮ ਵਿਰੁੱਧ ਲੜਨ ਅਤੇ ਸਵਾਲਾਂ ਦੇ ਜਵਾਬ ਮੰਗਣ ਦਾ ਇਤਿਹਾਸ ਹੈ। ਸਿਆਸੀ ਧਿਰਾਂ ਨੂੰ ਆਪਣੇ ਭਰਮ-ਭੁਲੇਖੇ ਛੱਡ ਕੇ ਪੰਜਾਬ ਦੇ ਅਸਲ ਹਿਤੈਸ਼ੀ ਹੋਣ ਦਾ ਸਬੂਤ ਦੇਣਾ ਪਵੇਗਾ, ਤਾਂ ਜੋ ਪੰਜਾਬ ਦੇ ਜ਼ਖ਼ਮ ਭਰ ਸਕਣ ਅਤੇ ਪੰਜਾਬੀ ਮੁੜ ਅਣਖ ਨਾਲ ਜਿਊਣ ਦੇ ਕਾਬਲ ਹੋ ਸਕਣ।

ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ



ਮੁੱਖ ਸੰਪਾਦਕ ਹਰਬੰਸ ਬੁੱਟਰ
403 640 2000
punjabiakhbaar@gmail.com

This disclaimer informs the readers of ‘the Punjabi Akhbaar’ that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not ‘the Punjabi Akhbaar’. The Editor reserves the right to edit or not the articles, reports and/or news published herein.

-Editor

ਨੋਟ: “ਪੰਜਾਬੀ ਅਖ਼ਬਾਰ” ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। “ਪੰਜਾਬੀ ਅਖ਼ਬਾਰ” ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। ‘ਪੰਜਾਬੀ ਅਖ਼ਬਾਰ’ ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਲੋਕਾਂ ਦੀਆਂ ਕਲਮਾਂ ’ਚੋਂ ਮੁਕਦੀ ਸਿਆਹੀ ਜਦੋਂ, ਗੀਤਾਂ ਸਾਡਿਆਂ ਦੀ ਸ਼ੁਰੂਆਤ ਹੁੰਦੀ ਹੈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ ਜੁਲਾਈ ਮਹੀਨੇ ਦੀ ਮੀਟਿੰਗ 4 ਜੁਲਾਈ, 2026 ਨੂੰ ਕੋਸੋ ਹਾਲ ਵਿੱਚ ਪ੍ਰਧਾਨ ਜਸਵੀਰ ਸਿੰਘ ਸਿਹੋਤਾ ਅਤੇ ਮਨਮੋਹਨ ਸਿੰਘ ਬਾਠ ਜੀ ਦੀ ਪ੍ਰਧਾਨਗੀ ਹੇਠ ਹੋਈ। ਸਕੱਤਰ ਗੁਰਚਰਨ ਥਿੰਦ ਨੇ ਕੈਲਗਰੀ ਵਿੱਚ ਅੰਤਰ-ਰਾਸ਼ਟਰੀ ਪੱਧਰ ਦੇ ਦਸ ਦਿਨ ਤੱਕ ਮਨਾਏ ਜਾ ਰਹੇ ਸਟੈਂਪੀਡ ਮੇਲੇ ਅਤੇ ਗਿਆਰਾਂ ਜੁਲਾਈ ਨੂੰ ਯੂ.ਐਨ.ਓ. ਵਲੋਂ ‘ਵਰਲਡ ਪਾਪੂਲੇਸ਼ਨ ਡੇ’ ਵੱਜੋਂ ਮਨਾਏ ਜਾਣ ਵਾਲੇ ਦਿਹਾੜੇ ਦੀ ਲੋੜ ਅਤੇ ਮਹੱਤਵ ਬਾਰੇ ਚਾਨਣਾ ਪਾਇਆ। ਸੁਖਮੰਦਰ ਗਿੱਲ ਅਤੇ ਸੋਹਣ ਸਿੰਘ ਭੁੱਚੋ ਨੇ ਕਨੇਡਾ ਡੇ ਦੀਆਂ ਖੁਸ਼ੀਆਂ ਮਨਾਉਣ ਦੇ ਸੰਦਰਭ ਵਿੱਚ ਆਪਣੇ ਰਚਿਤ ਗੀਤ ਗਾ ਕੇ ਰੰਗ ਬੰਨ੍ਹ ਦਿੱਤਾ। ਸਭਾ ਦੇ ਉਪ-ਪ੍ਰਧਾਨ ਸੁਰਿੰਦਰ ਸਿੰਘ ਢਿਲੋਂ ਨੇ ਕਨੇਡਾ ਦੀ ਧਰਤੀ ਨੂੰ ਆਪਣੀ ਰਹਾਇਸ਼ ਭੂਮੀ ਆਖ ਸਤਕਾਰਿਆ। ‘ਵਰਲਡ ਪਾਪੂਲੇਸ਼ਨ ਡੇ’ ਮਨਾਉਣ ਦਾ ਮਕਸਦ ਦੁਨੀਆਂ ਦੇ ਹਰ ਕੋਨੇ ਵਿੱਚ ਵਸਦੇ ਲੋਕਾਂ ਨੂੰ ਸਿਹਤ ਸਹੂਲਤਾਂ, ਮਨੁੱਖੀ ਹੱਕ ਅਤੇ ਟਿਕਾਊ ਵਿਕਾਸ ਪ੍ਰਦਾਨ ਕਰਨਾ ਯਕੀਨੀ ਬਣਾਉਣਾ ਹੈ। ਪ੍ਰਧਾਨ ਸਿਹੋਤਾ ਨੇ ਵੀ ਕਨੇਡਾ ਡੇ ਬਾਰੇ ਗੱਲ ਕੀਤੀ ਅਤੇ ਆਪਣੀ ਰਚਨਾ, ‘ਕਨੇਡਾ ਡੇ...ਕਨੇਡਾ ਡੇ...ਹੇ..ਹੇ..., ਚਾਰੇ ਕੋਨੇ ਇਸ ਦੇ ਉਤਮ, ਉੱਤਰ ਦੱਖਣ ਪੂਰਬ ਪੱਛਮ’ ਸਾਂਝੀ ਕੀਤੀ। ਇੰਜ: ਜੀਰ ਸਿੰਘ ਬਰਾੜ ਨੇ ਕਨੇਡਾ ਡੇ ਦੀ ਵਧਾਈ ਸਾਂਝੀ ਕੀਤੀ ਅਤੇ ਅਲਬਰਟਾ ਵਿੱਚ ਅਕਤੂਬਰ ਮਹੀਨੇ ਵਿੱਚ ਹੋਣ ਵਾਲੇ ਰਿਫ੍ਰੈਂਡਮ ਬਾਰੇ ਵੀ ਸਾਂਝ ਪਾਈ। ਗੁਰਦੀਪ ਸਿੰਘ ਆਲੀਵਾਲ ਨੇ ‘ਸਟੈਂਪੀਡ ਨੂੰ ਸਲਾਮ’ ਕਵਿਤਾ, ਸਾਂਝੀ ਕਰਦਿਆਂ ਕਿਹਾ ਕਿ ਸਾਹਿਤ ਉਹ ਦਰਪਣ ਹੈ ਜੋ ਸਮਾਜ ਨੂੰ ਉਸ ਦਾ ਚਿਹਰਾ ਵਿਖਾਉਂਦਾ ਹੈ ਅਤੇ ਸਾਹਿਤਕ ਸਭਾਵਾਂ ਦਾ ਇਸ ਵਿੱਚ ਬਹੁਤ ਸਾਰਥਕ ਯੋਗਦਾਨ ਹੈ। ਜਗਦੇਵ ਸਿੰਘ ਸਿੱਧੂ ਦਾ ਵਿਚਾਰ ਸੀ ਕਿ ਕਨੇਡਾ ਡੇ ਕੇਵਲ ਗੀਤਾਂ ਕਵਿਤਾਵਾਂ ਨਾਲ ਹੀ ਨਾ ਮਨਾਈਏ, ਬਲਕਿ ਸਾਨੂੰ ਇੱਥੇ ਵਸਣ ਵਾਲੇ ਹੋਰ ਕਨੇਡਾ ਵਾਸੀਆਂ ਨਾਲ ਸਹਿਚਾਰ ਵੀ ਵਧਾਉਣਾ ਚਾਹੀਦਾ ਹੈ।




ਚਰਨਦੀਪ ਕੌਰ ਨੇ ਰੱਬ ਨੂੰ ਆਪਣੇ ਹੀ ਢੰਗ ਨਾਲ ਪ੍ਰਸ਼ਨ ਕਰਦੀ ਆਪਣੀ ਰਚਨਾ ‘ਰੱਬ ਦਾ ਰੱਬ’,ਸੁਣਾਈ। ਗੁਰਚਰਨ ਹੇਅਰ ਨੇ ‘ਲੋਕਾਂ ਦੀਆਂ ਕਲਮਾਂ ’ਚੋਂ ਮੁਕਦੀ ਸਿਆਹੀ ਜਦੋਂ, ਗੀਤਾਂ ਸਾਡਿਆਂ ਦੀ ਸ਼ੁਰੂਆਤ ਹੁੰਦੀ ਹੈ’ ਕਵਿਤਾਵਾਂ ਨਾਲ ਹਾਜ਼ਰੀ ਲੁਆਈ। ਹਰਮਿੰਦਰ ਗਿੱਲ,ਮਨਮੋਹਨ ਸਿੰਘ ਬਾਠ, ਮਨਮੋਹਨ ਸਿੰਘ ਪਪਰਾਲਾ,ਦਰਸ਼ਨ ਸਿੰਘ ਬਰਾੜ, ਲਖਵਿੰਦਰ ਸਿੰਘ ਪਟਿਆਲਾ,ਅਮਰੀਕ ਸਿੰਘ,ਡਾ: ਸੁਖਵਿੰਦਰ ਸਿੰਘ ਥਿੰਦ, ਗੁਰਮੀਤ ਸਿੰਘ ਤੰਬੜ ਤੋਂ ਇਲਵਾਵਾ ਮੰਚ ਉਪਰੋ ਤਿਰਲੋਕ ਸਿੰਘ ‘ਚੁੱਘ’ ਨੇ ਬੱਸਾਂ ਵਿੱਚ ਵੰਨ ਸੁਵੰਨੀਆਂ ਚੀਜ਼ਾਂ ਵੇਚਣ ਵਾਲਿਆਂ ਦੀ ਕਲਾ ਨੂੰ ਹਾਸਰਸ ਕਵਿਤਾ ਦੇ ਰੂਪ ਵਿੱਚ ਪੇਸ਼ ਕਰਕੇ ਹਾਸਾ ਪਾਇਆ। ਅੰਤ ਵਿੱਚ ਗੁਰਚਰਨ ਥਿੰਦ ਨੇ ਆਪਣੀ ਰਚਨਾ ‘ਗੱਲ ਸੁਣ ਨੀ ਬਚਨ ਕੁਰੇ, ਚਲ ਉੱਠ ਖੇਤਾਂ ਨੂੰ ਚਲੀਏ’ ਕਿਸਾਨ ਅੰਦੋਲਨ ਵੇਲੇ ਘਰਾਂ ਦੀਆਂ ਸੁਆਣੀਆਂ ਵਲੋਂ ਪਿੱਛੇ ਰਹਿ ਫਸਲਾਂ ਦਾ ਸੰਭਾਲਾ ਕਰ ਪਾਏ ਗਏ ਯੋਗਦਾਨ ਨੂੰ ਦਰਸਾਉਂਦੀ ਆਪਣੀ ਰਚਨਾ ਸੁਣਾਈ ਅਤੇ ਸਭ ਦਾ ਧੰਨਵਾਦ ਕਰ ਮੀਟਿੰਗ ਦੀ ਸਮਾਪਤੀ ਕਰ ਦਿੱਤੀ।

# ਮਲਟੀਕਲਚਰਲ ਸੀਨੀਅਰਜ਼ ਸੋਸਾਇਟੀ ਆਫ਼ ਅਲਬਰਟਾ ਨੇ ਕੈਨੇਡਾ ਡੇ ਮਨਾਇਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੀ 3 ਜੁਲਾਈ ਵਾਲੇ ਦਿਨ ਮਲਟੀਕਲਚਰਲ ਸੀਨੀਅਰ ਸੁਸਾਇਟੀ ਵੱਲੋ ਕੈਨੇਡਾ ਡੇ ਮਨਇਆ ਗਿਆ। ਇੰਜ ਜੀਰ ਸਿੰਘ ਬਰਾੜ ਜੁਆਇੰਟ ਸਕੱਤਰ ਵੱਲੋਂ ਸਟੇਜ ਸੰਭਾਲਦੇ ਹੋਏ ਆਏ ਹੋਏ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਕਿ ਆਪ ਕੀਮਤੀ ਸਮੇਂ ਵਿੱਚੋ ਸਮਾਂ ਕੱਢਕੇ ਕੈਨੇਡਾ ਡੇ ਦੀਆ ਰੌਣਕਾਂ ਵਿੱਚ ਵਾਧਾ ਕੀਤਾ ਹੈ। ਕੈਨੇਡਾ ਡੇ ਦੀਆ ਵਧਾਈਆਂ ਸਾਂਝੀਆਂ ਕੀਤੀਆ ਗਈਆਂ। ਸ ਬਿੱਕਰ ਸਿੰਘ ਸੰਧੂ ਜੀ ਵੱਲੋਂ ਕੈਨੇਡਾ ਡੇ ਦੀਆਂ ਵਧਾਈਆਂ ਦੀ ਸਾਂਝ ਪਾਉਂਦੇ ਹੋਏ ਆਪਣੇ ਹੀ ਅੰਦਾਜ ਵਿੱਚ ਕੈਨੇਡਾ ਦੀ ਵਿਲੱਖਣਤਾ ਬਾਰੇ ਚਾਨਣਾਂ ਪਾਇਆ ਅਤੇ ਦੱਸਿਆ ਕਿ ਕੈਨੇਡਾ ਕਿਵੇਂ ਹੋਂਦ ਵਿੱਚ ਆਇਆ ਅਤੇ ਕਿਹੜੇ ਕਿਹੜੇ ਸੂਬੇ ਕਦੋਂ ਕਦੋਂ ਕੈਨੇਡਾ ਵਿੱਚ ਸ਼ਾਮਲ ਹੋਏ। ਗੁਰਬਚਨ ਸਿੰਘ ਬਰਾੜ ਨੇ ਦੱਸਿਆ ਕਿ ਕਿਵੇਂ ਅਲਬਰਟਾ ਸੂਬਾ ਕੈਨੇਡਾ ਨਾਲੋਂ ਵੱਖ ਹੋਣ ਲਈ ਕੁੱਝ ਲੋਕ ਪੱਬਾਂ ਭਾਰ ਹੋਏ ਫਿਰਦੇ ਹਨ ਜੋ ਕਿ ਬਹੁਤ ਮੰਦਭਾਗਾ ਹੈ । 19 ਅਕਤੂਬਰ ਨੂੰ ਇਸ ਵਖਰੇਵੇਂ ਨੂੰ ਲੈ ਕੇ ਵੋਟਿੰਗ ਹੋਣ ਜਾ ਰਹੀ ਹੈ । ਉਸ ਦੇ ਨੁਕਤਿਆਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ। ਹਰੇਕ ਪੀ ਆਰ ਵਾਲੇ ਵੀਰਾਂ ਨੂੰ ਸਿਟੀਜ਼ਨਸ਼ਿੱਪ ਲੈਣ ਬਾਰੇ ਪ੍ਰੇਰਿਆ। ਇੰਜ ਜੀਰ ਸਿੰਘ ਬਰਾੜ ਵੱਲੋਂ ਇਹਨਾਂ ਨੁਕਤਿਆਂ ਦਾ ਨਿਚੋੜ ਬਾਰੇ ਦੱਸਿਆ ਕਿ ਵੋਟ ਪਾਉਣ ਵੇਲੇ 10 ਪੁਆਇੰਟ ਵਾਲਾ ਪੇਪਰ ਦਿਤਾ ਜਾਵੇਗਾ ਜਿਸਦੇ ਇਕ ਨੰ ਦੇ ਸਾਹਮਣੇ ਹਾਂ ਨੂੰ ਟਿੱਕ ਕਰਨਾ ਹੈ ਬਾਕੀ ਦੇ ਸਾਰੇ ਨੰਬਰਾਂ ਦੇ ਸਾਹਮਣੇ ਨਹੀਂ ਟਿੱਕ ਕਰਨਾ ਹੈ । ਸਿਟੀਜ਼ਨਸ਼ਿੱਪ ਵਾਲੇ ਹਰੇਕ ਵੀਰਾਂ ਨੂੰ ਵੋਟ ਪਾਉਣ ਲਈ ਤਾਕੀਦ ਕੀਤੀ । ਸੁਸਾਇਟੀ ਦੇ ਪ੍ਰਧਾਨ ਸ ਜੋਗਿੰਦਰ ਸਿੰਘ ਜੌੜਾ ਜੀ ਵੱਲੋਂ ਆਏ ਹੋਏ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।









# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਾਮਗੜ੍ਹੀਆ ਪਰਿਵਾਰ ਦੇ ਲੜਕੇ ਜਨਮ 1991,ਕੱਦ 6 ਫੁੱਟ,ਆਟੋਮੋਬਾਈਲ ਡਿਪਲੋਮਾ ਹੋਲਡਰ ਹੁਣ ਕਾਰ ਮਕੈਨਿਕ ਦੀ ਜੌਬ ਕਰਦੇ ਲਈ ਕੈਨੇਡੀਅਨ ਪੀ ਆਰ,ਸਿਟੀਜ਼ਨ ,ਓਪਨ ਵਰਕਪਰਮਿਟ ਜਾਂ ਸਟੱਡੀ ਵੀਜ਼ਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ:1587 581 1371 ***301***3

### ਲੜਕੀ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਏ ਮੋਗਾ ਏਰੀਆ ਨਾਲ ਸਬੰਧਿਤ, ਜੱਟ ਸਿੱਖ ਸੰਧੂ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਜਨਮ 1995,ਕੱਦ 5 ਫੁੱਟ 10 ਇੰਚ,ਪੜਾਈ: +2, ਪਿੰਡ ਵਿੱਚ 4 ਕਿੱਲੇ ਜਮੀਨ ਅਤੇ ਵੱਡ ਅਕਾਰੀ ਕੋਠੀ ਦੇ ਮਾਲਕ ਲਈ ਕਨੇਡੀਅਨ ਸਿਟੀਜਨ, ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦੇ ਭੈਣ ਭਰਾ ਕੈਨੇਡਾ ਸੈਟਲ ਹਨ। ਮਾਤਾ ਪਿਤਾ ਕੋਲ ਕੈਨੇਡਾ ਦਾ ਵੀਜ਼ਾ ਹੈ । ਮੈਰਿਜ ਬਿਊਰੋ ਸੰਪਰਕ ਨਾ ਕਰਨ। ਕਾਲ: 403 690 7532 ***301***3

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਰਵੀਦਾਸੀਆ ਪਰਿਵਾਰ ਦੀ ਇੰਡੀਆ ਜੰਮੀ,ਕਨੇਡਾ ਵਿੱਚ ਪੜ੍ਹ-ਲਿਖ ਕੇ ਵੱਡੀ ਹੋਈ ਲੜਕੀ ਜਨਮ 1996, ਕੱਦ 5 ਫੁੱਟ 6 ਇੰਚ, ਬੀਐਸ ਸੀ ਨਰਸਿੰਗ ਐਂਡ ਬੀ ਐਸ ਸੀ ਸਾਇੰਸ, ਅਲਬਰਟਾ ਹੈਲਥ ਕੇਅਰ ਨਾਲ ਆਰ ਐਨ ਦੀ ਜੌਬ ਕਰਦੀ ਲਈ, ਕਨੇਡੀਅਨ ਸਿਟੀਜਨ ਪਰਿਵਾਰ ਦੇ ਵੈਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 897 6958 ਜਾਂ ਈ ਮੇਲ: harpal_bgr@yahoo.ca ***300***3

### ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਕੈਲਗਰੀ ਚਾਈਲਡ ਕੇਅਰ ਵਰਕ ਪਰਮਿਟ ਉੱਪਰ ਰਹਿੰਦੀ ਲੜਕੀ ਜਨਮ 1988, ਕੱਦ 5 ਫੁੱਟ 6 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈਸ਼ਨੂੰ ਸਰਦਾਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਏਰੀਆ ਨੂੰ ਪਹਿਲ, ਲੜਕੀ ਦਾ ਸਾਰਾ ਪਰਿਵਾਰ ਕੈਨੇਡਾ ਸੈੱਟਲਡ ਹੈ। ਤਲਾਕ ਸੁਦਾ ਜਾਂ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ: 403 617 2302 ***300***3

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਅਰੋੜਾ(ਚੁੱਘ) ਪਰਿਵਾਰ ਦੇ ਕੈਲਗਰੀ ਰਹਿੰਦੇ,ਆਪਣਾ ਕਾਰੋਬਾਰ ਕਰਦੇ ਲੜਕੇ, ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਐਮ ਬੀ ਏ ਡਿਗਰੀ ਹੋਲਡਰ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 91 98149 50867 (ਵਟਸਐਪ) ***300***3

### ਲੜਕੀ ਦੀ ਲੋੜ

ਯੂ ਐਸ ਏ ਗਰੀਨ ਕਾਰਡ,ਵੈੱਲ ਸੈਟਲਡ, ਹੋਲਡਰ, ਲੁਬਾਣਾ (ਘੋਤੜਾ) ਪਰਿਵਾਰ ਦੇ ਲੜਕੇ ਜਨਮ 1996,ਕੱਦ 5 ਫੁੱਟ 8 ਇੰਚ, ਗਰੇਡ 12 ਪਾਸ ਲੜਕੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਕੈਲਗਰੀ ਵਿੱਚ ਆਪਣਾ ਬਿਜਨਿਸ ਅਤੇ ਘਰ ਹੈ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਵੈਲ ਸੈਟਲਡ ਹੈ। ਸੰਪਰਕ: 403 585 8878 ਜਾਂ ਈ ਮੇਲ: sukhjit90580@gmail.com ***300***3

### ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਸੰਘਾ ਪਰਿਵਾਰ ਦੀ ਲੜਕੀ, ਉਮਰ 29 ਸਾਲ, ਕੱਦ 5 ਫੁੱਟ 5 ਇੰਚ, ਕਰਿਮੀਨਲ ਜਸਟਿਸ ਦੀ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਲੋੜ ਹੈ । ਸੰਪਰਕ: 1587 707 3029 ***300***3

### ਲੜਕੇ ਦੀ ਲੋੜ

ਕੈਨੇਡੀਅਨ ਜੰਮਪਲ ਦੋਵੇਂ ਸੱਭਿਆਚਾਰਾਂ ਤੋਂ ਜਾਣੂੰ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਫਾਰਮੇਸੀ ਅਸਿਸਟੈਂਟ ਲੜਕੀ,ਉਮਰ 26 ਸਾਲ,ਕੱਦ 5 ਫੁੱਟ 5 ਇੰਚ ਲਈ ਕੈਨੇਡੀਅਨ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ ਆਏ ਗੁਰਸਿੱਖ ਪਰਿਵਾਰ ਦੇ ਵੈਸ਼ਨੂੰ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਰਿਵਾਰ ਪਿਛਲੇ 30 ਸਾਲ ਤੋਂ ਕੈਨੇਡਾ ਸੈਟਲ ਹੈ । ਮੈਰਿਜ ਬਿਊਰੋ ਜਾਂ ਇੰਡੀਆ ਰਹਿੰਦੇ ਲੜਕੇ ਵਾਲੇ ਸੰਪਰਕ ਨਾ ਕਰਨ । ਸੰਪਰਕ:1 403 472 0468 **299*3**

### ਲੜਕੇ ਦੀ ਲੋੜ

Jatt Sikh parents seeking a suitable match for their daughter, a Canadian citizen, born 1988, 5 '33 , registered physiotherapist, based in Calgary. A boy should be well educated in good moral values, either doing a decent job or running a business. Calgary or Edmonton preferred. Contact number + 91 96466 - 18381, + 91 98724 98252 ***299***3***

### ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ,ਨਸ਼ਿਆਂ ਤੋਂ ਰਹਿਤ, ਆਪਣਾ ਕਾਰੋਬਾਰ ਕਰਦੇ, ਸੰਘਾ ਪਰਿਵਾਰ ਚੋਂ ਘਰਵਾਲੀ ਤੋਂ ਅਲੱਗ ਰਹਿੰਦੇ,ਉਮਰ 58 ਸਾਲ, ਕੱਦ 5 ਫੁੱਟ 8 ਇੰਚ, ਲਈ ਜੀਵਨ ਸਾਥਣ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਤਲਾਕ ਸੁਦਾ ਜਾਂ ਵਿਧਵਾ ਹੋਈ ਜੀਵਨ ਸਾਥਣ ਦੀ ਉਮਰ 50 ਸਾਲ ਤੋਂ ਘੱਟ ਨਾ ਹੋਵੇ। ਕੈਨੇਡਾ ਜਾਂ ਇੰਡੀਆ ਤੋਂ ਬੱਚੇ ਸਮੇਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 718 7234 ***299***3***

### ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਬਦੇਸਾ ਪਰਿਵਾਰ ਦੇ ਘਰਵਾਲੀ ਤੋਂ ਅਲੱਗ ਰਹਿ ਰਹੇ,ਉਮਰ 49 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਬੀ ਸੀ ਵਿੱਚ ਆਪਣਾ ਘਰ ਬਣਾਉਣ ਦਾ ਕਾਰੋਬਾਰ ਕਰਦੇ ਲਈ ਜੀਵਨ ਸਾਥਣ ਦੀ ਲੋੜ ਹੈ। ਸੰਪਰਕ: SSSWHITESOUTH80 @GMAIL.COM ***298***3

### ਲੜਕੇ ਦੀ ਲੋੜ

ਕੈਨੇਡੀਅਨ ਸਿਟੀਜਨ, ਰਾਮਗੜੀਆ ਗੁਰਸਿੱਖ ਲੜਕੀ ਜਨਮ 1996, ਕੱਦ 5 ਫੁੱਟ 4 ਇੰਚ, ਕੈਲਗਰੀ ਰਹਿੰਦੀ ਲਈ ਚੰਗੇ ਪੜੇ ਲਿਖੇ ਕੈਲਗਰੀ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: +91 98142 12395 ***298***3

### ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੀ ਲੜਕੀ ,ਜਨਮ 1991,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਬੀ ਏ,ਬੀਐਂਡ, ਕੈਨੇਡਾ ਵਿੱਚ ਵਰਕ ਪਰਮਿਟ ਉੱਪਰ ਕੰਮ ਕਰਦੀ,ਲਈ ਬਰਾਬਰ ਦੀ ਯੋਗਤਾ ਵਾਲੇ ਹਾਣ ਪ੍ਰਵਾਣ ਦੇ ਨਸ਼ਾ ਰਹਿਤ,ਵੈਸ਼ਨੂੰ,ਕਨੇਡੀਅਨ ਪੀ ਆਰ,ਸਿਟੀਜਨ, ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸਤੇ ਦੀ ਲੋੜ ਹੈ। ਸੰਪਰਕ: 1 306 501 6474 ਜਾਂ ਵਟਸਐਪ +91 90566 36305 ***298***3

### ਲੜਕੇ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੀ ਡਡਵਾਲ ਪਰਿਵਾਰ ਦੀ ਅੰਮ੍ਰਿਤਧਾਰੀ,ਤਲਾਕਸੁਦਾ (ਕੋਈ ਬੱਚਾ ਨਹੀਂ) ਲੜਕੀ ਜਨਮ 1997, ਸਕਿਨਟੋਨ: ਫੇਅਰ (ਵਾਈਟ), ਕੱਦ 5 ਫੁੱਟ 3 ਇੰਚ, ਬੀਐਸ ਸੀ ਨਰਸਿੰਗ (ਇੰਡੀਆ) ਮੈਡੀਕਲ ਆਫਿਸ ਅਸਿਸਟੈਂਟ ਕੋਰਸ (ਕੈਲਗਰੀ) ਹੈਲਥ ਐਂਡ ਹਿਊਮਨ ਸਰਵਿਸਜ ਮੈਨੇਜਮੈਂਟ ਪੋਸਟ ਡਿਪਲੋਮਾਂ ਸਰਟੀਫਿਕੇਸ਼ਨ (ਕੈਲਗਰੀ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ। ਸੰਪਰਕ: 587 226 4592 ***298***3

### ਲੜਕੀ ਦੀ ਲੋੜ

ਜੱਟ ਸਿੱਖ ਬੈਂਸ ਪਰਿਵਾਰ ਦੇ ਇੰਡੀਆ ਰਹਿੰਦੇ ਤਲਾਕਸੁਦਾ ਮੰਗਲੀਕ ਲੜਕੇ ਜਨਮ 1990,ਕੱਦ 5 ਫੁੱਟ 8 ਇੰਚ, ਇਲੈਕਟਰੋਨਿਕ ਕਮਿਊਨਿਕੇਸ਼ਨ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਕਾਲ ਵਟਸਐਪ: 1 639 382 3055 ***298***3

### ਲੜਕੀ ਦੀ ਲੋੜ

35-year-Old/ 5'10", never married, clean-shaven, Ramgarhia Sikh, Canadian citizen, well-settled businessman in Winnipeg, Canada. Successful entrepreneur in Real Estate & Mortgage Financing. Seeking educated, family-oriented girl from a respectable family. Canada/USA preferred. WhatsApp: -204-510-7658 ***300***3

### ਲੜਕੀ ਦੀ ਲੋੜ

ਆਸਟਰੇਲੀਆ ਸਿਟੀਜਨ, ਸ਼ਰਮਾ ਪਰਿਵਾਰ ਦੇ ਲੜਕੇ, ਉਮਰ 39 ਸਾਲ, ਕੱਦ 5 ਫੁੱਟ 8 ਇੰਚ, ਹੋਟਲ ਮੈਨੇਜਮੈਂਟ ਡਿਗਰੀ ਹੋਲਡਰ ਲਈ ਆਸਟਰੇਲੀਆ ਜਾਂ ਕੈਨੇਡਾ ਦੀ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਿਜਟਿਰ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਪੰਜਾਬ ਤੋਂ ਦੁਆਬਾ ਏਰੀਆ ਨੂੰ ਪਹਿਲ । ਸੰਪਰਕ : 403 890 7020 ***298***3

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ (ਸੌਰਟ ਟਰਮ ਡਿਵੋਰਸੀ) ਉਮਰ 32 ਸਾਲ, ਕੱਦ 6 ਫੁੱਟ, ਆਟੋਮੋਬਾਈਲ ਇੰਜੀਨੀਅਰ, ਵੈਲ ਸੈਟਲਡ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 422 1833 ਜਾਂ 604 716 0711 **297*3**

### ਲੜਕੀ ਦੀ ਲੋੜ

ਕੈਲਗਰੀ(ਕੈਨੇਡਾ) ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਨਸ਼ਾ ਰਹਿਤ,ਮਿਹਨਤੀ ਸੁਭਾਅ ਦੇ ਲੜਕੇ ਜਨਮ ਸਾਲ 2000,ਕੱਦ 5 ਫੁੱਟ 11 ਇੰਚ, ਬੀ ਏ ਗਰੈਜੂਏਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਜੇਕਰ ਕੁੜੀ ਦਾ ਪਿਛੋਕੜ ਨਰਸਿੰਗ ਹੈ ਤਾਂ ਉਸ ਨੂੰ ਨੈਨੀ ਬੇਸ ਉੱਪਰ ਪੀ ਆਰ ਲਈ ਮੱਦਦ ਕਰ ਸਕਦੇ ਹਾਂ। ਲੜਕਾ ਆਪਣੀ ਭੈਣ ਅਤੇ ਉਸਦੇ ਪਰਿਵਾਰ ਨਾਲ ਕੈਲਗਰੀ ਰਹਿੰਦਾ ਹੈ। ਸੰਪਰਕ: 1 403 909 3912 ***297***3***

### ਲੜਕੀ ਦੀ ਲੋੜ

ਰਾਮਗੜ੍ਹੀਆ, ਮੁੱਟੇ ਪਰਿਵਾਰ ਦੇ ਵਿਜਟਰ ਵੀਜੇ ਉੱਪਰ ਕੈਨੇਡਾ ਆਏ ਲੜਕੇ ਉਮਰ 27 ਸਾਲ, ਕੱਦ:5 ਫੁੱਟ 10 ਇੰਚ,ਵਿੱਦਿਅਕ ਯੋਗਤਾ : ਬੀਬੀਏ,ਆਈ ਟੀ ਆਈ ਵੈਲਡਰ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਜਾਂ ਸਟੂਡੈਂਟ ਵੀਜ਼ਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕਾਲ: 1 825 889 1726 Email: parimnderisngh91726 @gmail.com ***297***3***

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ,ਜੱਟ ਸਿੱਖ ਵੈਸ਼ਨੂੰ,ਵੈਲ ਸੈਟਲਡ,ਤਲਾਕਸੁਦਾ,ਬਿਨਾ ਬੱਚੇ ਤੋਂ,ਲੜਕੇ ਉਮਰ 42 ਸਾਲ, ਕੱਦ 5 ਫੁੱਟ 11 ਇੰਚ, ਬੀਏ ਪਾਸ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਤਲਾਕਸੁਦਾ/ਵਿਧਾਵਾ ਲੜਕੀ ਬਿਨਾ ਬੱਚੇ ਤੋਂ ਸੰਪਰਕ ਕਰ ਸਕਦੀ ਹੈ। ਸੰਪਰਕ: 1 825 431 3300 ਜਾਂ ਈ ਮੇਲ : jmanjit61@gmail.com ***297***3***

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ, ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਜਨਮ (ਇੰਡੀਆ) 1996, ਕੱਦ 6 ਫੁੱਟ 2 ਇੰਚ, ਏਅਰ ਕਰਾਫਟ ਮੈਨਟੀਨੈਂਸ ਡਿਪਲੋਮਾਂ ਹੋਲਡਰ ਲਈ,ਪੜੀ ਲਿਖੀ,ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਹੈ ਅਤੇ ਮੌਜੂਦਾ ਸਮੇ ਸੀ ਐਨ ਵਿੱਚ ਲੋਕੋਮੋਟਿਵ ਇੰਜੀਨਅਰ ਵੱਜੋਂ ਜੈਸਪਰ ਵਿਖੇ ਜੌਬ ਕਰ ਰਿਹਾ ਹੈ। ਸੰਪਰਕ: 1 204 293 6735 ***297***F***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਪੰਜਾਬੀ ਹਿੰਦੂ ਖੱਤਰੀ ਮਨੋਚਾ ਪਰਿਵਾਰ ਦੇ ਲੜਕੇ ਜਨਮ 1996, ਕੱਦ 5 ਫੁੱਟ 10 ਇੰਚ, ਐਜੂਕੇਸ਼ਨ: BBA , ਫੈਮਿਲੀ ਬਿਜਨਿਸ ਚਲਾ ਰਹੇ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 969 8776 ਜਾਂ ਈ ਮੇਲ: Gmanocha@shaw.ca **296*3**

### ਲੜਕੀ ਦੀ ਲੋੜ

ਦਿੱਲੀ ਦੇ ਜੰਮਪਲ ਸਿੱਖ ਬਾਜਵਾ ਪਰਿਵਾਰ ਦੇ ਇਕਲੌਤੇ ਲੜਕੇ ਜਨਮ 2002,ਕੱਦ 5 ਫੁੱਟ 10 ਇੰਚ, ਵਿੱਦਿਅਕ ਯੋਗਤਾ: graduation in BBA, ਦਿੱਲੀ ਕਾਰਪੋਰੇਸ਼ਨ ਸਰਕਾਰੀ ਜੌਬ ਕਰਦੇ ਲਈ ਹਾਣ ਪ੍ਰਵਾਨ ਦੀ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 1 368 599 7814 **296**3

### ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5" feet, B. Tech & MBA, working in a leading company in management role. Boy should be well educated of good moral values either doing decent job or business. Cell no./ Whatsapp +1 587 434 0817 ***299***rana*

### ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth ( Anees school Mohali.) Gcg college AA sector Chandigarh (B.A) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ । ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ । ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ । ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ । WhatsApp ਸੰਪਰਕ: 91 98724 26732 ***299**k**

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 299*Roop**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

### ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈਂਟਲ ਹਨ ਜੋ ਕਿ ਲੜਕੇ ਨੂੰ ਸੈਂਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## Name Change

I, JAGMEET SINGH, Son of RAVINDER SINGH, holder of Indian passport No. S3938603, issued at AMRITSAR, on 23/10/2018, permanent resident of, VILLAGE: PATLI, DISTRICT: FEROZEPUR, PIN: 142052, PUNJAB, INDIA presently residing,32 SAVANNA ALLEY NE, CALGARY (AB) T3J0Y7 CANADA. Do hereby change My name from JAGMEET SINGH to JAGMEET SINGH SRAN with immediate effect.

Date: 30/06/2026 Phone: +1 587 973 2279


## Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba @403-975-0128**

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

# ਕਲਮੀ ਸੱਥ

## ਵਾਹ ਕਨੇਡਾ ਮੇਰਿਆ

ਘਰ-ਬਾਰ ਛੱਡ ਆਏ
ਭੌਂਇ ਵੇਚ- ਵੱਟ ਆਏ,
ਜਿਵੇ ਲੱਗਾ ਲਾ ਤਾਂ ਆਏ
ਦਾਅ ਕਨੇਡਾ ਮੇਰਿਆ,
ਹੁਣ ਤੇਰਾ ਰਿਹਾ ਨਾ ਕੋਈ
ਚਾਅ ਕਨੇਡਾ ਮੇਰਿਆ।
ਵਾਹ ਕਨੇਡਾ ਮੇਰਿਆ,

ਸੁਣਿਆ ਹਰ ਥਾਂ ਤੇ
ਨਾਮ ਤੇਰਾ ਵੱਜਦਾ,
ਸਾਨੂੰ ਵੀ ਸੀ ਰੱਬ ਦੇ
ਸਮਾਨ ਜਿਹਾ ਲੱਗਦਾ।
ਦੇਖ ਤੈਨੂੰ ਸਾਰੇ ਕਹਿੰਦੇ
ਵਾਹ ਕਨੇਡਾ ਮੇਰਿਆ,

ਲੱਭਦਾ ਨਾ ਕੰਮ ਕੋਈ
ਔਖੇ ਹੋਏ ਗੁਜਾਰੇ ਨੇ,
ਥਾਂ -ਥਾਂ ਤੇ ਲੋਕ ਪਏ
ਰੁਲਦੇ ਵਿਚਾਰੇ ਨੇ।
ਦਿਨੋ-ਦਿਨੀ ਵਧੀ ਜਾਂਦੇ
ਭਾਅ ਕਨੇਡਾ ਮੇਰਿਆ,
ਵਾਹ ਕਨੇਡਾ ਮੇਰਿਆ,

ਲਾ ਕੇ ਵੀ ਦਿਹਾੜੀ ਔਖਾ
ਪੇਟ ਹੋਇਆ ਪਾਲਣਾ,
ਤੀਲਾ -ਤੀਲਾ ਹੁੰਦਾ ਜਾਪੇ
ਬਣਾਇਆ ਸੀ ਜੋ ਆਲਣਾ।
ਬੈਕਾਂ ਵਾਲੇ ਚਿੱਠੀਆ ਰਹੇ
ਪਾ ਕਨੇਡਾ ਮੇਰਿਆ,
ਵਾਹ ਕਨੇਡਾ ਮੇਰਿਆ,

ਕਰੀਏ ਕੀ, ਕਿੱਥੇ ਜਾਈਏ
ਰਾਹ ਨਹੀਉਂ ਲੱਭਦਾ,
ਮੰਗੂ ਕੋਈ ਫਿਰੌਤੀ ਲੱਗੇ
ਫੋਨ ਜਦੋ ਵੱਜਦਾ।
ਸੋਚ ਸੋਚ ਸੁੱਕਦੇ ਨੇ
ਸਾਹ ਕਨੇਡਾ ਮੇਰਿਆ,
ਵਾਹ ਕਨੇਡਾ ਮੇਰਿਆ,

ਬੜਾ ਸੀ ਸੁਲਾਉਦਾਂ ਤੈਨੂੰ
ਗਿੱਲਾ ਦਾ ਪਵਨ ਅੱਗੇ,
ਲੁੱਟੀਆ ਨੇ ਖੁਸ਼ੀਆਂ ਤੇ
ਖੁੱਸੇ ਸੁੱਖ-ਚੈਨ ਸੱਭੇ।
ਲੱਗ ਗਈ ਤੈਨੂੰ ਕੀਹਦੀ
ਹਾਅ ਕਨੇਡਾ ਮੇਰਿਆ,
ਹੁਣਾ ਤੇਰਾ ਰਿਹਾ ਨਾ ਕੋਈ
ਚਾਅ ਕਨੇਡਾ ਮੇਰਿਆਂ ।
ਵਾਹ ਕਨੇਡਾ ਮੇਰਿਆ,

ਪਵਨ ਗਿੱਲਾਂ ਵਾਲਾ

## ਮੁਹੱਬਤ

ਕਿਹੜੀਆਂ ਮੁਹੱਬਤਾਂ ਦੀ ਪੀੜ ਸ਼ਾਂਤ ਹੋਈ ਐ।
ਕਦੋਂ ਦੱਸੀ ਸਿਆਲਾਂ ਵਾਲੀ ਹੀਰ ਸ਼ਾਂਤ ਹੋਈ ਐ।

ਇੱਛਾ ਬੜੀ ਤੀਬਰ ਨਾ ਮੁੱਕਦੀ ਮਿਲਾਪ ਦੀ,
ਠਿੱਲ੍ਹ ਪਈ, ਝਨਾਂ 'ਚ ਕਦੋਂ ਧੀਰ ਸ਼ਾਂਤ ਹੋਈ ਐ।

ਪੁੱਛ ਕੇ ਵੰਗਾਰਿਆ ਸੀ ਸ਼ੀਰੀਂ ਫ਼ਰਹਾਦ ਨੂੰ,
ਨਦੀਆਂ ਵਹਾ ਨਾ ਸੁੱਚੇ ਨੀਰ ਸ਼ਾਂਤ ਹੋਈ ਐ।

ਲੈਲਾ ਲੈਲਾ ਕੂਕਿਆ ਸੁਣੀਂ ਨਾ ਕਿਸੇ ਗੱਲ ਕੋਈ,
ਇੱਟਾਂ ਰੋੜੇ ਮਾਰਿਆਂ, ਵਹੀਰ ਸ਼ਾਂਤ ਹੋਈ ਐ।

ਰੂਹਾਂ ਵਿੱਚ ਰਮਿਆਂ ਦੀ, ਪੁੱਛ ਨਾ ਤੂੰ ਬੰਦਗੀ,
ਦਿਲਾਂ ਵਿੱਚ ਸਾਂਭੀ ਦਿਲ ਚੀਰ ਸ਼ਾਂਤ ਹੋਈ ਐ।

ਰਾਜ ਰਾਜ ਮੁੱਕਦੇ ਨਈਂ ਕਦੇ ਵੀ ਮੁਹੱਬਤਾਂ ਦੇ,
ਜ਼ਹਿਰ ਘੁਲੇ, @ਆਬੀਂ , ਤਕਸੀਰ ਸ਼ਾਂਤ ਹੋਈ ਐ।

ਸੱਜਣਾ ਮੁਹੱਬਤ ਗੁਨਾਹ ਹੈ ਗ਼ਰੀਬਾਂ ਲਈ ਤਾਂ,
ਜਿੱਤੇ ਧੰਨਵਾਨ, ਲਾਬੀ ਮੀਰ ਸ਼ਾਂਤ ਹੋਈ ਐ।
-ਰਜਿੰਦਰ ਸਿੰਘ ਰਾਜ ਕਲਾਨੌਰ

## ਗੀਤ

ਸਾਉਣ ਆ ਗਿਆ
ਸਾਉਣ ਆ ਗਿਆ ਨੀ ਭੈੜਾ ਸਾਉਣ ਆ ਗਿਆ।
ਤਪਦੀ ਨੂੰ ਹੋਰ ਨੀਂ ਤਪਾਉਣ ਆ ਗਿਆ।
ਮਾਹੀ ਮੈਥੋਂ ਦੂਰ ਅਤੇ ਮੈਂ ਘਰੇ ਕੱਲੀ।
ਜਿੰਦ ਏਦਾਂ ਮੇਰੀ ਹੋਈ ਜਿਉ ਭੱਠੀ ਵਿਚ ਛੱਲੀ।
ਚਾਅ ਅਤੇ ਸਧਰਾਂ ਰੁਲਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਗਿਆ।
ਨਿੱਕੀ ਨਿੱਕੀ ਰਿਮਝਿਮ ਤਨ ਮਨ ਨੂੰ ਹੈ ਸਾੜੇ।
ਬਾਗ਼ੀ ਖਿੜ੍ਹ ਪਏ ਨੇ ਫੁੱਲ ਰੰਗ ਲਾਲ ਸੂਹੇ ਗਾੜ੍ਹੇ।
ਅੱਗ ਉਤੇ ਹੋਰ ਤੇਲ ਪਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।
ਰਾਤ ਸਾਰੀ ਕੱਢਾਂ ਗਿਣਗਿਣ ਤਾਰੇ।
ਜ਼ਿੰਦ ਮੇਰੀ ਹੀ ਜਾਏਂ ਦਿਨ ਜਿੱਦਾਂ ਮੈਂ ਗੁਜ਼ਾਰੇ।
ਸਰਗੋਸ਼ੀਆਂ ਦੇ ਮਿੱਠੇ ਗੀਤ ਗਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾਂ ਸਾਉਣ ਆ ਗਿਆ।
ਤੀਆਂ ਵਿਚ ਜਦ ਗਈ ਮੈਨੂੰ ਕਹਿਣ ਸਖੀਆਂ।
ਤੇਰੇ ਚਿਹਰੇ ਦੇ ਉਤੇ ਰੌਣਕਾਂ ਨਾ ਤੱਕੀਆਂ।
ਨਿੱਕੇ-ਨਿੱਕੇ ਮੀਂਹ ਦੇ ਵਿਚ ਕੀ ਗਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।
ਲੈ ਕੇ ਮੀਂਹ ਦੀ ਬੌਛਾਰ ਪਾਣੀ ਪਾਣੀ ਕਰ ਦਿੱਤਾ।
ਮੇਰੇ ਮਨ ਵਾਲਾ ਖੂਹ ਨੱਕੋ ਨਕ ਭਰ ਦਿੱਤਾ।
ਕੱਖਾਂ ਵਿਚਲੀ ਚਿੰਗਾਰੀ ਨੂੰ ਛੁਪਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।
ਆਇਆ ਮਾਹੀ ਦਾ ਸੁਨੇਹਾ ਚਾਅ ਅੰਬਰਾਂ ਨੂੰ ਲੱਗੇ।
ਗਏ ਸੂਹੇ ਸੂਹੇ ਫੁੱਲ ਮੇਰੇ ਜੂੜੇ ਵਿਚ ਫੱਬੇ।
ਮਨ ਬਾਲਮ ਦਾ ਹੋਰ ਵੀ ਲੁਭਾਉਣ ਆ ਗਿਆ।
ਸਾਉਣ ਆ ਗਿਆ ਨੀਂ ਭੈੜਾ ਸਾਉਣ ਆ ਗਿਆ।
ਬਲਵਿੰਦਰ ਬਾਲਮ

## ਰੁਲ ਗਏ ਦੇਸ਼ ਦੇ ਪਰਾਂਦੇ ਡੋਰੀਆਂ

ਟਾਕੀਆਂ ਦੇ ਪਿੱਛੇ ਨਾ ਲੁਕਣ ਮੋਰੀਆਂ।
ਰੁਲ ਗਏ ਦੇਸ਼ ਦੇ ਪਰਾਂਦੇ ਡੋਰੀਆਂ।

ਪੰਗਾ ਹੋ ਗਿਆ ਤੇ ਕਿਤੇ ਦੰਗਾ ਹੋ ਗਿਆ ।
ਟੁੱਟ ਗਈ ਤੜਾਗੀ ਦੇਸ਼ ਨੰਗਾ ਹੋ ਗਿਆ।
ਭਾਈਚਾਰੇ ਵਾਲਾ ਰੁੱਖ ਪੁੱਟਿਆ ਗਿਆ।
ਦੁਨੀਆਂ ਦਾ ਰਾਖਾ ਰੱਬ ਲੁੱਟਿਆ ਗਿਆ।
ਧਰਮਾਂ ਦੀ ਸਿਆਸਤ ਸੁਣਾਉਂਦੀ ਲੋਰੀਆਂ।
ਰੁਲ ਗਏ ਦੇਸ਼ ਦੇ ਪਰਾਂਦੇ ਡੋਰੀਆਂ।

ਦੇਸ਼ ਦੀ ਕਰਾਂਸੀ ਬਿਮਾਰ ਹੋ ਗਈ।
ਦੁਨੀਆਂ ਦੀ ਮੰਡੀ 'ਚ ਬੇਕਾਰ ਹੋ ਗਈ।
ਕਿੱਲੀ ਉੱਤੇ ਟੰਗਤਾ ਲੋਕਾਂ ਦੀ ਲਾਜ ਨੂੰ ।
ਰੱਖਤਾ ਨਿਚੋੜ ਕੇ ਬਈ ਲੋਕ ਰਾਜ ਨੂੰ ।
ਤਾਨਾਸ਼ਾਹੀ ਧੱਕੇਸ਼ਾਹੀ ਸੀਨਾ-ਜੋਰੀਆਂ।
ਰੁਲ ਗਏ ਦੇਸ਼ ਦੇ ਪਰਾਂਦੇ ਡੋਰੀਆਂ।

ਭਗਤਾਂ ਦੀ ਮੰਡਲੀ 'ਚ ਸ਼ੇਰ ਵੱਜਦਾ।
ਪੁੱਛੀਏ ਸਵਾਲ ਝੋਲਾ ਚੁੱਕ ਭੱਜਦਾ।
ਧੰਨਿਆਂ ਦੇ ਅੱਗੇ ਨੱਚੇ ਪਾ ਕੇ ਘੱਗਰੀ ।
ਅੰਨਿਆਂ ਨੂੰ ਦਿੱਸਦੀ ਨਾ ਲੁੱਟੀ ਨਗਰੀ।
ਸੁੱਤਿਆਂ ਦੇ ਘਰਾਂ ਵਿੱਚ ਹੋਈਆਂ ਚੋਰੀਆਂ।
ਰੁਲ ਗਏ ਦੇਸ਼ ਦੇ ਪਰਾਂਦੇ ਡੋਰੀਆਂ।

ਕੁਲਦੀਪ

## ਮੁੱਖੜੇ ਮੋੜੇ ਸਨ

ਕੀਤੀ ਦਾਅਵੇਦਾਰੀ
ਦਿਲ ਤੋਂ ਰੂਹਾਂ ਦੀ,
ਮਿਲਿਆ ਲੁਕਵਾਂ,ਦਰਦ
ਪੁਰਾਣਾ ਸੁੰਗੜਿਆ।
ਲੜਖੜਾਇਆ ਚਿਹਰਾ
ਚਿੰਤਾ ਸਾਹਵੇਂ ਸੀ,
ਉਸਦੇ ਹੋਠੀਂ ਮੇਰੇ,
ਹੰਝੂ ਲਮਕੇ ਸਨ।
ਹੰਭਲਾ ਮਾਰਨ
ਦੀ, ਕੋਸ਼ਿਸ਼ ਵੀ ਕੀਤੀ ਸੀ,
ਫਿਰ ਵੀ ਰੂਹ ਦਾ ਰੂਹ ਨੂੰ ,
ਥਾਂ ਥਾਂ ਤਰਲਾ ਸੀ।
ਸਰਦ ਹਵਾਵਾਂ
ਬੇਸ਼ੱਕ ਲੂਹ ਕੇ ਰੱਖ ਦਿੱਤਾ,
ਵਕਤ ਪੁਰਾਣੇ ਵਾਂਗਰ,
ਗਲ਼ ਨਾ, ਬਾਹਵਾਂ ਸਨ।
ਪੀੜਾਂ ਪਿੰਜਣ ਆਈਆਂ ,
ਮੋਹ ਸੀ ਰੂਹਾਂ ਦਾ,
ਨਿੱਖੜੇ ਸੱਜਣ,
ਅੱਜ ਵੀ ਨਿੱਖਰੇ ਲੱਗਦੇ ਸਨ,
ਚਿਹਰੇ ਉੱਤੇ ਰੌਣਕ
ਨਈਂ ਸੀ, ਰੌਣਕ ਜਈ,
ਉਸਦੇ ਕੁੱਛੜ,
ਉਸ ਘਰ ਦਾ
ਸਰਮਾਇਆ ਸੀ।
ਪਾਣੀ ਵਿਚਲੀ ਲੀਕ ਤਾਂ,
ਐਨ, ਬਰਾਬਰ ਸੀ,
ਫਿਰ ਵੀ, ਵਹਿਲ ਦੇ
ਵਹਿਣਾਂ ਮੁੱਖੜੇ ਮੋੜੇ ਸਨ।

-ਰਜਿੰਦਰ ਸਿੰਘ ਰਾਜ ਕਲਾਨੌਰ

## ਰਿਸ਼ਤੇ ਤੇ ਤਿਉਹਾਰ

ਮੈ ਗਰੀਬ ਸਾਂ,
ਥੋੜ੍ਹੀ ਤਕਲੀਫ ਥੋੜੇ ਖਾਣ ਜਾਣਾ।
ਰੋਂਦੇ ਮੇਰੇ ਨਸੀਬ ਸਾਂ,
ਕੀ ਰਿਸਤੇ ਤੇ ਕੀ ਤਿਉਹਾਰ ਜਾਣਾ।

ਮਾਂ ਪੁੱਛਿਆ..! ਪਰ,
ਉਹ ਹੱਸ ਪੈਂਦੀ ਗਲਾਂ ਕਰਦੀ।
ਸਾਡੀ ਕਿਸਮਤ ਗਰੀਬ,
ਵਾਹ! ਤਕਦੀਰੇ ਪਛਾਣ ਜਾਣਾ।

ਵੇਖ ਮੈ ਖੁਸੀਆਂ ਰੁੱਤਬਾ ਨਾ ਕੋਈ,
ਹੱਥ ਫੈਲਾਅ ਜਾਣ ਜਾਣਾ।
ਧੇਲਾ ਹੱਥ ਖੁਸ ਹੋ ਜੋ ਦਿੱਤਾ,
ਉਸ ਨਸੀਬ ਹੈ ਰੱਬ ਮਾਣ ਜਾਣਾ।

ਮਾਸੂਮੀਅਤ ਦਿਖਦੀ,
ਮੇਰੀ ਮਾਂ ਅੱਖਾਂ ਪੜ੍ਹਦੀ ਰਹਿੰਦੀ।
ਕੀ ਨਸੀਬ ਕੀ ਗਰੀਬ,
ਤੂੰ ਖੁਸ ਰਹਿ ਮਰ ਕੇ ਨਾ ਨਾਲ ਜਾਣਾ।

ਖੁਸੀਆਂ ਤਿਉਹਾਰ ਲੈ ਆਵਣ,
ਰੌਣਕ ਅਮੀਰ ਹੋਈ ਨਾ ਤਾਰ ਜਾਣਾ,
ਮੇਰੀ ਕਿਸਮਤ ਮੇਰੀ ਜਿੰਦਗੀ,
ਮਾਂ ਫਿਰ ਰੋਈ,ਨਾ ਫੇਰ ਹਾਰ ਜਾਣਾ।

ਮਾਂ ਮੇਰੀ ਦੁੱਖੀ ਹੋ,
ਪੁੱਛਦੀ ਰਹਿੰਦੀ ਕੀ ਅਮੀਰ ਹੈ।
ਮੈ ਚੁੱਪ ਹੋ ਮਾਂ ਦੇ ਗਲ ਲੱਗ ਪੈਂਦੀ,
ਨਾ ਸੋਚ ਮੈ ਪਾਰ ਜਾਣਾ।

ਦੋ ਵਕਤ ਦੀ ਰੋਟੀ ਰੁੱਤਬਾ ਨਾ ਕੋਈ,
ਰੱਬ ਕਰੀਬ ਹੈ ਸੰਭਾਲ ਜਾਣਾ।
ਮੇਰੇ ਅੱਥਰੂ ਮੈ ਭਿੱਝ ਭਿੱਝ ਰੋਈ,
ਦੁਨੀਆਂ ਅਮੀਰ ਮੈ ਕਿਆ ਜਾਣਾ।

ਹੱਥ ਮਾਰ ਉੱਚ ਰੁੱਤਬਾ,
ਮੈਨੂੰ ਪਾਸੇ ਕਰ ਮਾਂ ਵੇਖ ਰਹੀ ਹੈ।
ਮੈ ਖੁਦ ਜਿੰਦਗੀ ਨਾਲ ਲੜ੍ਹ,
ਗੌਰਵ ਤੋਂ ਸੱਚ ਲਿਖਵਾ ਜਾਣਾ।
ਗੌਰਵ ਧੀਮਾਨ

## ਟੱਪੇ

ਤੰਗ ਬਖੀਏ ਨੇ ਸੀਨਾਂ ਦੇ
ਕੁੜੀਆਂ ਚ ਫੈਸਨ ਨੇ
ਹੁਣ ਪਾਟੀਆਂ ਜੀਨਾਂ ਦੇ ।
=
ਧੁੱਪ ਆਈ ਐ ਛਿਲੜਾਂ ਤੇ
ਮੁੰਡਿਆਂ ਦਾ ਫੈਸਨ ਹੈ
ਪੈਂਟਾਂ ਬੰਨੀਆਂ ਚਿੱਤੜਾਂ ਤੇ।
=
ਉਲਫਤ ਦਾ ਮਹੀਨਾ ਏਂ
ਸਾਹਿਲ ਤੇ ਜਾਣਾ ਏਂ
ਤੇਰੇ ਮੁੱਖ ਦਾ ਸਫੀਨਾ ਏਂ।
=
ਰੌਲੀ ਪਾਈ ਕਾਂਵਾਂ ਨੇ
ਸਾ?ਖਰ ਦੁਪਹਿਰਾਂ ਵਿਚ
ਰੁੱਖ ਲੁੱਟ ਲਏ ਛਾਂਵਾਂ ਨੇ।
=
ਸਰਕਾਰਾਂ ਨਾ ਸਾਰ ਲਈ
ਚੜ੍ਹਦੀ ਜਵਾਨੀ ਸਜਰੀ
ਨਸ?ਿਆਂ ਹੀ ਮਾਰ ਲਈ।
=
ਦੁੱਖ ਕਾਹਨੂੰ ਫੋਲ੍ਹ ਲਏ
ਅੰਬਰ ਕੀ ਰੋਇਆ
ਪੱਥਰ ਵੀ ਬੋਲ ਪਏ।
=
ਔਰਤ ਜਦ ਠਣ ਜਾਂਦੀ
ਸਦੀਆਂ ਭੁਲਾ ਦਿੰਦੀ
ਝਟ ਦੁਸਮਣ ਬਣ ਜਾਂਦੀ।
=
ਇਕ ਦੁਖੜਾ ਫੋਲ੍ਹ ਗਈ
ਖੋਲ੍ਹ ਕੇ ਧਰਤੀ ਨੂੰ
ਫਿਰ ਅੰਬਰ ਡੋਲ੍ਹ ਗਈ।
=
ਮੁਰਾਦਾਂ ਨੇ ਪੀਰ ਦੀਆਂ
ਕਾਲੇ ਕਾਲੇ ਬੁਰਕੇ ਵਿੱਚ
ਕੁੜੀਆਂ ਕਸਮੀਰ ਦੀਆਂ।
=
ਬਲਵਿੰਦਰ ਬਾਲਮ

## ਮੈਂ ਪੰਜਾਬੀ

ਮੈਂ ਪੰਜਾਬੀ ਮਾਂ ਬੋਲੀ,ਬੋਲਣ ਤੇ ਸਤਿਕਾਰ ਦਵਾਵਾਂ।
ਮੈਂ ਤਾਂ ਆਪਣੇ ਵਿਰਸੇ ਦੀ, ਹਰ ਪਲ ਖੈਰ ਮਨਾਵਾਂ।

ਜੰਮਣ ਤੋਂ ਲੈਕੇ ਮਰਨ ਤੱਕ, ਮੈਂ ਆਪਣੇ ਫਰਜ ਨਿਭਾਵਾਂ।
ਮੈਨੂੰ ਭੁੱਲਣ ਵਾਲਿਆਂ ਨੂੰ, ਮੈਂ ਕਦੇ ਨਾ ਭੁਲਾਵਾਂ।

ਉਹ ਪੈਂਤੀ ਅੱਖਰ ਮੇਰੇ ਬੋਲਣ, ਦਿਲ ਦੀਆਂ ਗੰਢਾਂ ਉਹ ਖੋਲ੍ਹਣ।
ਮੈਂ ਵਿਚ ਖੁਸੀ ਦੇ ਦੂਣ ਸਵਾਈ ਅਤੇ ਸਭ ਤੋਂ ਵੱਖਰੀ ਹੋ ਜਾਵਾਂ।

ਤੇਰੇ ਦਾਦੀ ਦਾਦੇ ਪੜਦਾਦੇ ਤੋਂ ਵੀ,ਏਥੇ ਪਹਿਲਾਂ ਦੀ ਹਾਂ ਮੈਂ ।
ਵਾਰਸ ਸਾਹ, ਬੁੱਲੇ ਸਾਹ, ਬਾਬੇ ਨਾਨਕ ਦਾ ਹਾਂ ਮੈਂ ਪਰਛਾਵਾਂ।

ਹੋਰ ਭਾਸਾਵਾਂ ਸਿੱਖਦੇ ਹਾਂ, ਵਿਚ ਪੰਜਾਬੀ ਕੀ ਹਰ ਗੱਲ ਲਿਖਦੇ ਹਾਂ।
ਕਿਉਂ ਜਖਵਾਲੀ ਲਿਖਤਾਂ ਵਿਚ ਮੈਂ ਅੱਖੋਂ ਓਹਲੇ ਹੁੰਦੀ ਜਾਵਾਂ।

ਗੁਰਪ੍ਰੀਤ ਸਿੰਘ ਜਖਵਾਲੀ

## ਬਸਤਾ

ਮਾਂ ਮੈਨੂੰ ਇੱਕ ਬਸਤਾ ਦੇ ਦੇ
ਮਹਿੰਗਾ ਜਾਂ ਸਸਤਾ ਦੇ ਦੇ
ਮੈਂ ਵੀ ਪੜ੍ਹਨ ਸਕੂਲੇ ਜਾਣਾ
ਸੋਹਣਾ ਮੈਂ ਭਵਿੱਖ ਬਣਾਉਣਾ
ਗੁਰਮੁਖੀ ਦਾ ਕਾਇਦਾ ਪੜ੍ਹਨਾ
ਸੁਪਨਿਆਂ ਨੂੰ ਸਾਕਾਰ ਕਰਨਾ
ਮਨ ਲਾ ਕੇ ਮੈਂ ਕਰੂੰ ਪੜ੍ਹਾਈ
ਮਿਹਨਤ ਦੀ ਮੈਂ ਕਰੂੰ ਕਮਾਈ
ਹੱਕ ਸੱਚ ਦੀ ਰਾਖੀ ਕਰਨੀ
ਮਾਨਵਤਾ ਦੀ ਹਾਮੀ ਭਰਨੀ
ਦੁੱਖ ਸੁੱਖ ਮੈਂ ਹੱਸ ਕੇ ਜਰਨੇ
ਚਾਅ ਪੂਰੇ ਮੈਂ ਸਾਰੇ ਕਰਨੇ
ਆਪਣੇ ਪੈਰਾਂ ਤੇ ਆਪ ਖੜਨਾ
ਨਹੀਂ ਕਿਸੇ ਦਾ ਪੱਲਾ ਫੜਨਾ
ਪੂਰਾ ਤੈਨੂੰ ਮਾਣ ਦਿਵਾਉਣਾ
ਅਪਣਾ ਮੈਂ ਨਾਮ ਕਮਾਉਣਾ
ਸਮਾਜ 'ਚ ਪੂਰਾ ਮਾਣ ਹੋਊਗਾ
ਧੀਆਂ ਦਾ ਸਨਮਾਨ ਹੋਊਗਾ।
ਹੰਸ ਕਲੇਰ ਦੁਗਾਲ




# ਬੱਕਰਾ ਬੋਹਲ਼ ਦੀ ਰਾਖੀ ਕਹਿਣ ਤੋਂ ਹਟ ਜਾਊ ਸੰਧੂ ਦੀ ਢਾਣੀ

ਵੰਡ ਤੋਂ ਪਹਿਲਾਂ ਜ਼ਿਲ੍ਹਾ ਸਰਗੋਧਾ ਦੇ ਇੱਕ ਪਿੰਡ ਵਿੱਚ ਪ੍ਰਸਿੱਧ ਢਾਡੀ ਦੀਦਾਰ ਸਿੰਘ ਰਟੈਂਡੇ ਵਾਲੇ ਦਾ ਅਖਾੜਾ ਲੱਗਿਆ ਹੋਇਆ। ਸੁਮੰਦ ਸਿੰਘ ਸੰਧੂ ਦੀਦਾਰ ਸਿੰਘ ਰਟੈਂਡੇ ਦੇ ਗਾਉਣ ਤੋਂ ਬੜਾ ਪ੍ਰਭਾਵਿਤ ਹੋਇਆ। ਸਮੁੰਦ ਸਿੰਘ ਸੰਧੂ ਦੇ ਚਾਰ ਲੜਕੇ ਸਨ। ਸਮੁੰਦ ਸਿੰਘ ਨੇ ਗਾਉਣ ਤੋਂ ਖ਼ੁਸ਼ ਹੋਕੇ ਸੋਚਿਆ ਜੇ ਐਤਕੀਂ ਫੇਰ ਮੁੰਡਾ ਹੋਇਆ ਤਾਂ ਮੈਂ ਉਹਦਾ ਨਾਮ ਦੀਦਾਰ ਸਿੰਘ ਈ ਰੱਖੂੰ 3 ਜੁਲਾਈ 1942 ਨੂੰ ਸ. ਸਮੁੰਦ ਸਿੰਘ ਸੰਧੂ ਦੇ ਘਰ ਜਦੋਂ ਪੰਜਵੇ ਪੁੱਤਰ ਨੇ ਜਨਮ ਲਿਆ ਤਾਂ ਉਹਦਾ ਨਾਮ ਦੀਦਾਰ ਸਿੰਘ ਈ ਰੱਖਿਆ, ਜੋ ਬਾਅਦ ਵਿੱਚ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਦੀਦਾਰ ਸੰਧੂ ਵੱਜੋਂ ਜਾਣਿਆ ਗਿਆ


ਦੀਦਾਰ ਸੰਧੂ

ਦੀਦਾਰ ਦੀ ਉਮਰ ਮਹਿਜ ਪੰਜ ਵਰ੍ਹੇ ਸੀ ਕਿ ਦੇਸ਼ ਦਾ ਬਟਵਾਰਾ ਹੋ ਗਿਆ। ਵੰਡ ਉਪਰੰਤ ਸੰਧੂ ਪ੍ਰੀਵਾਰ ਨੇ ਜਗਰਾਓਂ ਤਹਿਸੀਲ ਦੇ ਪਿੰਡ ਬੋਦਲ ਵਾਲਾ ਵਿੱਚ ਆਣ ਟਿਕਣਾ ਲਾਇਆ, ਕੁੱਝ ਜ਼ਮੀਨ ਰਾਮਗੜ੍ਹ ਅਲਾਟ ਹੋ ਗਈ । ਦੀਦਾਰ ਸੰਧੂ ਨੇ ਸੱਤਵੀਂ ਤੱਕ ਪੜ੍ਹਾਈ ਜਗਰਾਓਂ ਤੋਂ ਕੀਤੀ। 1956 ਵਿੱਚ ਭਰੋਵਾਲ ਪੱਕਾ ਟਿਕਾਣਾ ਬਣਾ ਲਿਆ। ਸਰਕਾਰੀ ਹਾਈ ਸਕੂਲ ਬਰਸਾਲਾਂ ਤੋਂ ਦੀਦਾਰ ਨੇ ਦਸਵੀਂ ਕੀਤੀ। ਗੀਤ ਲਿਖਣ ਤੇ ਗਾਉਣ ਦੀ ਚੇਟਕ ਤਾਂ ਉਸਨੂੰ ਬਚਪਨ ਵਿੱਚ ਹੀ ਲੱਗ ਗਈ ਸੀ

1962 ਵਿੱਚ ਦੀਦਾਰ ਸੰਧੂ ਨੇ ਲੋਕ ਸੰਪਰਕ ਵਿਭਾਗ ਵਿੱਚ ਨੌਕਰੀ ਕਰ ਲਈ ਜਿੱਥੇ ਉਸਦਾ ਮੇਲ ਮੁਹੰਮਦ ਸਦੀਕ ਨਾਲ ਹੋ ਗਿਆ। ਦੋਸਤੀ ਉਸਤਾਦੀ ਸ਼ਾਗਿਰਦੀ ਵਿੱਚ ਬਦਲ ਗਈ। ਦੀਦਾਰ ਨੇ ਗੀਤ ਲਿਖਿਆ, ਮੁਹੰਮਦ ਸਦੀਕ ਨੇ ਗਾਇਆ, ਗੀਤ ਦੇ ਬੋਲ ਸਨ

ਮੇਰੀ ਐਸੀ ਝਾਂਜਰ ਛਣਕੇ ਛਣਕਾਟਾ ਪੈਂਦਾ ਗਲੀ ਗਲੀ

ਇਸ ਗੀਤ ਦਾ ਛਣਕਾਟਾ ਪੂਰੇ ਪੰਜਾਬ ਵਿੱਚ ਪੈ ਗਿਆ। ਮੁਹੰਮਦ ਸਦੀਕ ਤੇ ਦੀਦਾਰ ਸੰਧੂ ਦਾ ਨਾਮ ਪਿੰਡਾਂ ਦੀਆਂ ਸੱਥਾਂ ਤੱਕ ਅੱਪੜ ਗਿਆ। 1968 ਵਿੱਚ ਦੀਦਾਰ ਸੰਧੂ ਨੇ ਪੰਜਾਬ ਦੀ ਪਹਿਲੀ ਕਤਾਰ ਦੀ ਗਾਇਕਾ ਨਰਿੰਦਰ ਬੀਬਾ ਨਾਲ ਐਚ ਐਮ ਵੀ ਕੰਪਨੀ ਵਿੱਚ ਦੋ ਗੀਤ ਰਿਕਾਰਡ ਕਰਵਾਏ ਇਹਨਾਂ ਚੋਂ ਇੱਕ ਦੀਦਾਰ ਸੰਧੂ ਨੇ ਖੁਦ ਲਿਖਿਆ ਤੇ ਦੂਸਰਾ ਚਰਚਿਤ ਗੀਤਕਾਰ ਦੇਵ ਥਰੀਕੇ ਵਾਲੇ ਨੇ

1- ਨਾਰ ਲਿਫਾਫੇ ਵਰਗੀ
2- ਵਗਦੀ ਨਦੀ ਦੇ ਵਿੱਚ ਦੋ ਜਾਣੇ ਨਹਾਉਂਦੇ

ਦੀਦਾਰ ਸੰਧੂ ਨੇ ਮੁਹੰਮਦ ਸਦੀਕ ਰਣਜੀਤ ਕੌਰ ਨਾਲ ਕਾਫੀ ਦੇਰ ਸਟੇਜਾਂ ਵੀ ਸਾਂਝੀਆਂ ਕੀਤੀਆਂ 1971 ਵਿੱਚ ਦੀਦਾਰ ਸੰਧੂ ਨੇ ਸਨੇਹਲਤਾ ਨਾਲ ਜੋੜੀ ਬਣਾ ਕੇ ਦੋ ਗੀਤ ਐਚ ਐਮ ਵੀ ਰਿਕਾਰਡ ਕਰਵਾਏ ਜਿਹਨਾਂ ਦੇ ਬੋਲ ਸਨ

1- ਕਹਿ ਦਿਓ ਮੁੰਡਿਆਂ ਨੂੰ ਅੱਜ ਮੇਲ ਸੁੱਕਾ ਨਾ ਜਾਵੇ
2- ਵੇ ਮੈਂ ਸੱਚੀ ਮੁੱਚੀ ਹੋ ਗਈ ਮੁਟਿਆਰ ਵੇ

ਦੀਦਾਰ ਸੰਧੂ ਤੇ ਸਨੇਹਲਤਾ ਦੀ ਜੋੜੀ ਦੀ ਚਰਚਾ ਪਿੰਡ ਪਿੰਡ ਘਰ ਘਰ ਛਿੜ ਪਈ। ਅਨੇਕਾਂ ਸਟੇਜ਼ ਪ੍ਰੋਗਰਾਮ ਕੀਤੇ। ਬਹੁਤ ਤਵੇ ਭਰਵਾਏ। ਸਨੇਹ ਲਤਾ ਤੋਂ ਬਾਅਦ ਕੁਲਦੀਪ ਕੌਰ, ਪ੍ਰਮਿੰਦਰ ਸੰਧੂ, ਬਲਜੀਤ ਬੱਲੀ, ਅਮਰ ਨੂਰੀ, ਸੁਰਿੰਦਰ ਕੌਰ, ਸੁਖਵੰਤ ਕੌਰ ਤੇ ਸੁਸ਼ਮਾ ਬੱਬੀ ਨਾਲ ਨਿਰੰਤਰ ਰਿਕਰਡਿੰਗਾ ਕਰਾਈਆਂ। ਦੀਦਾਰ ਦੇ ਗੀਤਾਂ ਦੀ ਗੱਲ ਵੱਖਰੀ ਐ। ਦੀਦਾਰ ਜੋ ਤਸਵੀਰਾਂ ਗੀਤਾਂ ਰਾਹੀਂ ਖਿੱਚ ਗਿਆ ਉਹ ਹੋਰ ਕਿਸੇ ਗੀਤਕਾਰ ਦੇ ਹਿੱਸੇ ਨਹੀਂ ਆਇਆ – ਆਹ ਗੀਤਾਂ ਦੀਆਂ ਸਤਰਾਂ ਦੀਦਾਰ ਦੀ ਗੀਤਕਾਰੀ ਦੀ ਅਮੀਰੀ ਦੀ ਗਵਾਹੀ ਭਰਦੀਆਂ ਨੇ।

ਹੁਣ ਤੂੰ ਪੇਚਕਸ ਵਰਗੇ ਜੇਠ ਦਾ ਨਰਮ ਸੁਭਾਅ ਨਾ ਜਾਣੀ

- ਬੱਕਰਾ ਬੋਹਲ਼ ਦੀ ਰਾਖੀ ਕਹਿਣ ਤੋਂ ਹਟ ਜਾਊ ਸੰਧੂ ਦੀ ਢਾਣੀ
- ਹੁਣ ਨਰਮੇ ਵਾਂਗੂੰ ਜੇਠ ਤੇਰੇ,ਦਾਹੜੀ ਚੋਂ ਧੌਲੇ ਚੁਗ ਲਏ ਨੀ
- ਸੁੱਕਾ ਕੰਨੀ ਦੇ ਕਿਆਰੇ ਵਾਂਗੂੰ ਜੇਠ ਰਹਿ ਗਿਆ।
- ਉਠਦੀ ਦੇ ਨਜ਼ਰ ਪਿਐਂ,ਦਿਨ ਲੰਘੂਗਾ ਸੁਹਾਗ ਰਾਤ ਵਰਗਾ
- ਜਿਸ ਨੇ ਇਸ ਭਰੀ ਸੁਰਾਹੀ ਚੋਂ ਪਹਿਲਾ ਪੈਗ ਭਰਕੇ ਲਾਇਆ ਹਊ
- ਮੰਨਿਆ ਗਰੀਬ ਹੁੰਦੇ ਵੱਡਿਆਂ ਦੇ ਆਸਰੇ 'ਤੇ

ਪਰ ਇਹ ਤਾਂ ਬਣਦਾ ਨਹੀਂ ਹੱਕ ਵੇ ਜਗੀਰਦਾਰਾ
ਸਾਂਝੀ ਹੁੰਦੀ ਸਭਨਾ ਦੀ ਪੱਤ ਵੇ ਜਗੀਰਦਾਰਾ

16 ਫਰਵਰੀ 1991 ਨੂੰ ਪੰਜਾਬੀਆਂ ਦਾ ਲਾਡਲਾ ਗੀਤਕਾਰ ਤੇ ਗਾਇਕ ਦੀਦਾਰ ਸਿੰਘ ਪਿੱਠ ਭੁਆ ਕੇ ਅਣਦੱਸੀ ਥਾਂ ਤੇ ਚਲਾ ਗਿਆ ਜਿੱਥੋਂ ਕਦੇ ਕੋਈ ਵਾਪਸ ਨਹੀਂ ਆਇਆ। ਦੀਦਾਰ ਦੇ ਗੀਤ ਪੰਜਾਬੀਆਂ ਦਾ ਸਰਮਾਇਆ ਹਨ। ਹਰ ਸਾਲ ਦੀਦਾਰ ਸੰਧੂ ਦੀ ਯਾਦ ਵਿੱਚ ਉਹਦੇ ਜੱਦੀ ਪਿੰਡ ਭਰੋਵਾਲ ਵਿੱਚ ਉਸਦੇ ਪੁੱਤਰ ਜਗਮੋਹਨ ਸੰਧੂ ਅਤੇ ਦੀਦਾਰ ਪ੍ਰੇਮੀਆਂ ਵੱਲੋਂ ਮੇਲਾ ਲਗਾਇਆ ਜਾਂਦਾ ਹੈ।

# ਨਾ ਗੁੱਝੇ ਰਹਿੰਦੇ ਨੇ, ਆਖਣ ਸ਼ੌਂਕੀਂ ਲੋਕ ਸਿਆਣੇ

ਅਜੋਕੀ ਪੰਜਾਬੀ ਲੋਕ-ਗਾਇਕੀ ਦੇ ਵਾਰਿਸ ਮਨਮੋਹਨ ਵਾਰਿਸ ਦੀ ਆਵਾਜ਼ ਵਿੱਚ ਨਵੀਂ ਪੀੜ੍ਹੀ ਨੇ ਇੱਕ ਗੀਤ ਨੂੰ ਰੱਜਵਾਂ ਪਿਆਰ ਦਿੱਤਾ। ਗੀਤ ਦੇ ਬੋਲ ਹਨ

ਸਾਵਨ ਚੜ੍ਹਿਆ, ਤੀਆਂ ਆਈਆਂ
ਪਿੱਪਲਾਂ ਦੇ ਨਾਲ ਪੀਂਘਾਂ ਪਾਈਆਂ
ਕੱਠੀਆਂ ਹੋ ਨਣਦਾ ਭਰਜਾਈਆਂ
ਇੱਕ ਦੂਜੀ ਨੂੰ ਕਹਿੰਦੀ,
ਨੀ ਆਜਾ ਭਾਬੀ ਝੂਟ ਲੈ
ਪੀਂਘ ਹੁਲਾਰੇ ਲੈਂਦੀ
ਢੱਡ ਸਾਰੰਗੀ ਨਾਲ ਗਾ ਗਿਆ
ਭੱਜਲਾਂ ਵਾਲਾ ਸ਼ੌਂਕੀ

ਇਸ ਤੋਂ ਇਲਾਵਾ ਕੁੱਝ ਗੀਤ ਅਜਿਹੇ ਹਨ ਜੋ ਹਰ ਗਾਇੱਕ ਦੀ ਹਰ ਸਟੇਜ਼ ਦਾ ਸ਼ਿੰਗਾਰ ਬਣਦੇ ਹਨ ਜਿਹਨਾਂ ਵਿੱਚ

ਦੁਨੀਆਂ ਮੇਲੇ ਜਾਂਦੀ ਐ,
ਸੋਹਣੇ ਹਾਰ ਸ਼ਿੰਗਾਰ ਲਗਾਕੇ
ਸਭ ਸੱਜਣ ਸਜਣੀਆਂ ਵੇ
ਸੋਹਣਿਆਂ ਫਿਰਨ ਕੰਗਨੀਆਂ ਪਾਕੇ
ਚੱਲ ਆਪਾਂ ਵੀ ਚੱਲੀਏ ਵੇ ਸੋਹਣਿਆਂ
ਸਾਨੂੰ ਕੀਹਦੀ ਚੋਰੀ
ਦੋ ਤਾਰਾ ਵਜਦਾ ਵੇ ਰਾਂਝਣਾਂ
ਨੂਰ ਮਹਿਲ ਦੀ ਮੋਰੀ
ਚੰਦ ਚੜ੍ਹਿਆ ਜਵਾਨੀ ਤੇ,
ਪ੍ਰੀਤਾਂ ਲੱਗੀਆਂ ਨੂੰ ਜੱਗ ਜਾਣੇਂ
ਨਾ ਗੁੱਝੇ ਰਹਿੰਦੇ ਨੇ
ਆਖਣ ਸ਼ੌਂਕੀਂ ਲੋਕ ਸਿਆਣੇ
ਤੋੜੀ ਹੋਈ ਟੁੱਟਦੀ ਨਾਂ
ਜਿਹੜੀ ਬੱਝੀ ਪ੍ਰੇਮ ਦੀ ਡੋਰੀ
ਦੋ ਤਾਰਾ ਵੱਜਦਾ ਵੇ
ਰਾਂਝਣਾਂ ਨੂਰ ਮਹਿਲ ਦੀ ਮੋਰੀ
ਕੌਣ ਹੈ ਇਹ ਸ਼ੌਂਕੀ ?

ਪੰਜਾਬੀ ਸਭਿਆਚਾਰਕ ਗੀਤਾਂ ਦਾ ਪਹਿਲਾ ਮੀਲ ਪੱਥਰ ਐ ਸ਼ੌਂਕੀ, ਜਿਸਦਾ ਪੂਰਾ ਨਾਮ ਐ ਅਮਰ ਸਿੰਘ ਸ਼ੌਂਕੀ। ਅਮਰ ਸਿੰਘ ਸ਼ੌਂਕੀ ਨੇ ਢੱਡ ਸਾਰੰਗੀ ਨਾਲ ਗਾਇਆ, ਇਸ ਕਰਕੇ ਉਹਨਾਂ ਨੂੰ ਢਾਡੀ ਅਮਰ ਸਿੰਘ ਸ਼ੌਂਕੀ ਵੱਜੋਂ ਜਾਣਿਆ ਜਾਂਦਾ ਹੈ। ਅਮਰ ਸਿੰਘ ਦਾ ਜਨਮ ਦੁਆਬੇ ਦੇ ਕਿਸਾਨ ਪ੍ਰੀਵਾਰ ਵਿੱਚ 15 ਅਗਸਤ 1916 ਨੂੰ ਪਿੰਡ ਭੱਜਲਾਂ ਹੁਣ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਉਹਨਾਂ ਨੇ ਸੰਗੀਤ ਦੀ ਤਾਲੀਮ ਸਿਆਲਕੋਟ ਦੇ ਬਾਬਾ ਮਾਨ ਸਿੰਘ ਤੋਂ ਲਈ। ਸਰਵਨ ਸਿੰਘ ਅਤੇ ਮੋਹਨ ਸਿੰਘ ਨਾਲ ਰਲਕੇ ਢਾਡੀ ਜੱਥਾ ਬਣਾਇਆ। ਸ਼ੌਂਕੀ ਸਾਹਿਬ ਨੇ ਮਿਰਜ਼ਾ ਸਾਹਿਬਾਂ, ਪੂਰਨ ਭਗਤ, ਹੀਰ ਰਾਂਝਾ ਤੋਂ ਇਲਾਵਾ ਸਿੱਖ ਇਤਿਹਾਸ ਤੇ ਲਿਖਿਆ ਵੀ ਕੰਪੋਜ਼ ਵੀ ਕੀਤਾ ਤੇ ਗਾਇਆ ਵੀ। 14 ਅਗਸਤ 1981 ਨੂੰ ਸ਼ੌਂਕੀ ਸਾਹਿਬ ਸਰੀਰਕ ਵਿਛੋੜਾ ਦੇ ਗਏ। ਪਰ ਉਹਨਾਂ ਦੇ ਗੀਤ ਪੰਜਾਬੀਆਂ ਦੀ ਵਿਰਾਸਤ ਬਣ ਗਏ। ਸ਼ੌਂਕੀ ਸਾਹਿਬ ਦੀਆਂ ਤਰਜ਼ਾਂ ਗੀਤ ਹਮੇਸ਼ਾਂ ਪੰਜਾ ਦਰਿਆਵਾਂ ਦੀ ਧਰਤੀ ਤੇ ਵਰਤਮਾਨ ਰਹਿਣਗੇ


ਅਮਰ ਸ਼ੌਂਕੀ

# "ਜੁਗਤੂ, ਇੱਕ ਖਲਨਾਇਕ ਦੀ ਕਥਾ" ਇੱਕ ਆਤਮ-ਕਥਾ

ਗੁਰਮੇਲ ਬੀਰੋਕੇ
ਫ਼ੋਨ: +1604-825-8053

ਕਿਤਾਬ "ਜੁਗਤੂ, ਇੱਕ ਖਲਨਾਇਕ ਦੀ ਕਥਾ" ਪੜ੍ਹੀ ਮੈਂ ਕੁਛ ਸਮਾਂ ਪਹਿਲਾਂ। ਇਸ ਦੇ ਲੇਖਕ ਸਾਧੂ ਬਿਨਿੰਗ (ਡਾਕਟਰ) ਹਨ। ਕਿਤਾਬ ਦੇ 366 ਪੇਜ ਹਨ। ਇਹ ਕਿਤਾਬ ਨਾਵਲ ਦੇ ਰੂਪ ਵਿੱਚ ਲਿਖੀ ਗਈ ਹੈ।ਜਗਤਾਰ ਸਿੰਘ ਜੁਗਤੂ ਆਪਣੀ ਆਤਮ-ਕਥਾ ਸੁਣਾਉਂਦਾ ਹੈ। ਉਹ ਆਪਣੇ ਪ੍ਰਾਇਮਰੀ ਸਕੂਲ ਤੋਂ ਸ਼ੁਰੂ ਕਰਦਾ ਹੈ। ਉਹ ਪ੍ਰਾਇਮਰੀ ਸਕੂਲ ਵਿੱਚ ਹੀ ਝੰਡੇ ਹੇਠਲਾ ਬੱਚਾ ਹੁੰਦਾ ਹੈ। ਜਗਤਾਰ ਜੁਗਤੂ ਉਸ ਸਮੇਂ ਤੋਂ ਹੀ ਬੁਰੇ ਕੰਮ ਸ਼ੁਰੂ ਕਰ ਦਿੰਦਾ ਹੈ, ਪਰ ਉਹ ਇਹਨਾਂ ਕੰਮਾਂ ਨੂੰ ਜੁਗਤਾਂ ਕਹਿੰਦਾ ਹੈ। ਉਹ ਇਹ ਸਾਰੇ ਕਾਰਨਾਮੇ ਬੁਰੇ ਨਹੀਂ ਸਮਝਦਾ, ਸਗੋਂ ਮਾਣ ਮਹਿਸੂਸ ਕਰਦਾ ਹੈ। ਉਹ ਕੁੜੀਆਂ ਛੇੜਨ ਨੂੰ ਅਨੰਦਮਈ ਸਮਝਦਾ ਹੈ।ਮਾਸਟਰਾਂ ਦੀਆਂ ਨੰਗੀਆਂ ਗਾਲ਼ਾਂ ਸੁਣ ਕੇ ਉਸ ਦੀ ਰੂਹ ਖਿੜਦੀ ਹੈ। ਜੇ ਸਕੂਲ ਦਾ ਪੀ.ਟੀ. ਮਾਸਟਰ ਮੁੰਡਿਆਂ ਨੂੰ ਨੰਗੇ ਕਰਦਾ ਹੈ ਤਾਂ ਉਸ ਲਈ ਉਹ ਗੱਲ ਮਾਮੂਲੀ ਹੈ।ਕਿਤਾਬ ਵਿੱਚ ਜੁੱਤੀ ਦੀ ਮਹੱਤਤਾ ਕੁੱਟਣ ਵਾਸਤੇ ਬੜੀ ਕਮਾਲ ਦੀ ਦਿਖਾਈ ਗਈ ਹੈ। ਜੁਗਤੂ ਇਸ ਤਰ੍ਹਾਂ ਦਾ ਇੱਕ ਪ੍ਰਾਣੀ ਹੈ ਜਿਹੜਾ ਅੱਖਾਂ ਬੰਨ੍ਹੇ ਤੋਂ ਵੀ ਕੁੱਟਣ ਵਾਲੇ ਸਾਰੇ ਸੰਦਾਂ ਦੀ ਪਹਿਚਾਣ ਕਰ ਸਕਦਾ ਹੈ। ਉਹ ਵਿਦਵਾਨ ਐਨਾ ਹੈ ਕਿ ਆਪਣੀਆਂ ਅਕਲ-ਮਈ ਗੱਲਾਂ ਸੁਣਾ-ਸੁਣਾ ਕੇ ਇੱਕ ਅਣਭੋਲ ਕਾਮਰੇਡ ਮੁੰਡੇ ਨੂੰ ਰੋਣ ਲਾ ਦਿੰਦਾ ਹੈ। ਜੁਗਤੂ ਦੀ ਮਹਾਨ ਸੋਚ ਮੁਤਾਬਕ ਔਰਤ ਇੱਕ ਵਰਤੋਂ ਦੀ ਚੀਜ਼ ਹੈ। ਜੁਗਤੂ ਆਪਣੇ ਪੁੱਠੇ ਕੰਮਾਂ ਕਾਰਨ ਜਦ ਕਿਸੇ ਕੋਲੋਂ ਕੁੱਟ ਖਾਂਦਾ ਹੈ ਤਾਂ ਬਹੁਤ ਖ਼ੁਸ਼ ਹੁੰਦਾ ਹੈ। ਇਸ ਕਾਰਜ ਨੂੰ ਉਹ ਆਪਣੀ ਮਹਾਨਤਾ ਸਮਝਦਾ ਹੈ। ਜਦ ਭਾਰਤ ਵਿੱਚ ਉਸ ਦੇ "ਉੱਚ ਕਾਰਨਾਮਿਆਂ" ਨਾਲ ਉਸ ਦੀ ਬੇੜੀ ਡੁੱਬਣ ਲੱਗੀ ਤਾਂ ਉਹ ਬਾਹਰਲੇ ਮੁਲਕ ਨੂੰ ਨਿਕਲ ਪਿਆ। ਉਸ ਸਮੇਂ ਉਹ ਸੋਚਦਾ ਹੈ ਕਿ ਮੇਰੀਆਂ ਸੇਵਾਵਾਂ ਦੀ ਲੋੜ ਹੁਣ ਸੱਤ ਸਮੁੰਦਰੋਂ ਪਾਰ ਹੈ।ਕੈਨੇਡਾ ਆ ਪਹੁੰਚਿਆ। ਜਿੱਥੇ ਉਸ ਨੂੰ ਠਾਹਰ ਮਿਲੀ, ਉਸੇ ਘਰ ਦੀਆਂ ਔਰਤਾਂ ਨੂੰ ਉਸ ਨੇ ਹੱਥ ਪਾਇਆ। ਕੁੱਟ ਦੇ ਡਰੋਂ ਖੇਤਾਂ ਵਿੱਚ ਰਿਹਾ। ਖੇਤ ਮਾਲਕ ਦੇ ਘਰ ਚੋਰੀ ਕੀਤੀ। ਮਹਾਨ ਕਾਰਜ ਕੀਤਾ। ਉਹ ਗੁਰਦਵਾਰਿਆਂ ਤੇ ਚਰਚਾਂ ਵਾਲਿਆਂ ਨੂੰ ਜੁਗਤਾਂ ਦੱਸਦਾ ਰਿਹਾ। ਇੱਕ ਬੀਮੇ ਵੇਚਣ ਵਾਲੇ ਨੂੰ ਬੀਮੇ ਵੇਚਣ ਲਈ ਪੁੱਠੇ ਤਰੀਕੇ ਦੱਸਦਾ ਹੈ, ਨਾਮਣਾ ਖੱਟਦਾ ਹੈ। ਮੋਹ-ਪਿਆਰ ਤੇ ਸਤਿਕਾਰ ਵਾਲੇ ਸ਼ਬਦ ਉਸ ਦੇ ਮਨ ਦੇ ਸ਼ਬਦ-ਕੋਸ ਵਿੱਚ ਨਹੀਂ ਹਨ।ਗਾਉਣ ਵਾਲਿਆਂ ਨੂੰ ਉਹ ਲੁੱਚੇ ਗਾਣੇ ਗਾਉਣ ਦੀਆਂ ਤਰਕੀਬਾਂ ਸਮਝਾਉਂਦਾ ਹੈ। ਉਹ ਕਹਿੰਦਾ ਹੈ ਕਿ ਅਸ਼ਲੀਲ ਸ਼ਬਦਾਂ ਦੀ ਗੀਤਾਂ ਵਿੱਚ ਵਰਤੋਂ ਕਰੋ। ਔਰਤ ਨੂੰ ਗੀਤਾਂ ਦੇ ਸ਼ਬਦਾਂ ਵਿੱਚ ਫਿੱਟ ਕਰੋ ਤਾਂ ਥੋਡੇ ਕੋਲ ਲਕਸ਼ਮੀ ਆਵੇਗੀ।ਜੁਗਤੂ ਇੱਕ ਮਨੁੱਖ ਨਹੀਂ ਹੈ। ਉਹ ਇੱਕ ਅਜੋਕੇ ਸਮੇਂ ਦਾ ਸਿਸਟਮ ਹੈ। ਅਜੋਕੇ ਸਮੇਂ ਵਿੱਚ ਜੋ ਕੁਛ ਇੱਕ ਵੋਟਾਂ ਵਾਲੇ ਮਹਾਨ ਲੀਡਰਾਂ ਵਿੱਚ ਹੈ, ਉਹ ਸਭ ਜੁਗਤੂ ਵਿੱਚ ਹੈ। ਦੂਜੇ ਪਾਸੇ ਕਿਤਾਬ ਪੜ੍ਹ ਕੇ ਇਹ ਵੀ ਮਹਿਸੂਸ ਹੁੰਦਾ ਹੈ ਕਿ ਅੱਜ ਹਰੇਕ ਵੋਟਾਂ ਵਾਲਾ ਨੇਤਾ ਜੁਗਤੂ ਹੀ ਹੈ। ਜੁਗਤੂ ਜਾਂ ਅਜੋਕੇ ਵੋਟਾਂ ਵਾਲੇ ਜੁਗਤੂਆਂ ਮੁਤਾਬਕ ਜ਼ਿਆਦਾ ਬੁੱਧੀਮਾਨ ਲੋਕ ਫ਼ੇਲ੍ਹ ਹਨ।ਜੁਗਤੂ ਮੁਤਾਬਕ ਹਰ ਕਾਰਪੋਰੇਟਵਾਦੀ ਪ੍ਰਾਣੀ ਵਿੱਚ ਸਾਡੇ ਮਹਾਨ ਜੁਗਤੂਆਂ ਵਾਲੇ ਗੁਣਾਂ ਦਾ ਹੋਣਾ ਲਾਜ਼ਮੀ ਹੁੰਦਾ ਹੈ। ਜੁਗਤੂ ਜੀ ਮੁਤਾਬਕ ਅਸੀਂ ਲੋਕ ਆਪਣੀ ਮਾਂ, ਭੈਣ, ਘਰਵਾਲੀ ਤੇ ਧੀ ਨੂੰ ਆਪਣੇ ਫ਼ਾਇਦੇ ਲਈ ਕਿਤੇ ਵੀ ਵਰਤ ਸਕਦੇ ਹਾਂ। ਕਿਤਾਬ ਵਿਚਲਾ ਜੁਗਤੂ ਆਪਣੇ ਆਪ ਨੂੰ ਮਹਾਨ ਸਮਝਣ ਵਾਲਾ ਅਖੀਰ ਨੂੰ ਆਪਣੇ ਤੋਂ ਵਧੇਰੇ ਤਾਕਤਵਰ ਲੋਕਾਂ ਜਾਂ ਸਿਸਟਮ ਦੇ ਧੱਕੇ ਚੜ੍ਹ ਜਾਂਦਾ ਹੈ। ਉੱਥੇ ਉਸ ਦੀਆਂ ਜੁਗਤਾਂ ਫ਼ੇਲ੍ਹ ਹੋ ਜਾਂਦੀਆਂ ਹਨ। ਕਿਤਾਬ ਵਿਚਲੇ ਜੁਗਤੂ ਦੇ ਕਾਰਨਾਮਿਆਂ ਵਾਂਗਰ ਹੀ ਪੂਰਾ ਸੰਸਾਰ ਚੱਲ ਰਿਹਾ ਹੈ। ਇੱਕ ਬੁਰਾਈ ਦੂਜੀ ਵੱਡੀ ਬੁਰਾਈ ਥੱਲੇ ਦਬ ਜਾਂਦੀ ਹੈ। ਕੁਛ ਕੁ ਸਮਝਣ ਤੇ ਸੋਚਣ ਵਾਲੇ ਲੋਕ, ਥੱਲੇ ਦਬ ਚੁੱਕੇ ਸਿਸਟਮ ਜਾਂ ਬੁਰਾਈ ਨੂੰ ਫੇਰ ਅੱਛਾ ਸਮਝਣ ਜਾਂ ਕਹਿਣ ਲੱਗ ਜਾਂਦੇ ਹਨ। ਕੁਦਰਤ ਆਪਣੇ ਆਪ ਕੁਛ ਵੀ ਬੁਰਾ ਜਾਂ ਭੈੜਾ ਨਹੀਂ ਉਪਜਦੀ। ਬੁਰੀ ਉਤਪਤੀ ਪਿੱਛੇ ਕੋਈ ਨਾ ਕੋਈ ਕਾਰਨ ਹੁੰਦਾ ਹੈ। ਜਗਤਾਰ ਵੀ ਕਾਰਨਾਂ ਦੇ ਅਧੀਨ ਜੁਗਤੂ ਬਣਿਆ। ਇਸੇ ਤਰ੍ਹਾਂ ਬਹੁਤ ਬੁਰਾ ਸਿਸਟਮ ਵੀ ਇੱਕ ਘੱਟ ਬੁਰੇ ਸਿਸਟਮ ਵਿੱਚੋਂ ਹੀ ਜਨਮ ਲੈਂਦਾ ਹੈ। ਇਹੋ ਕੁਛ ਪੀੜ੍ਹੀ ਦਰ ਪੀੜ੍ਹੀ ਚੱਲ ਰਿਹਾ ਹੈ...। ਕਿਤਾਬ ਪਾਠਕ ਨੂੰ ਇਹ ਗੱਲ ਵੀ ਦੱਸਦੀ ਹੈ ਕਿ ਸਮੇਂ ਅਨੁਸਾਰ ਕਿਵੇਂ ਜਵਾਨੀ ਲੀਹਾਂ ਬਣਾਉਂਦੀ ਹੈ। ਜਵਾਨੀ ਕਦੇ ਕਾਮਰੇਡ ਬਣਦੀ ਹੈ, ਕਦੇ ਕਬੱਡੀ ਖਿਡਾਰੀ ਤੇ ਕਦੇ ਗਾਇਕ।ਪ੍ਰਿੰਟ ਕਰਨ ਤੋਂ ਪਹਿਲਾਂ ਕਿਤਾਬ ਦਾ ਪਰੂਫ਼ ਨਹੀਂ ਪੜ੍ਹਿਆ ਗਿਆ ਜਾਪਦਾ। ਸ਼ਬਦ-ਜੋੜ ਕਾਫ਼ੀ ਗ਼ਲਤ ਹਨ। ਇਹ ਛਾਪਣ ਵਾਲੇ ਦੀ ਕਾਹਲ਼ੀ ਜਾਪਦੀ ਹੈ। ਦੂਜਾ ਲੇਖਕ ਦੇ ਇਲਾਕੇ ਕਾਰਨ ਜਾਂ ਕਿਸੇ ਹੋਰ ਗੱਲ ਕਾਰਨ, ਉਹ ਜਵਾਰ ਤੇ ਮੱਕੀ ਦੀ ਫ਼ਸਲ ਵਿੱਚ ਅੰਤਰ ਨਹੀਂ ਸਮਝਦਾ।ਕਿਤਾਬ ਪੜ੍ਹਨ ਵਾਲੀ ਹੈ।




ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220

facebook
ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਹਰਪ੍ਰੀਤ ਸੰਧੂ ਦੇ ਮੋਰ ਬਹਾਨੇ ਕਿੰਨਾ ਕੁੱਝ ਚੇਤੇ ਆਇਆ

ਰਾਣੀ ਤੱਤ ਕਾਵਿ ਪੁਸਤਕ ਦੇ ਲੇਖਕ ਹਰਮਨ ਨੇ ਪਿੱਛੇ ਜਹੇ ਤਰਸੇਮ ਜੱਸੜ ਦੀ ਇੱਕ ਫਿਲਮ ਵਿੱਚ ਗੀਤ ਲਿਖਿਆ ਹੈ। ਜਿਸ ਨੂੰ ਸਾਡੇ ਬਟਾਲੇ ਦੀ ਗੁਣਵੰਤੀ ਧੀ ਨਿਮਰਤ ਖਹਿਰਾ ਤੇ ਬਹੁਤ ਹੀ ਸੁਰਵੰਤੀ ਪੁੱਤਰੀ ਨੂਰ ਚਾਹਲ ਨੇ ਗਾਇਆ ਹੈ। ਇਸ ਨੂੰ ਬਹੁਤ ਮਿੱਠੇ ਗਿਆਨਵੰਤੇ ਪੁੱਤਰ ਗੁਰਮੋਹ ਨੇ ਸੰਗੀਤਬੱਧ ਕੀਤਾ ਹੈ।

ਤੁਸੀਂ ਪੁੱਛੋਗੇ ਕਿ ਤੇਰੇ ਕਿੰਨੇ ਕੁ ਧੀਆਂ ਪੁੱਤਰ ਨੇ ?

ਮੇਰਾ ਉੱਤਰ ਹੈ ਕਿ ਧਰਤੀ ਦੀ ਹਰ ਖ਼ੂਬਸੂਰਤੀ ਤੇ ਮੇਰਾ ਸੰਪੂਰਨ ਹੱਕ ਹੈ। ਮਿਲਿਆਂ ਤਾਂ ਸਿਰਫ਼ ਇੱਕੋ ਵਾਰ ਤਰਸੇਮ ਜੱਸੜ ਨੂੰ ਹੀ ਹਾਂ। ਉਹ ਵੀ ਰਾਤ ਦੇ ਘੁਸਮੁਸੇ ਵਿੱਚ। ਕਈ ਸਾਲ ਪਹਿਲਾਂ ਉਹ ਅਜੇ ਗੀਤਕਾਰ ਸੀ ਪਰ ਗਾਇਕੀ ਲਈ ਪਰ ਤੋਲ ਰਿਹਾ ਸੀ।ਪੰਜਾਬੀ ਫ਼ਿਲਮ ਜਗਤ ਦੀ ਵੱਡੀ ਹਸਤੀ ਬਣ ਚੁੱਕੇ ਤਰਸੇਮ ਦੇ ਕੰਮ ਨੂੰ ਮੈਂ ਮਾਣਦਾ ਹਾਂ।ਨਿਮਰਤ ਨੂੰ ਕਦੇ ਨਹੀਂ ਮਿਲਿਆ ਪਰ ਮੇਰੇ ਪੇਕੇ ਸ਼ਹਿਰ ਬਟਾਲੇ ਦੀ ਹੈ ਉਹ ਸਤਿੰਦਰ ਸੱਤੀ ਵਾਂਗ। ਸੱਤੀ ਤਾਂ ਬਹੁਤ ਹੀ ਪਿਆਰੀ ਧੀ ਹੋਣ ਦੇ ਨਾਲ ਨਾਲ ਗੁਣਿਆਰੀ ਹੈ।ਕਿਸੇ ਸੰਗੀਤ ਮੁਕਾਬਲੇ ਵਿੱਚ ਨਿਮਰਤ ਆਉਂਦੀ ਸੀ ਤਾਂ ਮੈਂ ਸਾਹ ਰੋਕ ਕੇ ਸੁਣਦਾ ਤੇ ਦੇਖਦਾ। ਸੱਤੀ ਦਾ ਮੰਚ ਸੰਚਾਲਨ ਸੀ। ਲੱਗਦਾ ਕਿ ਬਟਾਲੇ ਵਿੱਚ ਹੀ ਹਾਂ।ਨੂਰ ਚਾਹਲ ਨੂੰ ਪਹਿਲੀ ਵਾਰ ਸੁਣਿਆਂ ਤਾਂ ਲੱਭ ਲਭਾ ਕੇ ਉਸ ਦੇ ਬਾਬਲ ਨਾਲ ਗੱਲ ਕੀਤੀ।ਗੁਰਮੋਹ ਦਾ ਨਾਮ ਚਰਨਜੀਤ ਸਿੰਘ ਤੇਜਾ ਤੇ ਹਰਪ੍ਰੀਤ ਸਿੰਘ ਕਾਹਲੋਂ ਤੋਂ ਅਨੇਕ ਵਾਰ ਸੁਣਿਆ ਗੁਰਸ਼ਬਦ ਵਾਂਗ।ਸਾਰੇ ਨਵੀਂ ਪੀੜ੍ਹੀ ਦੇ ਮਹਿਕਦੇ ਗੁਲਾਬ ਹਨ। ਮੇਰੇ ਸਾਹਾਂ ਸਵਾਸੀਂ ਮਿਸ਼ਰੀ ਘੋਲ਼ਦੇ ਰਣਜੀਤ ਬਾਵਾ ਵਾਂਗ।ਤੁਸੀਂ ਜ਼ਰੂਰ ਕਹੋਗੇ ਕਿ ਬਾਵਾ ਵੀ ਭਲਾ ਬਟਾਲੇ ਦਾ ਹੈ ? ਹਾਂ ਜੀ ਬਟਾਲੇ ਨੇੜੇ ਵਡਾਲਾ ਗ੍ਰੰਥੀਆਂ ਦਾ ਬਾਜਵਾ। ਪਿੱਛੋਂ ਬਹੁਤੇ ਬਾਦਲਿਆਂ ਵਾਂਗ ਸਿਆਲਕੋਟੀਆ।ਪਰ ਮੈਂ ਕੀ ਕਰਾਂ ! ਪੇਕਿਆਂ ਦਾ ਮੋਹ ਮਾਰ ਜਾਂਦਾ ਹੈ। ਹੈਣ ਵੀ ਸੁਰੀਲੇ ਜਸਬੀਰ ਜੱਸੀ ਤੇ ਗੁਰੂ ਰੰਧਾਵੇ ਵਾਂਗ। ਸ਼ਿਵ ਕੁਮਾਰ ਦੀ ਜੂਹ ਦਾ ਜਲ ਪੀਣ ਵਾਲੇ। ਤੁਸੀਂ ਤਾਂ ਕੱਲ੍ਹ ਨੂੰ ਇਹ ਵੀ ਕਹੋਗੇ ਕਿ ਗੁਰਪ੍ਰੀਤ ਘੁੱਗੀ ਨੂੰ ਕਿਉਂ ਸਲਾਹੁੰਦੈਂ ?ਉਹ ਵੀ ਮੇਰਾ ਗਿਰਾਈਂ ਹੈ। ਖੋਖਰ ਫੌਜੀਆਂ ਤੋਂ ਖੰਡ ਮਿੱਲ ਨੇੜਲਾ। ਤਾਂ ਹੀ ਪੋਨੇ ਕਮਾਦ ਦੇ ਗੰਨੇ ਵਰਗਾ ਹੈ। ਕੀ ਹੋਇਆ ਉਸ ਨੂੰ ਜਲੰਧਰ ਲੈ ਗਿਆ। ਰੋਟੀ ਪਿੱਛੇ ਰਿੜ੍ਹਦਾ ਰਿੜ੍ਹਦਾ ਮੈਂ ਵੀ ਤਾਂ ਲੁਧਿਆਣੇ ਰਹਿ ਗਿਆਂ। ਆਟਾ ਬੜੀ ਵੱਡੀ ਹਕੀਕਤ ਹੈ।ਏਡੀ ਵੀ ਗੱਲ ਨਹੀਂ, ਮੈਨੂੰ ਹੰਸ ਰਾਜ ਹੰਸ, ਸਰਦੂਲ ਸਿਕੰਦਰ, ਫੀਰੋਜ਼ਖਾਨ, ਨਛੱਤਰ ਗਿੱਲ, ਗੁਰਦੀਪ ਸਿੰਘ ,ਕੰਠ ਕਲੇਰ, ਖਾਨ ਸਾਹਿਬ, ਟਾਈਗਰ ਤੇ ਕਿੰਨੇ ਹੋਰ ਗਾਇਕ ਵੀ ਤਾਂ ਚੰਗੇ ਲੱਗਦੇ ਨੇ। ਇਨ੍ਹਾਂ ਵਿੱਚੋਂ ਇੱਕ ਵੀ ਗੁਰਦਾਸਪੁਰੀਆ ਨਹੀਂ। ਮੈਂ ਅਮਰਜੀਤ ਗੁਰਦਾਸਪੁਰੀ ਤੇ ਹਰਦੇਵ ਖ਼ੁਸ਼ਦਿਲ ਨੂੰ ਬਚਪਨ ਤੋਂ ਸੁਣਿਆ ਹੈ। ਬੇ ਸੁਰੇ ਸੰਘੋਂ ਨਹੀਂ ਲਹਿੰਦੇ। ਹਰਦੇਵ ਖ਼ੁਸ਼ਦਿਲ ਤਾਂ ਮੇਰੇ ਪਿੰਡ ਬਸੰਤਕੋਟ ਦਾ ਹੀ ਜੰਮਪਲ ਸੀ।ਗੱਲ ਤਾਂ ਹਰਪ੍ਰੀਤ ਸੰਧੂ ਦੇ ਮੋਰ ਤੋਂ ਤੁਰੀ ਸੀ। ਮਾਨਸਾ ਵਾਲੇ ਹਰਮਨ ਦੇ ਗੀਤ ਰਾਹੀਂ ਕਿੱਧਰ ਤੁਰ ਪਈ।ਮੋੜਾਂ ਕੱਟੀਏ ! ਗੀਤ ਗਾਇਆ ਸੀ ਨਿਮਰਤ ਖਹਿਰਾ ਤੇ ਨੂਰ ਚਾਹਲ ਨੇ।



ਮੈਂ ਤਾਂ ਚਾਦਰਾਂ ਤੇ ਕੱਢਿਆ ਸੀ ਧਾਗਿਆਂ ਦੇ ਨਾਲ
ਸੱਚੀਂ ਮੁੱਚੀਂ ਦਾ ਮੋਰ ਕਿੱਥੋਂ ਆ ਗਿਆ ਨੀ ਮਾਂ।

ਹਰਪ੍ਰੀਤ ਸੰਧੂ ਦੀ ਅੱਖ ਨੇ ਮੋਰ ਵੇਖਿਆ ਤੇ ਕੈਮਰੇ ਵਿੱਚ ਕੈਦ ਕੀਤਾ ਮੋਰ ਵੀ ਸੱਚੀਂ ਮੁੱਚੀਂ ਦਾ ਮੋਰ ਲੱਗਦੈ।

ਮੂੰਹੋਂ ਬੋਲਦਾ ਮੋਰ।

ਮੈਂ ਆਪਣੀ ਕਿਤਾਬ ਮੋਰਪੰਖ ਜਦ ਹੁਣ ਕਦੇ ਛਾਪੀ ਤਾਂ ਉਸ ਦੇ ਮੁੱਖ ਪੰਨੇ ਤੇ ਸਜਾਉਣ ਲਈ ਇਹ ਤਸਵੀਰ ਮੰਗਾਂਗਾ।

ਜੇ ਮੰਨ ਗਿਆ ਤਾਂ ਰੌਣਕ ਲੱਗ ਜਾਵੇਗੀ ਕਿਤਾਬ ਦੇ ਮੱਥੇ ਤੇ।ਮੋਰ ਬਾਰੇ ਇੱਕ ਗੱਲ ਪੁਰਾਣੀ ਯਾਦ ਆ ਗਈ ਜੋ ਕਦੇ ਸ. ਗੁਰਦੇਵ ਸਿੰਘ ਮਾਨ ਤੇ ਨੰਦ ਲਾਲ ਨੂਰਪੁਰੀ ਦੇ ਹਵਾਲੇ ਨਾਲ ਗਿਆਨੀ ਰਾਮ ਨਰੈਣ ਸਿੰਘ ਦਰਦੀ ਜੀ ਨੇ ਸੁਣਾਈ ਸੀ।ਨਰਿੰਦਰ ਬੀਬਾ ਤੇ ਹਰਚਰਨ ਗਰੇਵਾਲ ਨੇ ਗੁਰਦੇਵ ਸਿੰਘ ਮਾਨ ਦਾ ਲਿਖਿਆ ਇੱਕ ਗੀਤ ਗਾਇਆ।

ਚੁੱਕ ਲਿਆ ਮੋਰ ਬਣ ਕੇ ਮੇਰੀ ਡਿੱਗ ਪਈ
ਚਰ੍ਹੀ ਦੇ ਵਿੱਚ ਗਾਨੀ।

ਗੀਤ ਬਹੁਤ ਸੁਣਿਆ ਗਿਆ। ਕੁਝ ਦਿਨਾਂ ਬਾਅਦ ਕਿਸੇ ਕਵੀ ਦਰਬਾਰ ਤੇ ਨੰਦ ਲਾਲ ਨੂਰਪੁਰੀ ਤੇ ਗੁਰਦੇਵ ਸਿੰਘ ਮਾਨ ਇਕੱਠੇ ਹੋਏ।ਨੂਰਪੁਰੀ ਜੀ ਨੇ ਕਿਹਾ, ਮਾਨ ! ਗੀਤ ਲਿਖਣਾ ਤੁਹਾਡੇ ਜੱਟਾਂ ਦੇ ਵੱਸ ਦੀ ਗੱਲ ਨਹੀਂ, ਇਹ ਕੰਮ ਸਾਡੇ ਲਈ ਛੱਡ ਦਿਉ। ਤੁਸੀਂ ਹੋਰ ਵੱਡੇ ਮੋਟੇ ਕੰਮ ਕਰ ਲਿਆ ਕਰੋ। ਵਾਰ ਜਾਂ ਜੰਗਨਾਮੇ ਲਿਖੋ। ਗੀਤ ਬਾਰੀਕ ਅੱਖ ਮੰਗਦਾ ਹੈ।ਮਾਨ ਸਾਹਿਬ ਦਾ ਨੂਰਪੁਰੀ ਸਾਹਿਬ ਦਾ ਸ਼ੁਗਲ ਮੇਲਾ ਚੱਲਦਾ ਸੀ। ਉਹ ਬੋਲਿਆ , ਉਇ ਨਿੱਕੀ ਹਥੋੜੀ ਵਾਲਿਆ ! ਤੂੰ ਦੱਸ ਮੇਰੇ ਗੀਤਾਂ ਵਿੱਚ ਕੀ ਖੋਟ ਹੈ ?

ਨੂਰਪੁਰੀ ਬੋਲੇ, ਮਾਨ ਗੁੱਸਾ ਨਾ ਕਰੀਂ , ਤੂੰ ਗਾਨੀ ਲੱਭਣ ਲਈ ਥੱਬਾ ਭਰ ਖੰਭਾਂ ਵਾਲੇ ਮੋਰ ਨੂੰ ਵਾੜ ਰਿਹੈ, ਜੇ ਉਹ ਤੇਰੇ ਆਖੇ ਲੱਗ ਕੇ ਚਰ੍ਹੀ ਵਿੱਚ ਗਾਨੀ ਲੱਭਣ ਜਾ ਹੀ ਵੜੇ ਤਾਂ ਏਨੇ ਖੰਭ ਲੈ ਕੇ ਵਾਪਸ ਕਿਵੇਂ ਪਰਤੇਗਾ ? ਉਹਦੇ ਕੋਲੋ ਤੇ ਮੁੜਿਆ ਹੀ ਨਹੀਂ ਜਾਣਾ। **ਹਰਪ੍ਰੀਤ ਸੰਧੂ ਦਾ ਮੋਰ ਜ਼ਿੰਦਾਬਾਦ।**

**ਗੁਰਭਜਨ ਗਿੱਲ**



ਡਾ. ਬਲਵਿੰਦਰ ਕੌਰ ਬਰਾੜ
403 590 9629

## ਉਹ ਵੇਲਾ ਯਾਦ ਕਰ



# ਕਈ ਲੋਕ ਦਰਵੇਸ਼ੀ ਦਿੱਖ ਹੇਠ ਪੂਰੇ ਠੱਗ ਨਿਕਲ਼ਦੇ ਹਨ

ਉਸ ਦੀਆਂ ਗੱਲਾਂ ਸੁਣੋ ਕੀ ਰੰਗ ਕੀ ਕੀ ਰੋਸ਼ਨੀ
ਹਾਏ ਪਰ ਕਿਰਦਾਰ ਤੇ ਗਲਬਾਤ ਵਿੱਚਲਾ ਫਾਸਲਾ
ਜ਼ਹਿਰ ਦਾ ਪਿਆਲਾ ਮੇਰੇ ਹੋਠਾਂ ’ਤੇ ਆ ਕੇ ਰੁਕ ਗਿਆ
ਰਹਿ ਗਿਆ ਮੇਰੇ ਅਤੇ ਸੁਕਰਾਤ ਵਿੱਚਲਾ ਫਾਸਲਾ।

ਸੁਰਜੀਤ ਪਾਤਰ

ਪੈਕਿੰਗ ਦੇ ਇਸ ਯੁਗ ਅੰਦਰ ਘਰੋਂ ਬਾਹਰ ਜੋ ਵੀ ਮਿਲਦਾ ਹੈ ਬਸ ਮੂੰਹ ’ਤੇ ਮਖੌਟਾ ਪਾ ਕੇ ਹੀ ਮਿਲਦਾ ਹੈ। ਅਸੀਂ ਮੂੰਹ ਦੀ ਮੁਸਕਰਾਹਟ ਦੇਖ ਕੇ ਜਾਂ ਮੱਥੇ ’ਤੇ ਉਘੜੇ ਤ੍ਰਿਸ਼ੂਲ ਦੇਖ ਕੇ ਹੀ ਅਨੁਮਾਨ ਲਗਾ ਸਕਦੇ ਹਾਂ ਕਿ ਅੰਦਰ ਦੀ ਥਾਹ ਕਿੱਥੇ ਤੱਕ ਪਾਈਏ। ਮਨੁੱਖ ਇੰਨਾਂ ਪਰਤਾਂ ਹੇਠ ਪਰੋਸਿਆ ਜਾ ਰਿਹਾ ਹੈ ਕਿ ਖੁੱਲ੍ਹੀ ਕਿਤਾਬ ਵਾਂਗ ਪੜ੍ਹਿਆ ਜਾਣਾ ਹੋਰ ਵੀ ਔਖਾ ਹੋਈ ਜਾਂਦਾ ਹੈ। ਅੱਜ ਕੱਲ੍ਹ ਲੋਕਾਂ ਨੇ ਆਪਣਾ ਆਪ ਛੁਪਾ ਲੈਣ ਵਿੱਚ ਮੁਹਾਰਤ ਹਾਸਿਲ ਕਰ ਰੱਖੀ ਹੈ। ਅਸੀਂ ਮਿਲਦੇ ਸਖ਼ਸ਼ ਦੇ ਪਹਿਰਾਵੇ, ਬੋਲ ਚਾਲ ਜਾਂ ਵਿਵਹਾਰ ਤੋਂ ਬਸ ਕਿਆਸ ਹੀ ਕਰ ਸਕਦੇ ਹਾਂ। ਕਈ ਲੋਕ ਦਰਵੇਸ਼ੀ ਦਿੱਖ ਹੇਠ ਪੂਰੇ ਠੱਗ ਨਿਕਲ਼ਦੇ ਹਨ, ਕਈ ਵੇਖਣ ਨੂੰ ਲਗਦੇ ਠੱਗ ਵੀ ਵਧੀਆ ਕਿਰਦਾਰ ਨਿਭਾ ਜਾਂਦੇ ਹਨ। ਇਉਂ ਹੋਰਨਾਂ ਬਾਰੇ ਸਾਡਾ ਅਨੁਮਾਨ ਬਿਨਾ ਨਜ਼ਰ ਤੋਂ ਵੇਖੇ ਹਾਥੀ ਵਾਲ਼ਾ ਹੀ ਹੋ ਜਾਂਦਾ ਹੈ। ਹਰ ਮਨੁੱਖ ਦੀ ਬਸ ਕਾਤਰ ਹੀ ਦਿਸਦੀ ਜਾਂ ਪਰਖੀ ਜਾ ਸਕਦੀ ਹੈ, ਜਿਵੇਂ ਸਮੁੰਦਰ ਵਿੱਚ ਤੈਰਦਾ ਗਲੇਸ਼ੀਅਰ ਹੋਵੇ। ਕਿਸੇ ਵੀ ਸਖ਼ਸ਼ ਵਿੱਚ ਏਨੀਆਂ ਤਹਿਆਂ ਜਾਂ ਪਰਤਾਂ ਦਾ ਆ ਜਾਣਾ ਇੱਕ ਖ਼ੂਬੀ ਕਹੀ ਜਾ ਸਕਦੀ ਹੈ। ਜਾਂ ਤਾਂ ਲੋਕ ਸ਼ਾਤਰ ਹੀ ਏਨੇ ਹਨ ਕਿ ਆਪਣੀ ਅਸਲੀਅਤ ਨੂੰ ਛੁਪਾ ਕੇ ਨਕਲੀ ਹੋਂਦ ਸਾਡੇ ਤੱਕ ਅਪੜਾ ਰਹੇ ਹਨ ਜਾਂ ਸਾਡੀ ਬੁੱਧੀ ਦਾ ਹੀ ਕੱਦ ਛੋਟਾ ਹੋਣ ਕਰ ਕੇ ਅਸੀਂ ਫੇਲ੍ਹ ਹੋ ਜਾਂਦੇ ਹਾਂ। ਇੱਕ ਫ਼ਰਿਸ਼ਤੇ ਵਰਗੇ ਆਦਮੀ ਦੀ ਅਜਿਹੀ ਤਹਿ ਉਘੜਦੀ ਵੇਖੀ ਹੈ ਕਿ ਉਸ ਅੰਦਰ ਬਹੁਤ ਭੈੜਾ, ਲਾਲਚੀ ਅਤੇ ਠੱਗ ਆਦਮੀ ਉਜਾਗਰ ਹੋ ਜਾਂਦਾ ਹੈ। ਭੱਜ ਦੌੜ ਕਰਦੇ ਹੋਏ ਕਿਸੇ ਦੂਜੇ ਲਈ ਮਿਲਣ ਦਾ ਸਮਾ ਇਤਨਾ ਛੋਟਾ ਪੈ ਜਾਂਦਾ ਹੈ ਕਿ ਅਸੀਂ ਰੱਜ ਕੇ ਕਿਸੇ ਨੂੰ ਮਿਲ ਹੀ ਨਹੀਂ ਸਕਦੇ। ਸਭ ਸਾਂਝਾਂ ਵਿੱਚੋਂ ਕਈ ਮਿੱਤਰ ਕਦੇ ਰਾਹਾਂ ’ਚ, ਕਦੇ ਬਾਹਾਂ ’ਚ ਤੇ ਕਦੇ ਸਾਹਾਂ ਤੱਕ ਨਾਲ਼ ਨਿਭਦੇ ਨਜ਼ਰ ਆਉਂਦੇ ਹਨ। ਫੇਰ ਵੀ ਕਈ ਲੋਕ ਆਪਣੀ ਜੱਟ ਸੌਦੇ ਵਾਲ਼ੀ ਤੱਕ ਨਾਲ਼ ਹੀ ਪੂਰੇ ਅਨੁਮਾਨ ਤੱਕ ਜਾ ਅਪੜਦੇ ਹਨ। ਮੈਨੂੰ ਆਪਣੀ ਇਸ ਤੱਕ ’ਤੇ ਕਾਫ਼ੀ ਅਰਸਾ ਮਾਣ ਰਿਹਾ ਪਰ ਮੈਂ ਅੱਜ ਇੱਕ ਘਟਨਾ ਦਾ ਉਲੇਖ ਕਰਨ ਲੱਗੀ ਹਾਂ ਜਿੱਥੇ ਮੈਂ ਫੇਲ੍ਹ ਹੋਈ ਹਾਂ। ਸਭ ਨਾਲ਼ ਹੀ ਇਉਂ ਹੋ ਸਕਦਾ ਹੈ। ਕੈਲਗਰੀ ਦੇ ਇੱਕ ਗਿੱਧਾ ਸਮਾਗਮ ਵਿੱਚ ਜਾਣ ਦਾ ਮੌਕਾ ਮਿਲਿਆ। ਹਾਲ ਦੇ ਗੇਟ ’ਤੇ ਇੱਕ ਨੌਜਵਾਨ ਕੈਮਰਾ ਲੈ ਕੇ ਖੜ੍ਹਾ ਮਿਲਿਆ। ਮੈਂ ਮਨ ਹੀ ਮਨ ਸੋਚਿਆ ਇਹ ਲੜਕਾ ਕੈਮਰੇ ਦੇ ਬਹਾਨੇ ਸੋਹਣੀਆਂ ਕੁੜੀਆਂ ਦਾ ਝਾਕਾ ਲੈਣ ਆਇਆ ਹੈ। ਉਹ ਪੂਰੀ ਟੌਹਰ ਕੱਢ ਕੇ ਖ਼ੁਸ਼ਖ਼ਤ ਲਿਖੇ ਅੱਖਰਾਂ ਵਰਗੀਆਂ ਮੁੱਛਾਂ ਦਾੜ੍ਹੀ ਬਣਾ ਕੇ ਫਬਦੇ ਕੱਪੜਿਆਂ ਵਿੱਚ ਤਰ-ਤਰ ਕਰਦੀਆਂ ਨਜ਼ਰਾਂ ਨਾਲ਼ ਮੜਕਵੀਂ ਤੋਰ ਤੁਰਦਾ ਮੈਨੂੰ ਗੇਟ ਤੋਂ ਅੰਦਰ ਤੱਕ ਛੱਡ ਕੇ ਗਿਆ। ਫੇਰ ਉਹ ਛੋਟੀਆਂ ਬੱਚੀਆਂ ਦੀਆਂ ਫੋਟੋਆਂ ਲੈ ਰਿਹਾ ਸੀ। ਹਾਲ ਪੂਰਾ ਭਰਿਆ ਸੀ। ਮੈਂ ਮੂਹਰਲੀਆਂ ਕੁਰਸੀਆਂ ’ਤੇ ਬੈਠੀ ਸੀ। ਥੋੜ੍ਹੀ ਦੇਰ ਮਗਰੋਂ ਉਹ ਲੜਕਾ ਮੇਰੇ ਮੂਹਰੇ ਆ ਕੇ ਜ਼ਮੀਨ ’ਤੇ ਬੈਠਾ ਤਾਂ ਮੈਂ ਉਸ ਨੂੰ ਮੇਰੇ ਨਾਲ਼ ਦੀ ਖਾਲੀ ਪਈ ਕੁਰਸੀ ’ਤੇ ਬੈਠਣ ਲਈ ਕਿਹਾ। ਉਸ ਨੇ ਮੇਰੇ ਪੈਰੀਂ ਹੱਥ ਲਾ ਕੇ ਅੱਖਾਂ ਭਰਦਿਆਂ ਕਿਹਾ, “ਅੱਜ ਮਾਂ ਦਾ ਦਿਨ ਹੈ, ਮੇਰੀ ਮਾਂ ਨਹੀਂ ਰਹੀ, ਮੈਂ ਪੈਰਾਂ ਵਿੱਚ ਹੀ ਬੈਠਣ ਆਇਆ ਹਾਂ।” ਉਸ ਦੇ ਬੋਲਾਂ ਵਿੱਚਲੀ ਸਿੱਲ੍ਹ ਨੇ ਮੈਨੂੰ ਅੰਦਰ ਤੱਕ ਹਿਲਾ ਧਰਿਆ। ਮੈਨੂੰ ਆਪਣੇ ਆਪ ’ਤੇ ਪਛਤਾਵਾ ਹੋ ਰਿਹਾ ਸੀ ਕਿ ਅਸੀਂ ਕਿਤਾਬ ਦਾ ਟਾਈਟਲ ਦੇਖ ਕੇ ਹੀ ਅੰਦਰਲਾ ਮਜ਼ਮੂਨ ਕਿਆਸ ਕਰਦੇ ਹਾਂ। ਸਮੁੰਦਰ ਵਿੱਚ ਤੈਰਦੇ ਗਲੇਸ਼ੀਅਰ ਵਿੱਚ ਕਿੰਨੇ ਕੰਕਰ ਅਤੇ ਹੀਰੇ ਹਨ, ਇਹ ਪਤਾ ਨਹੀਂ ਲਗ ਸਕਦਾ। ਕਿਸੇ ਹਸਦੇ ਚਿਹਰੇ ਪਿੱਛੇ ਕਿੰਨੀਆਂ ਤਲਖ ਹਕੀਕਤਾਂ ਨਾਲ਼ ਸੀਨੇ ਵਿੱਚ ਦਫ਼ਨ ਸੁਪਨੇ ਹਨ, ਇਹ ਅਨੁਮਾਨ ਨਹੀਂ ਲਾਇਆ ਜਾ ਸਕਦਾ। ਕਹਿੰਦੇ ਹਨ ਜੋ ਬਹੁਤਾ ਹਸਦਾ ਹੋਵੇ ਸੀਨੇ ਲਾ ਕੇ ਵੇਖੋ ਉਹ ਜ਼ਾਰ-ਜ਼ਾਰ ਰੋ ਪਏਗਾ। ਦਿਖਾਵੇ ਦੀ ਇਸ ਦੁਨੀਆਂ ਨੇ ਬਹੁਤ ਘਾਲ਼ਾ-ਮਾਲ਼ਾ ਕਰ ਰੱਖਿਆ ਹੈ। ਦੁਨੀਆਂ ਅੰਦਰੋਂ ਟਸ-ਟਸ ਕਰਦੇ ਜ਼ਖ਼ਮਾਂ ਨਾਲ਼ ਜੂਝਦੀ ਰੋਣ ਲਈ ਮੋਢਾ ਤਲਾਸ਼ਦੀ ਹੈ। ਅਸੀਂ ਹਸਦੇ ਤਾਂ ਰੋਜ਼ ਹਾਂ ਪਰ ਖ਼ੁਸ਼ ਕਦੇ ਹੀ ਹੁੰਦੇ ਹਾਂ। ਦੂਜੇ ਦੀ ਖ਼ੁਸ਼ੀ ਦਾ ਅਨੁਮਾਨ ਹਸਦੇ ਮੂੰਹ ਤੋਂ ਲਾ ਕੇ ਆਪ ਝੂਰੀ ਜਾਣਾ ਸਾਡਾ ਚਲਨ ਬਣ ਗਿਆ ਹੈ।

# ਯੂਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਲਗਾਤਾਰ ਚੌਥੀ ਵਾਰ ਲਾਇਨਜ਼ ਕੱਪ ਚੈਂਪੀਅਨ ਬਣਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) 3, 4 ਅਤੇ 5 ਜੁਲਾਈ 2026 ਨੂੰ ਤਾਮਨਾਵਿਸ ਪਾਰਕ, ਸਰੀ (ਬੀ ਸੀ) ਵਿਖੇ ਸੁਰਿੰਦਰ ਲਾਇਨਜ਼ ਫੀਲਡ ਹਾਕੀ ਕਲੱਬ ਵੱਲੋਂ ਕਰਵਾਈਆਂ ਗਈਆਂ ਸਿੱਖ ਖੇਡਾਂ ਵਿੱਚ ਯੂਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਨੇ ਇੱਕ ਵਾਰ ਫਿਰ ਇਤਿਹਾਸ ਰਚ ਦਿੱਤਾ। ਯੂਨਾਈਟਿਡ ਦੀ ਅੰਡਰ-18 ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਲਗਾਤਾਰ ਚੌਥੇ ਸਾਲ (2023, 2024, 2025 ਅਤੇ 2026) ਲਾਇਨਜ਼ ਕੱਪ ਆਪਣੇ ਨਾਮ ਕੀਤਾ। ਲੀਗ ਮੁਕਾਬਲਿਆਂ ਵਿੱਚ ਯੂਨਾਈਟਿਡ ਨੇ ਹਰ ਟੀਮ ਨੂੰ ਹਰਾ ਕੇ ਆਪਣਾ ਦਬਦਬਾ ਬਣਾਈ ਰੱਖਿਆ। ਗੋਬਿੰਦ ਸਰਵਰ - 6-0,ਬਰੈਂਪਟਨ - 2-1,ਲਾਇਨਜ਼ - 3-1, ਫਰਿਜ਼ਨੋ ਹਾਕਸ - 4-1 ਇਹ ਨਤੀਜੇ ਰਹੇ।

ਸੈਮੀਫਾਈਨਲ ਵਿੱਚ ਯੂਨਾਈਟਿਡ ਨੇ ਲਾਇਨਜ਼ ਨੂੰ 4-1 ਨਾਲ ਹਰਾਇਆ, ਜਦਕਿ ਰੋਮਾਂਚਕ ਫਾਈਨਲ ਵਿੱਚ ਫਰਿਜ਼ਨੋ ਹਾਕਸ ਨੂੰ 2-1 ਨਾਲ ਮਾਤ ਦੇ ਕੇ ਲਾਇਨਜ਼ ਕੱਪ ਆਪਣੇ ਨਾਮ ਕੀਤਾ। ਇਸ ਦੇ ਨਾਲ ਹੀ ਯੂਨਾਈਟਿਡ ਦੀ ਪੁਰਸ਼ ਟੀਮ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਤੀਜੇ ਸਥਾਨ ਤੇ ਰਹੇ । ਟੀਮ ਲੀਗ ਦੇ ਸਾਰੇ ਮੈਚਾਂ ਵਿੱਚ ਜੇਤੂ ਰਹੀ। ਐੱਸ ਖਾਲਸਾ - 3-3 ਡਰਾਅ, ਕੈਨੇਡਾ ਮਾਸਟਰਜ਼ - 2-0 ਜਿੱਤ, ਐੱਸ ਲਾਇਨਜ਼ - 3-2 ਜਿੱਤ, ਰੇਡਰਜ਼ - 4-0 ਜਿੱਤ ਦੇ ਹਿਸਾਬ ਨਾਲ ਨਤੀਜੇ ਰਿਕਾਰਡ ਕੀਤੇ ਗਏ। ਸੈਮੀਫਾਈਨਲ ਵਿੱਚ 0-0 ਦੀ ਬਰਾਬਰੀ ਤੋਂ ਬਾਅਦ ਪੈਨਲਟੀ ਸ਼ੂਟਆਉਟ ਵਿੱਚ ਬਹੁਤ ਹੀ ਕਰੀਬੀ ਹਾਰ ਦਾ ਸਾਹਮਣਾ ਕਰਨਾ ਪਿਆ। ਖਾਸ ਗੱਲ ਇਹ ਰਹੀ ਕਿ ਪੁਰਸ਼ ਟੀਮ ਦੇ ਜ਼ਿਆਦਾਤਰ ਖਿਡਾਰੀ ਅੰਡਰ-18 ਵਰਗ ਦੇ ਸਨ, ਜਿਨ੍ਹਾਂ ਨੇ ਸੀਨੀਅਰ ਟੀਮਾਂ ਦੇ ਖ਼ਿਲਾਫ਼ ਬੇਮਿਸਾਲ ਹੌਸਲਾ ਅਤੇ ਹੁਨਰ ਦਿਖਾਇਆ।



# ਸੋਲੀਹੁੱਲ ਕੌਂਸਲ ਦਾ ਪਹਿਲਾ ਸਿੱਖ ਮੇਅਰ ਸਰਦੂਲ ਸਿੰਘ ਮਾਰਵਾ



ਉਜਾਗਰ ਸਿੰਘ

ਬਰਤਾਨੀਆਂ ਦੇ ਇਤਿਹਾਸ ਵਿੱਚ ਗੋਰਿਆਂ ਦੀ ਸੰਘਣੀ ਆਬਾਦੀ ਵਾਲੇ ਇਲਾਕੇ ਦੀ ਕੌਂਸਲ ਸੋਲੀਹੁੱਲ ਦਾ ਪਹਿਲੀ ਵਾਰ ਸਰਦੂਲ ਸਿੰਘ ਮਾਰਵਾ ਮੇਅਰ ਬਣਿਆਂ ਹੈ। ਜ਼ਿੰਦਗੀ ਜਦੋਜਹਿਦ ਤੇ ਮਿਹਨਤ ਦਾ ਦੂਜਾ ਨਾਮ ਹੈ। ਅਨੇਕਾਂ ਰੁਕਾਵਟਾਂ ਅਤੇ ਸਮੱਸਿਆਵਾਂ ਹੋਣ ਦੇ ਬਾਵਜੂਦ ਜਦੋਜਹਿਦ ਅਤੇ ਮਿਹਨਤ ਕਰਨ ਵਾਲਾ ਵਿਅਕਤੀ ਸਫਲਤਾ ਦੀਆਂ ਬੁਲੰਦੀਆਂ ‘ਤੇ ਪਹੁੰਚ ਜਾਂਦਾ ਹੈ। ਬਰਤਾਨੀਆਂ ਦੇ ਬਰਮਿੰਘਮ ਇਲਾਕੇ ਵਿੱਚ ਰਹਿਣ ਵਾਲਾ ਸਰਦੂਲ ਸਿੰਘ ਮਾਰਵਾਜਦੋਜਹਿਦ ਦੀ ਭੱਠੀ ਵਿੱਚੋਂ ਨਿਕਲਿਆ ਖ਼ਰਾ ਸੋਨਾ ਹੈ, ਜਿਹੜਾ ਆਪਣੀ ਮਿਹਨਤ ਤੇ ਜਦੋਜਹਿਦ ਦੇ ਸਦਕੇ ਗੋਰਿਆਂ ਦੀ ਵਸੋਂ ਵਾਲੇ ਵੈਸਟਮਿਡਲੈਂਡ ਇਲਾਕੇ ਵਿੱਚ ਸੋਲੀਹੁੱਲ ਕੌਂਸਲ ਦਾ ਸਰਬਸੰਮਤੀ ਨਾਲ ਮੇਅਰ ਚੁਣਿਆਂ ਗਿਆ ਹੈ। ਪੰਜਾਬੀਆਂ ਦਾ ਇਹ ਖਾਸ ਗੁਣ ਹੈ, ਜਿਥੇ ਵੀ ਪਰਵਾਸ ਕਰਕੇ ਜਾਂਦੇ ਹਨ, ਉਥੇ ਹੀ ਉਹ ਆਪਣੀ ਸਫਲਤਾ ਦੇ ਝੰਡੇ ਗੱਡ ਦਿੰਦੇ ਹਨ। ਸੰਸਾਰ ਦਾ ਕੋਈ ਅਜਿਹਾ ਦੇਸ਼ ਨਹੀਂ ਜਿੱਥੇ ਪੰਜਾਬੀ ਨਾ ਪਹੁੰਚੇ ਹੋਣ, ਪਹੁੰਚੇ ਹੀ ਨਹੀਂ ਸਗੋਂ ਪੰਜਾਬੀਆਂ ਦਾ ਨਾਮ ਰੌਸ਼ਨ ਕਰ ਦਿੱਤਾ, ਖਾਸ ਤੌਰ ‘ਤੇ ਸਿੱਖਾਂ ਦੀ ਪਛਾਣ ਮਿਹਨਤੀ, ਉਦਮੀ, ਧਰਮ ਨਿਰਪੱਖ, ਇਨਸਾਫ ਪਸੰਦ, ਕਿਰਤ ਕਰੋ ਤੇ ਵੰਡ ਛੱਕੋ ਦੇ ਮੁੱਦਈ ਅਤੇ ਸਰਬੱਤ ਦੇ ਭਲੇ ਦੇ ਪਹਿਰੇਦਾਰ ਦੇ ਤੌਰ ‘ਤੇ ਸਥਾਪਤ ਕਰ ਦਿੱਤੀ। ਪੰਜਾਬੀਆਂ ਦਾ ਰਾਮਗੜ੍ਹੀਆ ਭਾਈਚਾਰਾ ਮਿਹਨਤੀ ਤੇ ਹੁਨਰਮੰਦ ਹੈ। ਉਨ੍ਹਾਂ ਨੇ ਆਪਣੀ ਹੁਨਰਮੰਦ ਹੋਣ ਦੀ ਕਾਬਲੀਅਤ ਨਾਲ ਸੰਸਾਰ ਵਿੱਚ ਆਪਣੇ ਕਾਰੋਬਾਰ ਸਥਾਪਤ ਕਰਕੇ ਹਰ ਦੇਸ ਦੀ ਆਰਥਿਕਤਾ ਨੂੰ ਭਰਵਾਂ ਹੁੰਘਾਰਾ ਦਿੱਤਾ ਹੈ। ਪਰਵਾਸ ਵਿੱਚ ਜਾ ਕੇ ਵੀ ਉਹ ਜਿਸ ਵੀ ਦੇਸ ਵਿੱਚ ਗਏ ਹਨ, ਉਥੇ ਦੀ ਆਰਥਿਕਤਾ ਨੂੰ ਚਾਰ ਚੰਨ ਲਗਾ ਦਿੱਤੇ ਅਤੇ ਮਾਨਵਤਾ ਦੀ ਸੇਵਾ ਵਿੱਚ ਵਰਣਨਯੋਗ ਯੋਗਦਾਨ ਪਾਇਆ ਹੈ। ਸਿੱਖੀ ਸੋਚ ਦੇ ਝੰਡੇ ਨੂੰ ਬੁਲੰਦ ਕੀਤਾ ਹੈ। ਇੱਥੇ ਹੀ ਬਸ ਨਹੀਂ ਪੰਜਾਬੀਆਂ ਨੇ ਤਾਂ ਪਰਵਾਸ ਵਿੱਚ ਸਮਾਜ ਸੇਵਾ ਤੋਂ ਲੈ ਕੇ ਕਾਰੋਬਾਰ ਦੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ। ਅਮਰੀਕਾ, ਕੈਨੇਡਾ, ਬਰਤਾਨੀਆਂ, ਆਸਟਰੇਲੀਆ, ਨਿਊਜੀਲੈਂਡ, ਜਰਮਨ, ਹਾਲੈਂਡ ਅਫਰੀਕਾ, ਸਮੁੱਚਾ ਯੂਰਪ ਅਤੇ ਸਿੰਘਾਪੁਰ ਦੀ ਸਿਆਸਤ ਵਿੱਚ ਇਤਨੇ ਸਰਗਰਮ ਹਨ ਕਿ ਉਹ ਉਥੋਂ ਦੀ ਸਿਆਸਤ ਵਿੱਚ ਉਚ ਅਹੁਦੇ ਪ੍ਰਾਪਤ ਕਰਕੇ ਦੇਸ ਦੀ ਤਰੱਕੀ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਬਰਤਾਨੀਆਂ ਵਿੱਚ ਤਾਂ ਇੱਕ ਭਾਰਤੀ/ਪੰਜਾਬੀ ਮੂਲ ਦਾ ਰਿਸ਼ੀ ਸੁਨਕ ਪ੍ਰਧਾਨ ਮੰਤਰੀ ਵੀ ਰਿਹਾ ਹੈ। ਇਸ ਸਮੇਂ ਅੱਧਾ ਦਰਜਨ ਹਾਊਸ ਆਫ ਕਾਮਨਜ਼ ਦੇ ਮੈਂਬਰ ਹਨ। ਲਗਪਗਬਰਤਾਨੀਆਂ ਦੀ ਹਰ ਪਾਰਟੀ ਵਿੱਚ ਪੰਜਾਬੀਆਂ ਦੀ ਸ਼ਮੂਲੀਅਤ ਹੈ। ਇਸ ਸਮੇਂ ਬਰਤਾਨੀਆਂ ਦੀਆਂ ਸਥਾਨਕ ਸੰਸਥਾਵਾਂ ਵਿੱਚ ਕਈ ਪੰਜਾਬੀ ਮੇਅਰ ਹਨ। ਇਨ੍ਹਾਂ ਵਿੱਚ ਸਰਦੂਲ ਸਿੰਘ ਮਾਰਵਾ ਵੀ ਸ਼ਾਮਲ ਹੋ ਗਏ ਹਨ, ਜਿਹੜੇ 27 ਮਈ 2026 ਨੂੰ ਸੋਲੀਹੁੱਲ ਦੇ ਸਰਬਸੰਮਤੀ ਨਾਲ ਮੇਅਰ ਚੁਣੇ ਗਏ ਹਨ। ਉਹ ਵੀ ਰਾਮਗੜ੍ਹੀਆ ਭਾਈਚਾਰੇ ਨਾਲ ਸੰਬੰਧਤ ਹਨ। ਉਹ ਸੋਲੀਹੁੱਲ ਦੇ ਪਹਿਲੇ ਸਿੱਖ ਮੇਅਰ ਬਣੇ ਹਨ। ਸਰਦੂਲ ਸਿੰਘ ਮਾਰਵਾ ਨੂੰ ਬਰਤਾਨੀਆਂ ਦੇ 99.99 ਫ਼ੀਸਦੀ ਅੰਗਰੇਜ਼ਾਂ (ਗੋਰਿਆਂ) ਦੀ ਆਬਾਦੀ ਵਾਲੇ ਵੈਸਟਮਿਡਲੈਂਡ ਇਲਾਕੇ ਦੀਆਂ 7ਕੌਂਸਲਾਂ ਵਿੱਚੋਂ ਇੱਕ ਵੱਡੇ ਮਹੱਤਵਪੂਰਨ ਸ਼ਹਿਰ ਸੋਲੀਹੁੱਲ ਦੀ ਕੌਂਸਲ ਦੇ 51 ਮੈਂਬਰਾਂ ਨੇ ਨਿਰਵਿਰੋਧ ਮੇਅਰ ਚੁਣ ਲਿਆ। ਸਰਦੂਲ ਸਿੰਘ ਮਾਰਵਾ ਵੀ ਰਾਮਗੜ੍ਹੀਆ ਭਾਈਚਾਰੇ ਨਾਲ ਸੰਬੰਧਤ ਹਨ। ਉਸਦੀ ਸਰਬਸੰਮਤੀ ਨਾਲ ਹੋਈ ਚੋਣ ਤੋਂ ਸਾਬਤ ਹੁੰਦਾ ਹੈ ਕਿ ਸਰਦੂਲ ਸਿੰਘ ਮਾਰਵਾਬਰਤਾਨੀਆਂ ਦੀ ਹਰ ਸਮੁਦਾਇ ਵਿੱਚ ਕਿਤਨੇ ਹਰਮਨ ਪਿਆਰੇ ਹਨ। ਇਸ ਤੋਂ ਪਹਿਲਾਂ ਉਹ 1984 ਵਿੱਚ ਬਰਮਿੰਘਮ ਸ਼ਹਿਰ ਦੇ ਕੌਂਸਲਰ ਚੁਣੇ ਗਏ ਸਨ। ਉਸ ਸਮੇਂ ਉਸਨੇ ਸਿੱਖ ਧਰਮ ਦੀ ਮਾਨਵਤਾ ਦੀ ਬਰਾਬਰਤਾ ਦੀ ਵਿਚਾਰਧਾਰਾ ‘ਤੇ ਅਧਾਰਤ ਬਰਤਾਨੀਆਂ ਦੀ ਸੰਸਦ ਵਿੱਚ ਨਸਲੀ ਭੇਦਭਾਵ ਦੇ ਵਿਸ਼ੇ ‘ਤੇ ਭਾਸ਼ਣ ਦਿੱਤਾ ਸੀ, ਜਿਸ ਕਰਕੇ ਉਹ ਪ੍ਰਸਿੱਧ ਹੋ ਗਏ ਸਨ ਅਤੇ ਉਨ੍ਹਾਂ ਦੀ ਹਰਮਨ ਪਿਆਰਤਾ ਵਿੱਚ ਵਿਲੱਖਣ ਵਾਧਾ ਹੋਇਆ ਸੀ।

ਸਰਦੂਲ ਸਿੰਘ ਮਾਰਵਾ ਦਾ ਜਨਮ 1947 ਵਿੱਚ ਪਿਤਾ ਅਜੀਤ ਸਿੰਘ ਦੇ ਘਰ ਮਾਤਾ ਪ੍ਰਕਾਸ਼



ਸਰਦੂਲ ਸਿੰਘ ਮਾਰਵਾ

ਕੌਰ ਦੀ ਕੁੱਖੋਂ ਪੰਜਾਬ ਦੇ ਜਲੰਧਰ ਜਿਲ੍ਹੇ ਦੇ ਬੰਗਾ ਨੇੜੇ ਝੰਡੇਰ ਪਿੰਡ ਵਿੱਚ ਹੋਇਆ ਸੀ। ਉਹ ਬਚਪਨ ਵਿੱਚ ਹੀ ਹਰ ਚੀਜ਼ ਬਾਰੇ ਜਾਣਕਾਰੀ ਲੈਣਾ ਚਾਹੁੰਦਾ ਸੀ, ਭਾਵ ਉਸਦੀ ਸਿੱਖਣ ਦੀ ਚੇਸ਼ਟਾ ਸੀ। ਉਹ ਬਹੁਤ ਹੀ ਸ਼ਾਤਰ ਦਿਮਾਗ ਹੁਸ਼ਿਆਰ ਬੱਚਾ ਸੀ। ਸਰਦੂਲ ਸਿੰਘ ਮਾਰਵਾ ਨੇ ਸੱਤਵੀਂ ਤੱਕ ਦੀ ਪੜ੍ਹਾਈ ਚਰਨ ਕੰਵਲ ਖਾਲਸਾ ਹਾਈ ਸਕੂਲ ਬੰਗਾ ਤੋਂ ਪ੍ਰਾਪਤ ਕੀਤੀ। ਉਹ ਆਪਣੇ ਸੁਨਹਿਰੇ ਭਵਿਖ ਲਈ 1960 ਵਿੱਚ ਆਪਣੇ ਮਾਤਾ ਪਿਤਾ ਨਾਲ ਬਰਤਾਨੀਆਂ ਵਿੱਚ ਆ ਗਏ ਸਨ। ਉਸਨੇ ਬਰਤਾਨੀਆਂ ਵਿੱਚ ਆ ਕੇ ਆਪਣੀ ਸੈਕੰਡਰੀ ਤੱਕ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਚਾਨਸਟੈਕਨੀਕਲ ਕਾਲਜ ਵਿੱਚੋਂ ਇਲੈਕਟ੍ਰੀਕਲਇੰਜਿਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ। ਇਸਤੋਂ ਬਾਅਦ ਡਿਪਲੋਮਾ ਇਨ ਐਜੂਕੇਸ਼ਨ ਐਂਡ ਕੰਪਿਊਟਰ ਹਾਰਡਵੇਅਰ ਟੈਕਨੀਸ਼ੀਨਹੈਂਡਜ਼ਵਰਥ ਕਾਲਜ ਤੋਂ ਪਾਸ ਕੀਤਾ। ਸਰਦੂਲ ਸਿੰਘ ਮਰਵਾਹਾ ਨੇ ਆਪਣੀ ਪੜ੍ਹਾਈ ਦੀ ਯੋਗਤਾ ਮੁਕੰਮਲ ਕਰਨ ਤੋਂ ਬਾਅਦ ਵਿੱਚ ਰਾਜਨੀਤੀ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਉਹ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਬਣ ਗਏ। ਉਸਨੇ ਸਖ਼ਤ ਮਿਹਨਤ ਅਤੇ ਸਮਾਜ ਸੇਵਾ ਕੀਤੀ, ਜਿਸਦੇ ਸਿੱਟੇ ਵਜੋਂ 1982 ਵਿੱਚ ਬਰਮਿੰਘਮ ਸ਼ਹਿਰ ਦੇ ਕਾਊਂਸਲਰ ਬਣ ਗਏ ਅਤੇ ਉਹ ਇਸ ਅਹੁਦੇ ‘ਤੇ 1988 ਤੱਕ ਰਹੇ। ਇਸ ਸਮੇਂ ਵਿੱਚ ਆਪਣੀ ਮਿਹਨਤ, ਲਗਨ, ਦ੍ਰਿੜ੍ਹਤਾ ਅਤੇ ਦੂਰ ਅੰਦੇਸ਼ੀ ਨਾਲ ਉਸਨੇ ਕਈ ਸੀਨੀਅਰ ਜ਼ਿੰਮੇਵਾਰੀਆਂ ਨਿਭਾਈਆਂ, ਜਿਨ੍ਹਾਂ ਵਿੱਚ ਨਸਲੀ ਸੰਬੰਧਾਂ ਅਤੇ ਸਮਾਨ ਅਵਸਰ ਕਮੇਟੀ ਦੇ ਚੇਅਰਮੈਨ ਅਤੇ ਮਨੋਰੰਜਨ ਸੇਵਾਵਾਂ ਕਮੇਟੀ ਦੇ ਚੇਅਰਮੈਨ ਦੀਆਂ ਸੇਵਾਵਾਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਯੋਜਨਾ ਕਮੇਟੀ ਤਕਨੀਕੀ ਸੇਵਾਵਾਂ ਕਮੇਟੀ ਅਤੇ ਵਾਤਾਵਰਨ ਰਾਜ ਸਕੱਤਰ ਦੀ ਪ੍ਰਧਾਨਗੀ ਵਾਲੀ ਅੰਦਰੂਨੀ ਸ਼ਹਿਰ ਭਾਈਵਾਲੀ ਕਮੇਟੀ ਵਿੱਚ ਵੀ ਸੇਵਾ ਨਿਭਾਈ ਹੈ। ਇਨ੍ਹਾਂ ਸਿਆਸੀ ਸਰਗਰਮੀਆਂ ਕਰਕੇ ਸਰਦੂਲ ਸਿੰਘ ਮਾਰਵਾ ਦੇ ਵਿਅਕਤਿਤਵ ਵਿੱਚ ਨਿਖ਼ਾਰ ਆਇਆ। ਉਹ ਆਪਣੇ ਪੇਸ਼ੇਵਰ ਕੈਰੀਅਰ ਵਿੱਚ ਇਲੈਕਟ੍ਰੀਕਲਇੰਡਸਟਰੀ ਦੇ ਵਿੱਚ ਕੰਮ ਕਰਦੇ ਰਹੇ ਅਤੇ ਬਾਅਦ ਵਿੱਚ ਐਚ ਐਮ ਪੀ ਬਰਮਿੰਘਮ ਵਿੱਚ ਕੰਮ ਕੀਤਾ। ਆਪਣੇ ਕੈਰੀਅਰ ਦੇ ਨਾਲ ਹੀ ਉਹ ਜਨਤਕ ਸੇਵਾ, ਸਮਾਨਤਾ ਅਤੇ ਭਾਈਚਾਰਕ ਸ਼ਮੂਲੀਅਤ ਪ੍ਰਤੀ ਜੀਵਨ ਭਰ ਵਚਨਬੱਧਤਾ ਵਿਕਸਤ ਕੀਤੀ। ਸਰਦੂਲ ਸਿੰਘ ਮਾਰਵਾ ਨੇ 1982 ਤੋਂ 1989 ਤੱਕ ਬਰਮਿੰਘਮ 31 ਪੁਲਿਸ ਸਲਾਹਕਾਰ ਕਮੇਟੀ ਦੀ ਪ੍ਰਧਾਨਗੀ ਕੀਤੀ ਅਤੇ ਹੈਂਡਸਵਰਥ ਦੰਗਿਆਂ ਤੋਂ ਬਾਅਦ ਭਾਈਚਾਰਕ ਸ਼ਮੂਲੀਅਤ ਵਿੱਚ ਸ਼ਾਮਲ ਰਿਹਾ। ਉਸਨੇ ਸਪੋਰਟਸ ਕੌਂਸਲ ਬਰਮਿੰਘਮ ਦੇ ਵਾਈਸ ਚੇਅਰਪਰਸਨ ਵਜੋਂ ਵੀ ਸੇਵਾ ਨਿਭਾਈ ਸੀ, ਜਿਸ ਨਾਲ ਨੌਜਵਾਨਾਂ ਵਿੱਚ ਖੇਡਾਂ ਅਤੇ ਮਨੋਰੰਜਨ ਸਰਗਰਮੀਆਂ ਵਿੱਚ ਵਧੇਰੇ ਭਾਗੀਦਾਰੀ ਨੂੰ ਉਤਸ਼ਾਹਤ ਕਰਨ ਵਿੱਚ ਮਦਦ ਮਿਲੀ। ਇਸੇ ਤਰ੍ਹਾਂ ਸਰਦੂਲ ਸਿੰਘ ਮਾਰਵਾ ਹੋਰ ਬਹੁਤ ਸਾਰੀਆਂ ਕਮੇਟੀਆਂ ਦਾ ਚੇਅਰਮੈਨ ਤੇ ਮੈਂਬਰ ਰਿਹਾ, ਜਿਨ੍ਹਾਂ ਵਿੱਚ ਸਮਾਨਤਾ ਅਤੇ ਜਨਤਕ ਸੇਵਾ, ਕਮਿਊਨਿਟੀਰਿਲੇਸਨਜ਼ ਕੌਂਸਲ ਬਰਮਿੰਘਮ, ਬਰਮਿੰਘਮ ਏਰੀਆ ਹੈਲਥਅਥਾਰਟੀ, ਵੈਸਟ ਬਰਮਿੰਘਮ ਹੈਲਥਅਥਾਰਟੀ, ਬਰਮਿੰਘਮ ਸਿਵਿਕਹਾਊਸਿੰਗਐਸੋਸੀਏਸ਼ਨ, ਕੰਜ਼ਰਵੇਸਨਐਡਵਾਈਜ਼ਰੀ ਕਮੇਟੀ ਬਰਮਿੰਘਮ ਅਤੇ ਇਲੈਕਟ੍ਰੀਕਲ, ਇਲੈਕਟਰਾਨਿਕ ਟੈਲੀਕਮਿਊਨੀਕੇਸ਼ਨ ਅਤੇ ਪਲੰਬਿੰਗ ਯੂਨੀਅਨ ਲਈ ਰਾਸ਼ਟਰੀ ਕਮੇਟੀ ਸ਼ਾਮਲ ਹਨ। ਉਹ ਵੈਸਟਮਿਡਲੈਂਡਜ਼ ਕੇਬਲ ਕਮਿਊਨੀਕੇਸ਼ਨਜ਼ ਦੇ ਸੰਸਥਾਪਕ ਬੋਰਡ ਮੈਂਬਰ ਵੀ ਸਨ, ਜੋ ਵੈਸਟਮਿਡਲੈਂਡਜ਼ ਵਿੱਚ ਕੇਬਲ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਪਹਿਲੀਆਂ ਕੰਪਨੀਆਂ ਵਿੱਚੋਂ ਇੱਕ ਸੀ। ਉਹ 2023 ਵਿੱਚ ਸੋਲੀਹੁੱਲਮੈਟਰੋਪੋਲੀਟਨਬੋਰੋ ਕੌਂਸਲ ਲਈ ਚੁਣੇ ਗਏ ਸਨ, ਮੋਨਕਸਪਾਥ ਅਤੇ ਹਿੱਲਫੀਲਡ ਵਾਰਡ ਨਾਲ ਸੇਂਟ ਅਲਫੇਜ ਦੀ ਨੁਮਾਇੰਦਗੀ ਕਰਦੇ ਰਹੇ। ਉਸਨੇ ਲਾਇਸੈਂਸਿੰਗ ਕਮੇਟੀ ਦੇ ਚੇਅਰਮੈਨ, ਯੋਜਨਾ ਕਮੇਟੀ, ਪੁਲਿਸ ਅਤੇ ਅਪਰਾਧ ਪੈਨਲ, ਚਿਲਡਰਨਸਰਵਿਸਜ਼ ਐਂਡ ਐਜੂਕੇਸ਼ਨਸਕਰੂਟਨੀ ਬੋਰਡ, ਸੋਲੀਹੁੱਲਸਕੂਲਜ਼ਫੋਰਮ, ਆਰਥਿਕ ਵਿਕਾਸ ਅਤੇ ਪ੍ਰਬੰਧਨ ਵਿਕਾਸ ਸਕਰੂਟਨੀ ਬੋਰਡ ਅਤੇ ਸਟਰਾਂਗਰਕਮਿਊਨਿਟੀਜ਼ ਐਂਡ ਨੇਬਰਹੁਡਸਰਵਿਸਜ਼ਸਕਰੂਟਨੀ ਬੋਰਡ ਵਿੱਚ ਸੇਵਾ ਕਰਦੇ ਰਹੇ। ਉਸ ਦੀਆਂ ਲੋਕ ਸੇਵਾਵਾਂ ਕਰਕੇ 1990 ਵਿੱਚ ਮਹਾਰਾਣੀ ਐਲਜ਼ਾਬੈਥ99 ਨੇ ਸਨਮਾਨਤ ਕੀਤਾ ਸੀ। ਸਰਦੂਲ ਸਿੰਘ ਮਾਰਵਾ1995 ਤੋਂ 2019 ਤੱਕ ਜਸਟਿਸ ਆਫ ਦਾ ਪੀਸ ਦੀਆਂ ਸੇਵਾਵਾਂ ਵੀ ਨਿਭਾਉਂਦੇ ਰਹੇ ਸਨ। ਉਹ ਆਪਣੀ ਸਾਰੀ ਜ਼ਿੰਦਗੀ ਸਭਿਆਚਾਰਕ ਅਤੇ ਸਿਰਜਣਾਤਮਕ ਗਤੀਵਿਧੀਆਂ ਵਿੱਚ ਵੀ ਸਰਗਰਮੀ ਨਾਲ ਹਿੱਸਾ ਲੈਂਦੇ ਰਹੇ ਹਨ। ਉਸਨੇ 1965 ਵਿੱਚ ‘ਦਾ ਮੁਸਾਫਿਰ’ (ਦਾ ਟ੍ਰੈਵਲਰਜ਼) ਗਰੁਪ ਬਣਾਇਆ, ਜਿਹੜਾ ਬ੍ਰਿਟੇਨ ਵਿੱਚ ਭੰਗੜਾ ਸਮੂਹਾਂ ਵਿੱਚੋਂ ਮੋਹਰੀ ਦੀ ਭੂਮਿਕਾ ਨਿਭਾਉਂਦਾ ਰਿਹਾ। ਸਰਦੂਲ ਸਿੰਘ ਮਾਰਵਾ ਚੰਗਾ ਵਕਤਾ, ਕਵੀ ਅਤੇ ਲੇਖਕ ਵੀ ਹੈ। ਸਰਦੂਲ ਸਿੰਘ ਮਾਰਵਾਟੈਲੀਵਿਜ਼ਨ ‘ਤੇ ਡੀਬੇਟਸ ਵਿੱਚ ਵੀ ਹਿੱਸਾ ਲੈਂਦੇ ਰਹਿੰਦੇ ਹਨ। ਉਸਦੀ ਸਭਿਆਚਾਰਕ ਸ਼ਮੂਲੀਅਤ ਜਨਤਕ ਚਰਚਾ ਨੂੰ ਉਤਸ਼ਾਹਤ ਕਰਨ ਵਿੱਚ ਲੰਬੇ ਸਮੇਂ ਤੋਂ ਦਿਲਚਸਪੀ ਰਹੀ ਹੈ। ਉਹ 1983 ਅਤੇ 1997 ਵਿੱਚ ਦੋ ਵਾਰੀ ਸੰਸਦੀ ਉਮੀਦਵਾਰ ਵਜੋਂ ਅਤੇ 1999 ਵਿੱਚ ਯੂਰਪੀਅਨ ਸੰਸਦ ਲਈ ਉਮੀਦਵਾਰ ਵਜੋਂ ਵੀ ਖੜ੍ਹੇ ਹੋਏ ਸਨ। ਉਮੀਦ ਕਰਦੇ ਹਾਂ ਕਿ ਉਹ ਸੋਲੀਹੁੱਲ ਇਲਾਕੇ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਣਗੇ। ਸਰਦੂਲ ਸਿੰਘ ਮਾਰਵਾ ਦਾ ਵਿਆਹ ਸਤਨਾਮ ਕੌਰ ਨਾਲ ਹੋਇਆ, ਜੋ ਐਲ ਐਲ ਬੀ ਹਨ। ਉਨ੍ਹਾਂ ਦੇ ਤਿੰਨ ਲੜਕੇ ਹਨ, ਜਿਹੜੇ ਆਪੋ ਆਪਣੇ ਕੰਮਾਂ ਵਿੱਚ ਸੈਟਲ ਹਨ।

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮਿਲਣੀ ਮੌਕੇ ਹਮ ਕੋ ਕਿਸੀ ਕਾ ਡਰ ਨਹੀਂ, ਬੇ-ਡਰ ਹੋ ਕੇ ਗਾਇਆ ਗਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ 9 ਜੁਲਾਈ ਨੂੰ ਪ੍ਰੇਰੀਵਿੰਡ ਪਾਰਕ ਵਿਖੇ ਕੈਨੇਡਾ ਦਿਵਸ ਕੇਕ ਕੱਟ ਕੇ ਮਨਾਇਆ। ਕੇਕ ਕੱਟਣ ਦੀ ਰਸਮ ਬਿੱਕਰ ਸਿੰਘ ਸੰਧੂ, ਡਾ: ਚਰਨਜੀਤ ਸਿੰਘ ਸ਼ੇਰਗਿੱਲ, ਸੁਰਿੰਦਰਜੀਤ ਪਲਾਹਾ, ਜੰਗਪਾਲ ਖੋਸਾ ਅਤੇ ਗੁਰਦਿਆਲ ਸਿੰਘ ਖਹਿਰਾ ਨੇ ਅਦਾ ਕੀਤੀ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਮੰਚ ਦਾ ਸੰਚਾਲਨ ਕਰਦਿਆਂ ਕੈਨੇਡਾ ਬਾਰੇ ਕਈ ਕਿਸਮ ਦੀ ਜਾਣਕਾਰੀ ਸਾਂਝੀ ਕੀਤੀ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਇੱਥੋਂ ਦੇ ਮੂਲਨਿਵਾਸੀਆਂ ਦੇ ਇਤਿਹਾਸ ਦੇ ਅਹਿਮ ਪੱਖਾਂ ‘ਤੇ ਝਾਤ ਪੁਆਈ। ਉਨ੍ਹਾਂ ਲੋਕਾਂ ਦੀ ਭੂਮੀ, ਸਭਿਆਚਾਰ ਅਤੇ ਜੀਵਨ-ਢੰਗ ਖੋਹੇ ਜਾਣ ਅਤੇ ਨਸਲਕੁਸ਼ੀ ਦੀ ਗੱਲ ਕੀਤੀ। ਸਾਨੂੰ ਚੰਗੇ ਕੈਨੇਡੀਅਨ ਬਨਣ ਦੀ ਲੋੜ ਜਤਾਈ। ਯੂਨੀਵਰਸਿਟੀ ਆਫ ਕੈਲਗਰੀ ਵਿਖੇ ਕੈਂਸਰ ਬਾਰੇ ਹੋ ਰਹੀ ਖੋਜ ਦਾ ਜ਼ਿਕਰ ਕੀਤਾ। ਵਿਜੇ ਸਚਦੇਵਾ ਨੇ ਗੀਤ ਗਾਇਆ - ਕਿਸੀ ਕੀ ਮੁਸਕਰਾਟੋਂ ਪੇ ਹੋ ਨਿਸਾਰ। ਚਰਨਦੀਪ ਕੌਰ ਨੇ ਕਵਿਤਾ ਸੁਣਾਈ, ਦਰਸ਼ਨ ਧਾਲ਼ੀਵਾਲ਼ ਨੇ ਆਦਤਾਂ ਸੁਧਾਰਨ ਦੀ ਗੱਲ ਕਹੀ, ਗੁਰਮਿੰਦਰ ਕੌਰ ਦੇ ਗੀਤ ਮੱਛਰਦਾਨੀ ਲੈ ਦੇ ਵੇ ਮੱਛਰ ਨੇ ਖਾ ਲੀ ਤੋੜ ਕੇ ਨੇ ਪਾਰਕ ਦਾ ਮੱਛਰ ਯਾਦ ਕਰਵਾ ਦਿੱਤਾ । ਤਾਰਿਕ ਮਲਿਕ ਨੇ ਚੋਣਵੇਂ ਸ਼ਿਅਰ ਫੁਰਮਾਏ। ਤਰਲੋਕ ਚੁੱਘ, ਜੋਗਾ ਸਿੰਘ ਲੈਹਲ ਅਤੇ ਭਜਨ ਸਾਗੂ ਹਸਾਉਣ ਦੀ ਕਸਰ ਕੱਢ ਗਏ। ਰੇਡੀਉ ਰੈਡ ਐਫ ਐਮ ਤੋਂ ਗੁਰਪ੍ਰੀਤ ਕੌਰ, ਡਾ: ਭਗਤ ਸਿੰਘ ਅਟਵਾਲ, ਸੁਖਦੇਵ ਬੈਂਸ ਅਤੇ ਕਰਮ ਸਿੰਘ ਮੁੰਡੀ ਨੇ ਕੈਨੇਡਾ ਦਿਵਸ ਨਾਲ਼ ਸੰਬੰਧਤ ਆਪਣੇ ਵਿਚਾਰ ਰੱਖੇ। ਮਿਸਟਰ ਵਰਮਾ ਨੇ ਹਿੰਦੀ ਗੀਤ ਸੁਣਾਇਆ। ਸ਼ਮਿੰਦਰ ਅਤੇ ਸੁਰਜੀਤ ਕੌਰ ਕੰਮੋਹ ਦੀ ਜੋੜੀ ਨੇ ਹਮ ਕੋ ਕਿਸੀ ਕਾ ਡਰ ਨਹੀਂ, ਕੋਈ ਜ਼ੋਰ ਜਵਾਨੀ ਪਰ ਨਹੀਂ- ਬੇ-ਡਰ ਹੋ ਕੇ ਗਾਇਆ । ਵਿਨੋਦ ਕੁਮਾਰੀ ਦੀ ਮਧੁਰ ਆਵਾਜ਼ ਤੇ ਫਿਦਾ ਹੋਣ ਨੂੰ ਜੀਅ ਕਰਦਾ ਸੀ - ਅਸਾਂ ਚੰਨ ਨੂੰ ਗਵਾਹ ਕੀਤਾ,ਮੋਤੀਏ ਦੇ ਫੁੱਲ ਵਰਗਾ, ਦਿਲ ਤੇਰੇ ‘ਤੇ ਫਿਦਾ ਕੀਤਾ। ਅਖੀਰ ਵਿੱਚ ਔਰਤ ਮੈਂਬਰਾਂ ਵੱਲੋਂ ਲੋਕ-ਬੋਲੀਆਂ ਉਪਰ ਪਾਇਆ ਗਿੱਧਾ ਪਾਰਕ ਦੀ ਫ਼ਿਜ਼ਾ ਨੂੰ ਸੰਗੀਤਮਈ ਕਰ ਗਿਆ। ਗਿੱਧੇ ਦੀ ਧਮਾਲ ਤੋਂ ਬਾਦ ਪਰੋਸਿਆ ਲਜ਼ੀਜ਼ ਭੋਜਨ ਸਭ ਨੂੰ ਅਨੰਦਿਤ ਕਰ ਗਿਆ। ਸੁਰਿੰਦਰਜੀਤ ਪਲਾਹਾ ਨੇ ਪਿਕਨਿਕ ਨੂੰ ਯਾਦਗਾਰੀ ਬਨਾਉਣ ਲਈ ਸਭ ਦਾ ਧੰਨਵਾਦ ਕੀਤਾ।







# ਇੱਕਾ ਵਾਲੇ ਬਜੁਰਗਾਂ ਨੇ ਵੀ ਕੈਨੇਡਾ ਡੇਅ ਮਨਾਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੱਕਾ ਸੀਨੀਅਰ ਸਿਟੀਜਨ ਸੋਸਾਇਟੀ ਦੇ ਹਾਲ ਵਿੱਚ ਕਨੇਡਾ ਡੇ ਮਨਾਇਆ ਗਿਆ ਜਿਸ ਵਿੱਚ ਬਹੁਤ ਭਰਮੀ ਹਾਜ਼ਰੀ ਸੀ ਸੰਸਥਾ ਦੇ ਜਰਨਲ ਸਕੱਤਰ ਦਰਸ਼ਨ ਸਿੰਘ ਔਲਖ ਨੇ ਹਾਜ਼ਰੀ ਨੂੰ ਜੀ ਆਇਆ ਕਿਹਾ ਅਤੇ ਕਨੇਡਾ ਡੇ ਦੀ ਵਧਾਈ ਦਿੱਤੀ ਇਸ ਤੋਂ ਉਪਰੰਤ ਮੇਜਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਸਾਰੇ ਦੇਸ਼ ਵੱਖ-ਵੱਖ ਸੂਬਿਆਂ ਅਤੇ ਸੰਸਥਾਵਾਂ ਵੱਲੋਂ ਇਹ ਦਿਨ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ ਤਿੰਨ ਸੂਬਿਆਂ ਨੂੰ ਮਿਲਾ ਕੇ ਪਹਿਲੀ ਜੁਲਾਈ 1867 ਨੂੰ ਕਨੇਡਾ ਹੋਂਦ ਵਿੱਚ ਆਇਆ ਸੀ। ਅੱਜ ਇਸ ਦੀ 169ਵੀਂ ਵਰੇਗੰਡ ਹੈ। ਵੱਖ-ਵੱਖ ਸਮੇਂ ਤੇ ਸੂਬੇ ਇਸ ਵਿੱਚ ਰਲਦੇ ਗਏ ਸਸਕੈਚਵਨ ਅਤੇ ਅਲਬਰਟਾ 1905 ਵਿੱਚ ਸ਼ਾਮਿਲ ਹੋਏ। ਕੈਨੇਡਾ ਦਾ ਜਿੰਦਗੀ ਜਿਉਣ ਸਿਸਟਮ ਬਹੁਤ ਵਧੀਆ ਹੈ ਸਾਨੂੰ ਇਸ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਸੋਹਣ ਸਿੰਘ ਭੁੱਚੋ ਨੇ ਆਪਣੀ ਰਚਨਾ ਕਨੇਡਾ ਡੇ ਮਨਾਈਏ ਭੰਗੜੇ ਪਾਈਏ ਖੁਸ਼ੀ ਮਨਾਈਏ ਬੜੇ ਤਰਨ ਵਿੱਚ ਗਾਇਆ। ਬਿੱਕਰ ਸਿੰਘ ਸੰਧੂ ਨੇ ਕਨੇਡਾ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਉਨਾਂ ਸਰਕਾਰ ਵੱਲੋਂ ਖੋਹੀਆਂ ਜਾ ਰਹੀਆਂ ਸਹੂਲਤਾਂ ਦਾ ਜ਼ਿਕਰ ਵੀ ਕੀਤਾ ਅਤੇ ਅਲਬਰਟਾ ਸੂਬੇ ਵਿੱਚ ਹੋਣ ਵਾਲੇ ਰੈਫਰੈਂਡਮ ਬਾਰੇ ਵੀ ਜਾਣਕਾਰੀ ਦਿੱਤੀ। ਦਰਸ਼ਨ ਸਿੰਘ ਧਾਲੀਵਾਲ ਨੇ ਜਿੱਥੇ ਦੇਸ਼ ਦੇ ਚੰਗੇ ਸਿਸਟਮ ਬਾਰੇ ਗੱਲਾਂ ਕੀਤੀਆਂ ਉੱਥੇ ਨਾਲ ਹੀ ਉਹਨਾਂ ਗਲਤ ਅਨਸਰਾਂ ਵੱਲੋਂ ਭਾਈਚਾਰੇ ਨੂੰ ਬਦਨਾਮ ਕਰਕੇ ਕੀਤੀਆਂ ਜਾ ਰਹੀਆਂ ਵਾਰਦਾਤਾਂ ਜਿਕਰ ਵੀ ਕੀਤਾ। ਬਚਿੱਤਰ ਸਿੰਘ ਗਿੱਲ ਨੇ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਦੀ ਕਵੀਸ਼ਰੀ ਲੱਗਦੇ ਰਹਿਣ ਖੁਸ਼ੀ ਦੇ ਮੇਲੇ ਮਿਲਦੀ ਆ ਰਹਿਣ ਵਧਾਈਆਂ ਬੁਲੰਦ ਆਵਾਜ਼ ਵਿੱਚ ਪੇਸ਼ ਕੀਤੀ । ਅਖੀਰ ਵਿੱਚ ਸੰਸਥਾ ਦੇ ਪ੍ਰੈਜੀਡੈਂਟ ਮੇਜਰ ਸਿੰਘ ਧਾਲੀਵਾਲ ਨੇ ਸਾਰੇ ਆਏ ਹੋਏ ਦਾ ਧੰਨਵਾਦ ਕਰਦੇ ਆਂ ਸਮਾਗਮ ਦੀ ਸਮਾਪਤੀ ਕੀਤੀ। ਫੋਟੋਗ੍ਰਾਫੀ ਦੀ ਜਿੰਮੇਵਾਰੀ ਸੁਰਿੰਦਰ ਸੂਰੀ ਦੇ ਹੱਥ ਸੀ। ਚਾਹ ਪਾਣੀ ਦੀ ਸੇਵਾ ਕੁਲਬੀਰ ਸਿੰਘ ਕਾਲਕਟ ਸੁਰਮਕ ਸਿੰਘ ਕੂਨਰ ਨੇ ਨਿਭਾਈ

# ਲੀਡਰਾਂ ਨਾਲ ਫੋਟੋ ਖਿਚਵਾਉਣ ਦੀ ਬਜਾਇ ਉਹਨਾਂ ਨੂੰ ਸੁਆਲ ਕਰੋ-ਬਰਾੜ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਕਸਬੇ ਚੈਸਟਰਮੀਅਰ ਪੰਜਾਬੀ ਬਜ਼ੁਰਗ(ਸੀਨੀਅਰਜ਼) ਸੁਸਾਇਟੀ, ਚੈਸਟਰਮੀਅਰ ਨੇ ਬੀਤੇ ਦਿਨੀ ਕਨੇਡਾ ਡੇ ਸਬੰਧੀ ਸਮਾਗਮ ਕਰਵਾਇਆ। ਕਨੇਡਾ ਦੇ ਰਾਸ਼ਟਰੀ ਝੰਡੇ ਹੇਠ ਕਨੇਡਾ ਦਾ ਰਾਸ਼ਟਰੀ ਗੀਤ ਗਾ ਕੇ ਸਮਾਗਮ ਦੀ ਸ਼ੁਰੂਆਤ ਕੀਤੀ ਗਈ। ਮੁੱਖ ਮਹਿਮਾਨ ਵੱਜੋਂ ਪਹੁੰਚੇ ਬਿੱਕਰ ਸਿੰਘ ਸੰਧੂ ਨੇ ਨਵੀਂ ਬਣੀ ਸੁਸਾਇਟੀ ਦੇ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਨੇਡਾ ਡੇ ਦਾ ਮਹੱਤਵ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਸੁਸਾਇਟੀ ਦੇ ਸੰਚਾਲਨ, ਗਤੀਵਿਧੀਆਂ ਅਤੇ ਸਰਕਾਰੀ ਗ੍ਰਾਂਟਾਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਅਤੇ ਸੁਸਾਇਟੀ ਦੇ ਕਿਸੇ ਵੀ ਪੇਪਰ ਵਰਕ ਲਈ ਹਰ ਕਿਸਮ ਦੀ ਸਹਾਇਤਾ ਪ੍ਰਦਾਨ ਕਰਨ ਦਾ ਵਾਅਦਾ ਕੀਤਾ। ਇਸ ਸਮਾਗਮ ਨੂੰ ਸਪਾਂਸਰ ਕਰਨ ਵਾਲੇ ਪ੍ਰਫੈਕਟ ਟੈਕਸ ਸਲੂਸ਼ਨਜ਼ ਦੇ ਮਾਲਕ ਗੁਰਪ੍ਰੀਤ ਸਿੰਘ ਤੱਥਗੁਰੂ ਨੇ ਆਮਦਨ ਟੈਕਸ ਨਾਲ ਸਬੰਧਤ ਸਰਕਾਰੀ ਸਕੀਮਾਂ ਅਤੇ ਸਹੂਲਤਾਂ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਉਹ ਸੁਸਾਇਟੀ ਦੀ ਹਰ ਤਰ੍ਹਾਂ ਦੀ ਮੱਦਦ ਕਰਨ ਲਈ ਹਰ ਵਕਤ ਹਾਜ਼ਰ ਹਨ। ਸੁਸਾਇਟੀ ਵੱਲੋਂ ਵਿਸ਼ੇਸ਼ ਸੱਦੇ ਤੇ ਆਏ ਗੁਰਬਚਨ ਸਿੰਘ ਬਰਾੜ ਨੇ ਪੀ ਆਰ ਅਤੇ ਸਿਟੀਜ਼ਨਸਿੱਪ ਸਬੰਧੀ ਕਨੇਡਾ ਅਤੇ ਇੰਡੀਆ ਦੇ ਕਨੂੰਨਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇ ਕੋਈ ਵਿਅਕਤੀ ਸਾਲ ਵਿੱਚ 182 ਦਿਨਾਂ ਤੋਂ ਵੱਧ ਇੰਡੀਆ ਰਹਿੰਦਾ ਹੈ ਤਾਂ ਇਨਕਮ ਟੈਕਸ ਨਿਯਮ ਇੰਡੀਆ ਅਨੁਸਾਰ ਲਾਗੂ ਹੁੰਦਾ ਹੈ। ਜੋ ਵਿਅਕਤੀ 182 ਦਿਨਾਂ ਤੋਂ ਵੱਧ ਬਾਹਰਲੇ ਦੇਸ਼ਾਂ ਵਿੱਚ ਰਹਿੰਦਾ ਹੈ ਉਸ 'ਤੇ ਐਨ ਆਰ ਆਈ ਨਿਯਮ ਲਾਗੂ ਹੋਣਗੇ। ਇਸ ਲਈ ਇੰਡੀਆ ਵਾਲੇ ਬੈਂਕ ਖਾਤਿਆਂ ਨੂੰ ਐਨ ਆਰ ਈ ਅਤੇ ਐਨ ਆਰ ਓ ਖਾਤਿਆਂ ਵਿੱਚ ਤਬਦੀਲ ਕਰ ਲੈਣਾ ਚਾਹੀਦਾ ਹੈ। ਉਨ੍ਹਾਂ ਪੀ ਆਰ ਲੋਕਾਂ ਨੂੰ ਸਿਟੀਜ਼ਨਸਿੱਪ ਲੈਣ ਤੇ ਜ਼ੋਰ ਦਿੱਤਾ, ਇਸ ਤਰ੍ਹਾਂ ਉਨ੍ਹਾਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲੇਗਾ ਅਤੇ ਉਨ੍ਹਾਂ ਦੀ ਪੁੱਛਗਿੱਛ ਵਧੇਗੀ। ਉਨ੍ਹਾਂ ਅਲਬਰਟਾ ਰੈਫਰੰਡਮ ਦੇ ਹੋਣ ਵਾਲੇ ਨੁਕਸਾਨਾਂ 'ਤੇ ਚਿੰਤਾ ਜ਼ਾਹਰ ਕਰਦਿਆਂ ਇਸ ਦੇ ਵਿਰੋਧ ਵਿੱਚ ਵੋਟ ਪਾਉਣ ਦੀ ਸਲਾਹ ਦਿੱਤੀ। ਉਨ੍ਹਾਂ ਐਮ ਐਲ ਏ ਜਾਂ ਐਮ ਪੀ ਚੁਣੇ ਗਏ ਨੁਮਾਇੰਦਿਆਂ ਨਾਲ ਖੜ੍ਹੋ ਕੇ ਫੋਟੋ ਖਿਚਵਾਉਣ ਦੀ ਬਜਾਏ ਉਨ੍ਹਾਂ ਕੋਲ ਆਪਣੀਆਂ ਸਮੱਸਿਆਵਾਂ ਹੱਲ ਕਰਵਾਉਣ ਲਈ ਗੱਲਬਾਤ ਕਰਨ ਦੀ ਸਲਾਹ ਦਿੱਤੀ। ਗੁਰਭੇਜ ਸਿੰਘ ਝੰਡ ਨੇ ਕਨੇਡਾ ਡੇ ਸਬੰਧੀ ਇੱਕ ਗੀਤ ਸੁਣਾਇਆ। ਜਨਕ ਸਿੰਘ ਖੁਰਮੀ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ ਅਤੇ ਸਮਾਗਮ ਵਿੱਚ ਸ਼ਾਮਲ ਹੋਏ ਸਾਰੇ ਮੈਂਬਰਾਂ ਅਤੇ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ, ਉਨ੍ਹਾਂ ਨੂੰ ਅੱਗੇ ਤੋਂ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹਿਣ ਦੀ ਅਪੀਲ ਕੀਤੀ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗੁਰਰਾਜ ਸਿੰਘ ਵਿਰਕ ਨੇ ਨਿਭਾਈ।

# 'ਬਿੱਟੂ' ਮਰੇ ਲੋਕਾਂ ਦਾ ਮੁੱਦਾ ਬੇਵਜ੍ਹਾ ਚੁੱਕ ਰਹੇ ਨੇ: ਕੈਪਟਨ ਅਮਰਿੰਦਰ ਸਿੰਘ

ਚੰਡੀਗੜ੍ਹ, (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਇਤਿਹਾਸ ਤੋਂ ਟਾਲਾ ਨਹੀਂ ਵੱਟਿਆ ਜਾ ਸਕਦਾ ਹੈ ਪਰ ਅਤੀਤ ਦੀਆਂ ਘਟਨਾਵਾਂ ਨੂੰ ਮੌਜੂਦਾ ਸਮੇਂ ਵਿੱਚ ਲੋਕਾਂ 'ਚ ਵੰਡੀਆਂ ਪਾਉਣ ਲਈ ਵਰਤਣਾ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਸੋਸ਼ਲ ਮੀਡੀਆ 'ਤੇ ਮਰੇ ਹੋਏ ਕਲੀਨ-ਸ਼ੇਵ ਵਿਅਕਤੀਆਂ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸਾਂਝੀਆਂ ਕਰ ਕੇ ਬੇਵਜ੍ਹਾ ਇਸ ਮੁੱਦੇ ਨੂੰ ਉਭਾਰ ਰਹੇ ਹਨ।ਫਿਲਮ 'ਸਤਲੁਜ' ਨੂੰ ਲੈ ਕੇ ਚੱਲ ਰਹੇ ਵਿਵਾਦ ਬਾਰੇ ਕੈਪਟਨ ਨੇ ਕਿਹਾ ਕਿ ਘਟਨਾਵਾਂ ਨੂੰ ਇਕਪਾਸੜ ਢੰਗ ਨਾਲ ਨਹੀਂ, ਸਗੋਂ ਪੂਰੇ ਪ੍ਰਸੰਗ 'ਚ ਦੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ, "ਜੇ ਕਰੀਬ 25 ਹਜ਼ਾਰ ਲੋਕ ਮਾਰੇ ਗਏ ਹਨ ਤਾਂ 1,800 ਪੁਲੀਸ ਮੁਲਾਜ਼ਮ ਵੀ ਅਤਿਵਾਦ ਨਾਲ ਲੜਦੇ ਹੋਏ ਸ਼ਹੀਦ ਹੋਏ ਹਨ।ਇਸ ਤੋਂ ਇਲਾਵਾ ਹਜ਼ਾਰਾਂ ਬੇਗੁਨਾਹ ਨਾਗਰਿਕ ਵੀ ਆਪਣੀ ਜਾਨ ਗੁਆ ਬੈਠੇ। ਦੋਵੇਂ ਧਿਰਾਂ ਵੱਲੋਂ ਹੋਈਆਂ ਵਧੀਕੀਆਂ ਦੀ ਸੱਚਾਈ ਸਭ ਦੇ ਸਾਹਮਣੇ ਆਉਣੀ ਚਾਹੀਦੀ ਹੈ।" ਉਨ੍ਹਾਂ ਕਿਹਾ ਕਿ ਪਤਾ ਨਹੀਂ ਕਿਸ ਨੇ ਫਿਲਮ ਹਟਵਾਈ ਹੈ।ਫਿਲਮ ਪੰਜਾਬ 'ਚ ਥਾਂ-ਥਾਂ 'ਤੇ ਦਿਖਾਉਣ ਬਾਰੇ ਕੈਪਟਨ ਨੇ ਕਿਹਾ ਕਿ ਇਸ ਨਾਲ ਭਾਜਪਾ ਜਾਂ ਕਾਂਗਰਸ ਨੂੰ ਕੋਈ ਸਿਆਸੀ ਲਾਭ ਨਹੀਂ ਹੋਵੇਗਾ। ਉਨ੍ਹਾਂ ਦਾ ਦਾਅਵਾ ਸੀ ਕਿ ਸ਼੍ਰੋਮਣੀ ਅਕਾਲੀ ਦਲ, ਵਾਰਿਸ ਪੰਜਾਬ ਅਤੇ ਅਕਾਲੀ ਦਲ (ਪੁਨਰ ਸੁਰਜੀਤ) ਇਸ ਮੁੱਦੇ ਤੋਂ ਲਾਹਾ ਲੈਣ ਦੀ ਉਮੀਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਫਿਲਮ ਓ ਟੀ ਟੀ ਪਲੇਟਫਾਰਮ ਤੋਂ ਹਟਾਉਣ ਮਗਰੋਂ ਹੀ ਲੋਕਾਂ 'ਚ ਇਸ ਪ੍ਰਤੀ ਦਿਲਚਸਪੀ ਵਧੀ ਹੈ। ਉਨ੍ਹਾਂ ਮਨੁੱਖੀ ਹੱਕਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਲਾਪਤਾ ਹੋਏ ਲੋਕਾਂ ਦੇ ਸਬੂਤ ਇਕੱਠੇ ਕਰ ਰਹੇ ਸਨ ਅਤੇ ਇਸ 'ਚ ਕੁਝ ਵੀ ਗਲਤ ਨਹੀਂ ਸੀ।




ਨਾਰਥ ਈਸਟ ਸੀਨੀਅਰਜ਼ ਸੋਸਾਇਟੀ ਵੱਲੋਂ 80 ਐਵਨਿਊ ਨਾਰਥ ਈਸਟ ਵਾਲੇ ਲੇਕ ਦੇ ਕਿਨਾਰੇ ਬਣੇ ਪਾਰਕ ਵਿੱਚ ਕੈਨੇਡਾ ਮਨਾਇਆ ਗਿਆ।



# ਸੋਸ਼ਲ ਮੀਡੀਆ ਦੀ ਅਦਾਲਤ: ਜਿੱਥੇ ਤੱਥਾਂ ਤੋਂ ਪਹਿਲਾਂ ਹੀ ਫ਼ੈਸਲਾ ਸੁਣਾ ਦਿੱਤਾ ਜਾਂਦਾ ਹੈ



**ਡਾ: ਸੇਠੀ ਕੇ.ਸੀ.**
ਲੇਖਕ ਦਮਨ,ਇੰਡੀਆ
ਆਕਲੈਂਡ, ਨਿਊਜ਼ੀਲੈਂਡ

ਇਨਸਾਫ਼ ਦੀ ਰਫ਼ਤਾਰ ਦਾ ਸ਼ਾਇਦ ਹੀ ਕੋਈ ਪ੍ਰਸ਼ੰਸਕ ਹੋਵੇ। ਇਨਸਾਫ਼ ਨੂੰ ਉਸਦੀ ਧੀਮੀ ਚਾਲ ਕਰਕੇ ਅਕਸਰ ਆਲੋਚਨਾ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਇਸਦੀ ਅਸਲ ਤਾਕਤ ਇਸਦੇ ਧੀਰਜ ਵਿੱਚ ਹੈ। ਹਰ ਸਭਿਆਚਾਰਕ ਸਮਾਜ ਇਹ ਗੱਲ ਜਾਣਦਾ ਹੈ ਕਿ ਸੱਚ ਹਮੇਸ਼ਾਂ ਪਹਿਲੀ ਨਜ਼ਰ ਵਿੱਚ ਨਹੀਂ ਮਿਲਦਾ। ਸੱਚ ਤੱਕ ਪਹੁੰਚਣ ਲਈ ਸਮਾਂ ਲੱਗਦਾ ਹੈ। ਇਸ ਲਈ ਤੱਥਾਂ ਦੀ ਧਿਆਨ ਨਾਲ ਜਾਂਚ ਕੀਤੀ ਜਾਂਦੀ ਹੈ, ਹਰ ਪੱਖ ਦੀ ਗੱਲ ਸੁਣੀ ਜਾਂਦੀ ਹੈ ਅਤੇ ਭਾਵਨਾਵਾਂ ਦੀ ਥਾਂ ਸਬੂਤਾਂ ਨੂੰ ਮਹੱਤਵ ਦਿੱਤਾ ਜਾਂਦਾ ਹੈ।

ਇਸੇ ਕਰਕੇ ਅਦਾਲਤਾਂ ਜਲਦਬਾਜ਼ੀ ਨਹੀਂ ਕਰਦੀਆਂ। ਸਬੂਤ ਇਕੱਠੇ ਕੀਤੇ ਜਾਂਦੇ ਹਨ, ਉਨ੍ਹਾਂ ਦੀ ਜਾਂਚ ਹੁੰਦੀ ਹੈ, ਦਸਤਾਵੇਜ਼ ਪਰਖੇ ਜਾਂਦੇ ਹਨ, ਦੋਵੇਂ ਪੱਖਾਂ ਦੀਆਂ ਦਲੀਲਾਂ ਸੁਣੀਆਂ ਜਾਂਦੀਆਂ ਹਨ ਅਤੇ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਫ਼ੈਸਲਾ ਅਨੁਮਾਨਾਂ ਨਹੀਂ, ਸਗੋਂ ਹਕੀਕਤ ਦੇ ਆਧਾਰ @ਤੇ ਹੋਵੇ। ਜਿਸਨੂੰ ਬਹੁਤ ਲੋਕ ਦੇਰੀ ਸਮਝਦੇ ਹਨ, ਦਰਅਸਲ ਉਹੀ ਨਿਰਪੱਖ ਇਨਸਾਫ਼ ਦੀ ਸਭ ਤੋਂ ਵੱਡੀ ਸ਼ਰਤ ਹੈ।

ਪਰ ਇੰਟਰਨੈੱਟ ਦੇ ਯੁੱਗ ਵਿੱਚ ਇੱਕ ਹੋਰ ਅਦਾਲਤ ਵੀ ਬਣ ਗਈ ਹੈ। ਇਸ ਅਦਾਲਤ ਵਿੱਚ ਨਾ ਕੋਈ ਵਕੀਲ ਹੈ, ਨਾ ਕੋਈ ਜੱਜ ਅਤੇ ਨਾ ਹੀ ਕੋਈ ਗਵਾਹ। ਇਹ ਸਾਡੀ ਹਥੇਲੀ ਵਿੱਚ ਮੌਜੂਦ ਮੋਬਾਈਲ ਫ਼ੋਨਾਂ ਦੀ ਸਕ੍ਰੀਨ @ਤੇ ਚੱਲਦੀ ਹੈ। ਇਹ ਕਦੇ ਨਹੀਂ ਰੁਕਦੀ, ਕਿਸੇ ਦੀ ਉਡੀਕ ਨਹੀਂ ਕਰਦੀ ਅਤੇ ਇੱਥੇ ਕਿਸੇ ਤਰ੍ਹਾਂ ਦੀ ਕਾਰਵਾਈ ਦਾ ਸਮਾਂ ਨਹੀਂ ਹੁੰਦਾ।

ਹਰ ਸਕਿੰਟ ਅਣਗਿਣਤ ਰਾਏ ਦਿੱਤੀਆਂ ਜਾਂਦੀਆਂ ਹਨ, ਕਿਸੇ ਦੀ ਇੱਜ਼ਤ ਬਣਾਈ ਜਾਂਦੀ ਹੈ ਜਾਂ ਪਲਾਂ ਵਿੱਚ ਤਬਾਹ ਕਰ ਦਿੱਤੀ ਜਾਂਦੀ ਹੈ। ਲੋਕ ਕਿਸੇ ਕਹਾਣੀ ਦਾ ਸਿਰਫ਼ ਇੱਕ ਛੋਟਾ ਜਿਹਾ ਹਿੱਸਾ ਸੁਣ ਕੇ ਹੀ ਫ਼ੈਸਲਾ ਸੁਣਾ ਦਿੰਦੇ ਹਨ। ਇਸ ਅਦ੍ਰਿਸ਼ ਅਦਾਲਤ ਦਾ ਨਾਮ ਹੈ ਸੋਸ਼ਲ ਮੀਡੀਆ। ਇਹ ਕਾਨੂੰਨ ਦੇ ਨਿਯਮਾਂ ਨਾਲ ਨਹੀਂ, ਸਗੋਂ ਸਕਿੰਟਾਂ ਦੀ ਰਫ਼ਤਾਰ ਨਾਲ ਚਲਦੀ ਹੈ। ਇੱਥੇ ਨਾ ਧੀਰਜ ਹੈ ਅਤੇ ਨਾ ਹੀ ਡੂੰਘੀ ਸੋਚ ਲਈ ਕੋਈ ਥਾਂ।

ਅੱਜ ਖ਼ਬਰਾਂ ਸੋਚਣ ਦੀ ਰਫ਼ਤਾਰ ਤੋਂ ਵੀ ਤੇਜ਼ ਦੌੜਦੀਆਂ ਹਨ। ਇੱਕ ਤਸਵੀਰ ਪੋਸਟ ਹੁੰਦੀ ਹੈ, ਇੱਕ ਛੋਟੀ ਵੀਡੀਓ ਅਪਲੋਡ ਹੁੰਦੀ ਹੈ, ਕੋਈ ਸਕ੍ਰੀਨਸ਼ਾਟ ਜਾਂ ਇੱਕ ਵਾਕ ਸਾਂਝਾ ਕੀਤਾ ਜਾਂਦਾ ਹੈ ਅਤੇ ਕੁਝ ਹੀ ਮਿੰਟਾਂ ਵਿੱਚ ਹਜ਼ਾਰਾਂ ਟਿੱਪਣੀਆਂ ਆਉਣ ਲੱਗਦੀਆਂ ਹਨ। ਲੱਖਾਂ ਲੋਕ ਆਪਣੀ ਰਾਏ ਬਣਾ ਲੈਂਦੇ ਹਨ, ਇਸ ਤੋਂ ਪਹਿਲਾਂ ਕਿ ਉਹ ਆਪਣੇ ਆਪ ਤੋਂ ਇਹ ਸਵਾਲ ਪੁੱਛਣ ਕਿ ਕੀ ਇਹ ਜਾਣਕਾਰੀ ਪੂਰੀ ਹੈ? ਕੀ ਇਸ ਵਿੱਚ ਕੋਈ ਤਬਦੀਲੀ ਕੀਤੀ ਗਈ ਹੈ? ਕੀ ਇਸਨੂੰ ਗਲਤ ਸਮਝਿਆ ਗਿਆ ਹੈ? ਜਾਂ ਕੀ ਇਹ ਸੱਚਮੁੱਚ ਸਹੀ ਹੈ?

ਇਸ ਤਰ੍ਹਾਂ ਫ਼ੈਸਲਾ ਤਾਂ ਪਲਾਂ ਵਿੱਚ ਆ ਜਾਂਦਾ ਹੈ, ਪਰ ਸੱਚ ਅਜੇ ਵੀ ਆਪਣੇ ਸਬੂਤ ਇਕੱਠੇ ਕਰ ਰਿਹਾ ਹੁੰਦਾ ਹੈ।

ਇਹ ਆਧੁਨਿਕ ਸਭਿਆਚਾਰ ਦੇ ਸਭ ਤੋਂ ਵੱਡੇ ਵਿਰੋਧਾਭਾਸਾਂ ਵਿੱਚੋਂ ਇੱਕ ਹੈ। ਅੱਜ ਮਨੁੱਖ ਕੋਲ ਜਾਣਕਾਰੀ ਪਹਿਲਾਂ ਨਾਲੋਂ ਕਈ ਗੁਣਾ ਵੱਧ ਹੈ, ਪਰ ਉਸਨੂੰ ਸਮਝਣ ਦਾ ਧੀਰਜ ਪਹਿਲਾਂ ਨਾਲੋਂ ਘੱਟ ਹੋ ਗਿਆ ਹੈ। ਗਿਆਨ ਬੇਹਿਸਾਬ ਵਧਿਆ ਹੈ, ਪਰ ਸਿਆਣਪ ਅਜੇ ਵੀ ਉਨੀ ਹੀ ਹੌਲੀ-ਹੌਲੀ ਵਿਕਸਿਤ ਹੁੰਦੀ ਹੈ ਜਿਵੇਂ ਪਹਿਲਾਂ ਹੁੰਦੀ ਸੀ। ਤਕਨਾਲੋਜੀ ਨੇ ਸੰਚਾਰ ਨੂੰ ਤਾਂ ਤੇਜ਼ ਕਰ ਦਿੱਤਾ ਹੈ, ਪਰ ਮਨੁੱਖੀ ਪਰਿਪੱਕਤਾ ਦੀ ਰਫ਼ਤਾਰ ਨਹੀਂ ਵਧਾਈ।

ਮਨੁੱਖੀ ਮਨ ਦਾ ਸੁਭਾਅ ਹੈ ਕਿ ਉਹ ਅਨਿਸ਼ਚਿਤਤਾ ਨੂੰ ਪਸੰਦ ਨਹੀਂ ਕਰਦਾ। ਉਹ ਹਰ ਗੱਲ ਦਾ ਜਵਾਬ ਤੁਰੰਤ ਚਾਹੁੰਦਾ ਹੈ। ਮਨੋਵਿਗਿਆਨ ਵੀ ਦੱਸਦਾ ਹੈ ਕਿ ਬਿਨਾਂ ਜਵਾਬ ਵਾਲੇ ਸਵਾਲ ਮਨ ਵਿੱਚ ਬੇਚੈਨੀ ਪੈਦਾ ਕਰਦੇ ਹਨ। ਜਦੋਂ ਪੂਰੀ ਜਾਣਕਾਰੀ ਉਪਲਬਧ ਨਹੀਂ ਹੁੰਦੀ, ਤਾਂ ਮਨ ਆਪਣੀ ਕਲਪਨਾ ਨਾਲ ਖਾਲੀ ਥਾਵਾਂ ਭਰਨ ਲੱਗ ਪੈਂਦਾ ਹੈ। ਸੋਸ਼ਲ ਮੀਡੀਆ ਇਸ ਰੁਝਾਨ ਨੂੰ ਹੋਰ ਵੀ ਵਧਾ ਦਿੰਦਾ ਹੈ, ਕਿਉਂਕਿ ਇਹ ਤਰਕ ਨਾਲੋਂ ਭਾਵਨਾਵਾਂ ਨੂੰ ਜ਼ਿਆਦਾ ਉਤਸ਼ਾਹਿਤ ਕਰਦਾ ਹੈ।

ਗੁੱਸਾ ਬਹੁਤ ਤੇਜ਼ੀ ਨਾਲ ਫੈਲਦਾ ਹੈ। ਹਮਦਰਦੀ ਵੀ ਤੇਜ਼ੀ ਨਾਲ ਫੈਲਦੀ ਹੈ। ਡਰ ਵੀ ਪਲਾਂ ਵਿੱਚ ਲੋਕਾਂ ਤੱਕ ਪਹੁੰਚ ਜਾਂਦਾ ਹੈ। ਪਰ ਸ਼ਾਂਤ ਮਨ ਨਾਲ ਸੋਚਣਾ, ਡੂੰਘਾਈ ਨਾਲ ਵਿਚਾਰ ਕਰਨਾ ਅਤੇ ਸੱਚ ਦੀ ਉਡੀਕ ਕਰਨਾ ਇੰਨੀ ਤੇਜ਼ੀ ਨਾਲ ਨਹੀਂ ਫੈਲਦਾ, ਕਿਉਂਕਿ ਇਸ ਵਿੱਚ ਭੀੜ ਨੂੰ ਉਤੇਜਿਤ ਕਰਨ ਵਾਲਾ ਜੋਸ਼ ਨਹੀਂ ਹੁੰਦਾ।

ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਲੋਕ ਸਵਾਲ ਪੁੱਛਣ ਦੀ ਬਜਾਏ ਸਿੱਧੇ ਨਤੀਜੇ ਕੱਢਣ ਲੱਗ ਪੈਂਦੇ ਹਨ। ਉਹ ਇਹ ਨਹੀਂ ਪੁੱਛਦੇ, ÷ਅਸਲ ਵਿੱਚ ਹੋਇਆ ਕੀ ਸੀ?÷ ਇਸ ਦੀ ਥਾਂ ਉਹ ਪਹਿਲਾਂ ਹੀ ਇਹ ਫ਼ੈਸਲਾ ਕਰਨ ਲੱਗ ਜਾਂਦੇ ਹਨ ਕਿ ÷ਸਾਨੂੰ ਕਿਸ ਦਾ ਸਮਰਥਨ ਕਰਨਾ ਹੈ ਅਤੇ ਕਿਸ ਦੀ ਨਿੰਦਾ ਕਰਨੀ ਹੈ?÷ ਸੱਚ ਦੀ ਖੋਜ ਦੀ ਥਾਂ ਲੋਕ ਸਹਿਮਤੀ ਦੀ ਖੋਜ ਕਰਨ ਲੱਗ ਪੈਂਦੇ ਹਨ। ਲੋਕਪ੍ਰਿਯ ਰਾਏ ਨੂੰ ਹੀ ਸਬੂਤ ਸਮਝ ਲਿਆ ਜਾਂਦਾ ਹੈ, ਜਦੋਂਕਿ ਲੋਕਪ੍ਰਿਯਤਾ ਕਦੇ ਵੀ ਸੱਚ ਦਾ ਪ੍ਰਮਾਣ ਨਹੀਂ ਹੁੰਦੀ।

ਇਤਿਹਾਸ ਵਾਰ-ਵਾਰ ਇਹ ਸਾਬਤ ਕਰ ਚੁੱਕਾ ਹੈ ਕਿ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਸਕਦਾ ਹੈ। ਪੂਰੇ ਸਮਾਜ ਕਈ ਵਾਰ ਝੂਠੀਆਂ ਧਾਰਣਾਵਾਂ ਅਤੇ ਭਰਮਾਂ ਨੂੰ ਸੱਚ ਮੰਨਦੇ ਰਹੇ ਹਨ। ਬਹੁਮਤ ਨੇ ਕਈ ਵਾਰ ਬੇਕਸੂਰਾਂ ਨੂੰ ਦੋਸ਼ੀ ਠਹਿਰਾਇਆ ਹੈ ਅਤੇ ਅਸਲ ਦੋਸ਼ੀਆਂ ਦੀ ਪ੍ਰਸ਼ੰਸਾ ਵੀ ਕੀਤੀ ਹੈ। ਵੱਡੀ ਗਿਣਤੀ ਕਿਸੇ ਵਿਚਾਰ ਨੂੰ ਪ੍ਰਭਾਵਸ਼ਾਲੀ ਤਾਂ ਬਣਾ ਸਕਦੀ ਹੈ, ਪਰ ਉਹ ਉਸਨੂੰ ਸੱਚ ਨਹੀਂ ਬਣਾ ਸਕਦੀ। ਕੋਈ ਗੱਲ ਹਜ਼ਾਰ ਵਾਰ ਦੁਹਰਾਉਣ ਨਾਲ ਸੱਚ ਨਹੀਂ ਬਣ ਜਾਂਦੀ। ਤਾਲੀਆਂ ਦੀ ਗੂੰਜ ਕਦੇ ਵੀ ਸੱਚ ਦਾ ਆਧਾਰ ਨਹੀਂ ਬਣ ਸਕਦੀ।

ਸੋਸ਼ਲ ਮੀਡੀਆ ਦਾ ਇੱਕ ਸਭ ਤੋਂ ਪ੍ਰਭਾਵਸ਼ਾਲੀ ਪੱਖ ਇਹ ਹੈ ਕਿ ਹਰ ਘਟਨਾ ਦਾ ਪਹਿਲਾ ਰੂਪ ਲੋਕਾਂ ਦੇ ਮਨ @ਤੇ ਡੂੰਘਾ ਅਸਰ ਛੱਡ ਜਾਂਦਾ ਹੈ। ਉਹ ਸੱਚ ਵੀ ਹੋ ਸਕਦਾ ਹੈ ਅਤੇ ਝੂਠ ਵੀ, ਪਰ ਉਹੀ ਇਹ ਤੈਅ ਕਰ ਦਿੰਦਾ ਹੈ ਕਿ ਬਾਅਦ ਵਿੱਚ ਆਉਣ ਵਾਲੇ ਸਾਰੇ ਤੱਥਾਂ ਨੂੰ ਲੋਕ ਕਿਸ ਨਜ਼ਰੀਏ ਨਾਲ ਦੇਖਣਗੇ।

ਇਲਜ਼ਾਮਾਂ ਵਿੱਚ ਜੋ ਰੋਮਾਂਚ ਹੁੰਦਾ ਹੈ, ਉਹ ਸਪੱਸ਼ਟੀਕਰਨਾਂ ਵਿੱਚ ਨਹੀਂ ਹੁੰਦਾ। ਇਸ ਲਈ ਬਾਅਦ ਵਿੱਚ ਆਉਣ ਵਾਲੀਆਂ ਸੱਚਾਈਆਂ ਨੂੰ ਉਹ ਮਹੱਤਵ ਨਹੀਂ ਮਿਲਦਾ ਜੋ ਪਹਿਲੇ ਦੋਸ਼ਾਂ ਨੂੰ ਮਿਲ ਜਾਂਦਾ ਹੈ। ਜਦੋਂ ਤੱਕ ਸਪੱਸ਼ਟੀਕਰਨ ਸਾਹਮਣੇ ਆਉਂਦੇ ਹਨ, ਉਦੋਂ ਤੱਕ ਲੱਖਾਂ ਲੋਕ ਆਪਣਾ ਮਨ ਬਣਾ ਚੁੱਕੇ ਹੁੰਦੇ ਹਨ। ਪਹਿਲਾ ਪ੍ਰਭਾਵ ਇੰਨਾ ਮਜ਼ਬੂਤ ਹੋ ਜਾਂਦਾ ਹੈ ਕਿ ਉਸਨੂੰ ਬਦਲਣਾ ਬਹੁਤ ਔਖਾ ਹੋ ਜਾਂਦਾ ਹੈ।

ਡਿਜ਼ਿਟਲ ਦੁਨੀਆ ਵਿੱਚ ਕਿਸੇ ਮਨੁੱਖ ਦੀ ਸਾਖ਼ ਸਭ ਤੋਂ ਨਾਜ਼ੁਕ ਸੰਪਤੀਆਂ ਵਿੱਚੋਂ ਇੱਕ ਬਣ ਗਈ ਹੈ। ਸਾਲਾਂ ਦੀ ਮਿਹਨਤ ਨਾਲ ਬਣੀ ਇੱਜ਼ਤ ਕੁਝ ਹੀ ਘੰਟਿਆਂ ਵਿੱਚ ਇੱਕ ਸੋਧੀ ਹੋਈ ਵੀਡੀਓ, ਅਧੂਰੀ ਗੱਲਬਾਤ ਜਾਂ ਭਰਮ ਪੈਦਾ ਕਰਨ ਵਾਲੀ ਸੁਰਖੀ ਕਾਰਨ ਨਸ਼ਟ ਹੋ ਸਕਦੀ ਹੈ। ਬਾਅਦ ਵਿੱਚ ਭਾਵੇਂ ਇਹ ਸਾਬਤ ਹੋ ਜਾਵੇ ਕਿ ਉਹ ਵਿਅਕਤੀ ਬੇਕਸੂਰ ਸੀ, ਫਿਰ ਵੀ ਲੋਕਾਂ ਦੇ ਮਨ ਵਿੱਚ ਉਸ ਬਾਰੇ ਸ਼ੱਕ ਬਣਿਆ ਰਹਿ ਸਕਦਾ ਹੈ। ਕਾਨੂੰਨ ਕਿਸੇ ਮਨੁੱਖ ਨੂੰ ਉਸਦਾ ਕਾਨੂੰਨੀ ਸਨਮਾਨ ਵਾਪਸ ਦਿਵਾ ਸਕਦਾ ਹੈ, ਪਰ ਲੋਕਾਂ ਦੀ ਕਲਪਨਾ ਹਮੇਸ਼ਾਂ ਇੰਨੀ ਦਿਆਲੂ ਨਹੀਂ ਹੁੰਦੀ।

ਇਹ ਸਾਨੂੰ ਇੱਕ ਡੂੰਘੇ ਦਾਰਸ਼ਨਿਕ ਸਵਾਲ ਦੇ ਸਾਹਮਣੇ ਖੜ੍ਹਾ ਕਰਦਾ ਹੈ। ਧੀਰਜ ਤੋਂ ਬਿਨਾਂ ਇਨਸਾਫ਼, ਇਨਸਾਫ਼ ਨਹੀਂ ਰਹਿੰਦਾ।

ਕੇਵਲ ਫ਼ੈਸਲਾ ਸੁਣਾ ਦੇਣਾ ਹੀ ਇਨਸਾਫ਼ ਨਹੀਂ ਹੁੰਦਾ। ਅਸਲ ਇਨਸਾਫ਼ ਦਾ ਮਤਲਬ ਹੈ ਕਿ ਪੂਰੀ ਗੱਲ ਸਮਝੇ ਬਿਨਾਂ ਕੋਈ ਨਤੀਜਾ ਨਾ ਕੱਢਿਆ ਜਾਵੇ। ਇਸ ਲਈ ਬੌਧਿਕ ਨਿਮਰਤਾ ਦੀ ਲੋੜ ਹੁੰਦੀ ਹੈ—ਇਹ ਸਵੀਕਾਰ ਕਰਨ ਦੀ ਸਮਰੱਥਾ ਕਿ ਜੋ ਅਸੀਂ ਪਹਿਲੀ ਨਜ਼ਰ ਵਿੱਚ ਦੇਖ ਰਹੇ ਹਾਂ, ਹੋ ਸਕਦਾ ਹੈ ਉਹ ਪੂਰੀ ਕਹਾਣੀ ਨਾ ਹੋਵੇ, ਜਾਂ ਫਿਰ ਉਹ ਸਹੀ ਕਹਾਣੀ ਹੀ ਨਾ ਹੋਵੇ। ਹਰ ਜਲਦਬਾਜ਼ੀ ਵਿੱਚ ਕੱਢਿਆ ਗਿਆ ਨਤੀਜਾ ਅਕਸਰ ਭਰੋਸੇ ਦੇ ਭੇਸ ਵਿੱਚ ਲੁਕਿਆ ਹੋਇਆ ਇੱਕ ਪੱਖਪਾਤ ਹੁੰਦਾ ਹੈ।

ਸਮੱਸਿਆ ਸੋਸ਼ਲ ਮੀਡੀਆ ਨਹੀਂ ਹੈ। ਹਰ ਮਹਾਨ ਖੋਜ ਦੀ ਤਰ੍ਹਾਂ ਇਹ ਵੀ ਸਿਰਫ਼ ਇੱਕ ਸਾਧਨ ਹੈ। ਇਸਦਾ ਚੰਗਾ ਜਾਂ ਮਾੜਾ ਹੋਣਾ ਇਸ ਗੱਲ @ਤੇ ਨਿਰਭਰ ਕਰਦਾ ਹੈ ਕਿ ਇਸਦੀ ਵਰਤੋਂ ਕਰਨ ਵਾਲੇ ਲੋਕਾਂ ਦਾ ਸੁਭਾਅ ਅਤੇ ਸੋਚ ਕਿਹੋ ਜਿਹੀ ਹੈ।ਸੋਸ਼ਲ ਮੀਡੀਆ ਨੇ ਅਨੇਕਾਂ ਅਪਰਾਧਾਂ ਦਾ ਪਰਦਾਫ਼ਾਸ਼ ਕੀਤਾ ਹੈ, ਭ੍ਰਿਸ਼ਟਾਚਾਰ ਨੂੰ ਬੇਨਕਾਬ ਕੀਤਾ ਹੈ, ਵਿਛੜੇ ਹੋਏ ਪਰਿਵਾਰਾਂ ਨੂੰ ਮਿਲਾਇਆ ਹੈ, ਮਨੁੱਖਤਾ ਦੀ ਸੇਵਾ ਕਰਨ ਵਾਲੀਆਂ ਮੁਹਿੰਮਾਂ ਨੂੰ ਅੱਗੇ ਵਧਾਇਆ ਹੈ ਅਤੇ ਉਹਨਾਂ ਲੋਕਾਂ ਨੂੰ ਆਵਾਜ਼ ਦਿੱਤੀ ਹੈ ਜਿਨ੍ਹਾਂ ਦੀ ਗੱਲ ਰਵਾਇਤੀ ਸੰਸਥਾਵਾਂ ਤੱਕ ਨਹੀਂ ਪਹੁੰਚਦੀ ਸੀ। ਕਈ ਵੱਡੀਆਂ ਬੇਇਨਸਾਫ਼ੀਆਂ ਸਿਰਫ਼ ਇਸ ਲਈ ਦੁਨੀਆ ਦੇ ਸਾਹਮਣੇ ਆਈਆਂ ਕਿਉਂਕਿ ਕਿਸੇ ਇੱਕ ਬਹਾਦਰ ਵਿਅਕਤੀ ਨੇ ਡਿਜ਼ਿਟਲ ਮਾਧਿਅਮ ਰਾਹੀਂ ਆਪਣੀ ਆਵਾਜ਼ ਉਠਾਉਣ ਦਾ ਹੌਸਲਾ ਕੀਤਾ। ਇਨ੍ਹਾਂ ਉਪਲਬਧੀਆਂ ਨੂੰ ਕਦੇ ਵੀ ਘੱਟ ਨਹੀਂ ਅੰਕਣਾ ਚਾਹੀਦਾ।

ਪਰ ਹਰ ਤਾਕਤਵਰ ਸਾਧਨ ਨਾਲ ਜ਼ਿੰਮੇਵਾਰੀ ਵੀ ਜੁੜੀ ਹੁੰਦੀ ਹੈ। ਅੱਗ ਨਾਲ ਭੋਜਨ ਵੀ ਪਕਾਇਆ ਜਾ ਸਕਦਾ ਹੈ ਅਤੇ ਇੱਕ ਪੂਰਾ ਸ਼ਹਿਰ ਵੀ ਸਾੜਿਆ ਜਾ ਸਕਦਾ ਹੈ। ਇੱਕ ਕਲਮ ਗਿਆਨ ਵੀ ਫੈਲਾ ਸਕਦੀ ਹੈ ਅਤੇ ਝੂਠ ਵੀ। ਤਕਨਾਲੋਜੀ ਵੀ ਇਸ ਤੋਂ ਵੱਖਰੀ ਨਹੀਂ। ਇਹ ਮਨੁੱਖ ਦੀ ਸੋਚ ਦੇ ਅਨੁਸਾਰ ਸਿਆਣਪ ਨੂੰ ਵੀ ਵਧਾਉਂਦੀ ਹੈ ਅਤੇ ਮੂਰਖਤਾ ਨੂੰ ਵੀ, ਦਇਆ ਨੂੰ ਵੀ ਮਜ਼ਬੂਤ ਕਰਦੀ ਹੈ ਅਤੇ ਬੁਰਾਈ ਨੂੰ ਵੀ।

ਅੱਜ ਦੇ ਸਮਾਜ ਵਿੱਚ ਅਸੀਂ ਅਕਸਰ ਤੇਜ਼ੀ ਨੂੰ ਹੀ ਤਰੱਕੀ ਸਮਝ ਬੈਠਦੇ ਹਾਂ। ਸਾਡੇ ਕੋਲ ਤੇਜ਼ ਸੰਚਾਰ ਹੈ, ਤੇਜ਼ ਆਵਾਜਾਈ ਹੈ, ਤੇਜ਼ ਫ਼ੈਸਲੇ ਹਨ ਅਤੇ ਤੇਜ਼ ਨਤੀਜੇ ਹਨ। ਪਰ ਜੀਵਨ ਦੀਆਂ ਕੁਝ ਸਭ ਤੋਂ ਕੀਮਤੀ ਚੀਜ਼ਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਤੇਜ਼ ਨਹੀਂ ਕੀਤਾ ਜਾ ਸਕਦਾ।

ਦੋਸਤੀ ਇੱਕ ਦਿਨ ਵਿੱਚ ਨਹੀਂ ਬਣਦੀ। ਚੰਗਾ ਚਰਿੱਤਰ ਸਾਲਾਂ ਦੀ ਸੱਚਾਈ, ਸੰਘਰਸ਼ ਅਤੇ ਅਨੁਭਵ ਨਾਲ ਬਣਦਾ ਹੈ। ਸਿਆਣਪ ਜਲਦਬਾਜ਼ੀ ਨਾਲ ਨਹੀਂ ਮਿਲਦੀ, ਸਗੋਂ ਡੂੰਘੇ ਮਨਨ ਅਤੇ ਚਿੰਤਨ ਨਾਲ ਪ੍ਰਾਪਤ ਹੁੰਦੀ ਹੈ। ਇਹ ਸਾਰੇ ਸਦੀਵੀ ਮੁੱਲ ਹਨ ਅਤੇ ਇਨਸਾਫ਼ ਵੀ ਉਨ੍ਹਾਂ ਵਿੱਚੋਂ ਇੱਕ ਹੈ।

ਸੱਚ ਦੀ ਆਪਣੀ ਇੱਕ ਵੱਖਰੀ ਰਫ਼ਤਾਰ ਹੁੰਦੀ ਹੈ, ਜੋ ਤਕਨਾਲੋਜੀ ਦੀ ਰਫ਼ਤਾਰ ਤੋਂ ਬਿਲਕੁਲ ਵੱਖਰੀ ਹੈ। ਤਕਨਾਲੋਜੀ ਸਾਨੂੰ ਤੁਰੰਤ ਪ੍ਰਤੀਕਿਰਿਆ ਦੇਣ ਲਈ ਪ੍ਰੇਰਿਤ ਕਰਦੀ ਹੈ, ਜਦਕਿ ਸੱਚ ਸਾਨੂੰ ਠਹਿਰ ਕੇ ਸੋਚਣ ਲਈ ਕਹਿੰਦਾ ਹੈ। ਤਕਨਾਲੋਜੀ ਕਹਿੰਦੀ ਹੈ; ÷ਹੁਣੇ ਜਵਾਬ ਦਿਓ।÷ ਪਰ ਸਿਆਣਪ ਸਿਖਾਉਂਦੀ ਹੈ, ÷ਪਹਿਲਾਂ ਸਮਝੋ, ਫਿਰ ਬੋਲੋ।÷ ਅੱਜ ਦੇ ਸਮੇਂ ਦੀਆਂ ਸਭ ਤੋਂ ਵੱਡੀਆਂ ਨੈਤਿਕ ਚੁਣੌਤੀਆਂ ਵਿੱਚੋਂ ਇੱਕ ਇਹੀ ਟਕਰਾਅ ਹੈ।

ਤਕਨਾਲੋਜੀ ਨੇ ਨਿਸ਼ਚਿਤ ਤੌਰ @ਤੇ ਮਨੁੱਖੀ ਸਭਿਆਚਾਰ ਨੂੰ ਬਦਲ ਦਿੱਤਾ ਹੈ, ਪਰ ਹਰ ਵੱਡੇ ਬਦਲਾਅ ਦੇ ਨਾਲ ਨਵੇਂ ਨੈਤਿਕ ਸਵਾਲ ਵੀ ਜਨਮ ਲੈਂਦੇ ਹਨ। ਨਵੀਆਂ ਖੋਜਾਂ ਜੀਵਨ ਨੂੰ ਆਸਾਨ, ਤੇਜ਼ ਅਤੇ ਆਪਸ ਵਿੱਚ ਵੱਧ ਜੋੜਦੀਆਂ ਹਨ, ਪਰ ਜੀਵਨ ਸਿਰਫ਼ ਸੁਵਿਧਾ ਦਾ ਨਾਮ ਨਹੀਂ ਹੈ।

ਮਸ਼ੀਨਾਂ ਕੰਮ ਕਰਨ ਦਾ ਸਮਾਂ ਘਟਾ ਸਕਦੀਆਂ ਹਨ, ਪਰ ਸੱਚ ਦੀ ਖੋਜ ਦਾ ਸਮਾਂ ਨਹੀਂ ਘਟਾ ਸਕਦੀਆਂ। ਜਾਣਕਾਰੀ ਕੁਝ ਸਕਿੰਟਾਂ ਵਿੱਚ ਪੂਰੀ ਦੁਨੀਆ ਵਿੱਚ ਫੈਲ ਸਕਦੀ ਹੈ, ਪਰ ਸੱਚ ਹਮੇਸ਼ਾਂ ਸਾਵਧਾਨੀ ਨਾਲ, ਇੱਕ-ਇੱਕ ਕਦਮ ਚੱਲ ਕੇ ਹੀ ਅੱਗੇ ਵਧਦਾ ਹੈ।ਮੇਰੇ ਵਿਚਾਰ ਵਿੱਚ ਸੋਸ਼ਲ ਮੀਡੀਆ ਦਾ ਸਭ ਤੋਂ ਵੱਡਾ ਖ਼ਤਰਾ ਸਿਰਫ਼ ਗਲਤ ਜਾਣਕਾਰੀ ਫੈਲਾਉਣਾ ਨਹੀਂ ਹੈ। ਇਸ ਤੋਂ ਵੀ ਵੱਡਾ ਖ਼ਤਰਾ ਇਹ ਹੈ ਕਿ ਇਹ ਲੋਕਾਂ ਨੂੰ ਸਮਝਣ ਤੋਂ ਪਹਿਲਾਂ ਹੀ ਵਿਸ਼ਵਾਸ ਕਰਨ ਲਈ ਤਿਆਰ ਕਰ ਦਿੰਦਾ ਹੈ। ਧੋਖਾ, ਅਫ਼ਵਾਹਾਂ ਅਤੇ ਪੱਖਪਾਤ ਮਨੁੱਖੀ ਸਮਾਜ ਵਿੱਚ ਸਦੀਆਂ ਤੋਂ ਮੌਜੂਦ ਹਨ। ਨਵੀਂ ਗੱਲ ਸਿਰਫ਼ ਇਹ ਹੈ ਕਿ ਹੁਣ ਇਹ ਪਹਿਲਾਂ ਨਾਲੋਂ ਕਈ ਗੁਣਾ ਤੇਜ਼ੀ ਨਾਲ, ਬਹੁਤ ਵੱਡੇ ਪੱਧਰ @ਤੇ ਅਤੇ ਲੰਬੇ ਸਮੇਂ ਲਈ ਫੈਲਦੇ ਹਨ।ਪਹਿਲਾਂ ਕੋਈ ਝੂਠੀ ਗੱਲ ਸਮੇਂ ਦੇ ਨਾਲ ਭੁੱਲੀ ਵੀ ਜਾ ਸਕਦੀ ਸੀ। ਪਰ ਅੱਜ ਇੰਟਰਨੈੱਟ ਉਸਨੂੰ ਸਾਲਾਂ ਤੱਕ ਸੰਭਾਲ ਕੇ ਰੱਖਦਾ ਹੈ। ਕੋਈ ਪੁਰਾਣਾ ਦੋਸ਼ ਸਾਲਾਂ ਬਾਅਦ ਵੀ ਖੋਜਿਆ ਜਾ ਸਕਦਾ ਹੈ ਅਤੇ ਉਹ ਲੋਕਾਂ ਦੀ ਸੋਚ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ, ਭਾਵੇਂ ਉਹ ਗੱਲ ਬਾਅਦ ਵਿੱਚ ਝੂਠੀ ਹੀ ਕਿਉਂ ਨਾ ਸਾਬਤ ਹੋ ਚੁੱਕੀ ਹੋਵੇ। ਇੰਟਰਨੈੱਟ ਦੀ ਯਾਦਦਾਸ਼ਤ ਬਹੁਤ ਮਜ਼ਬੂਤ ਹੈ, ਪਰ ਉਹ ਹਮੇਸ਼ਾਂ ਨਿਆਂਪੂਰਨ ਨਹੀਂ ਹੁੰਦੀ। ਕਈ ਵਾਰ ਉਹ ਦੋਸ਼ਾਂ ਨੂੰ ਤਾਂ ਸੰਭਾਲ ਕੇ ਰੱਖਦੀ ਹੈ, ਪਰ ਬਾਅਦ ਵਿੱਚ ਆਈ ਸੱਚਾਈ ਨੂੰ ਲੋਕ ਭੁੱਲ ਜਾਂਦੇ ਹਨ।ਇਹ ਸਾਰੇ ਤੱਥ ਸਾਡੇ ਹਰ ਇੱਕ ਲਈ ਇੱਕ ਨੈਤਿਕ ਜ਼ਿੰਮੇਵਾਰੀ ਪੈਦਾ ਕਰਦੇ ਹਨ। ਆਮ ਤੌਰ @ਤੇ ਅਸੀਂ ਇਨਸਾਫ਼ ਨੂੰ ਅਦਾਲਤਾਂ ਅਤੇ ਜੱਜਾਂ ਨਾਲ ਜੋੜਦੇ ਹਾਂ, ਪਰ ਇਸ ਡਿਜ਼ਿਟਲ ਯੁੱਗ ਵਿੱਚ ਇੰਟਰਨੈੱਟ ਵਰਤਣ ਵਾਲਾ ਹਰ ਵਿਅਕਤੀ ਲੋਕ-ਰਾਏ ਬਣਾਉਣ ਦੀ ਪ੍ਰਕਿਰਿਆ ਦਾ ਹਿੱਸਾ ਬਣ ਗਿਆ ਹੈ। ਹਰ ਟਿੱਪਣੀ, ਹਰ ਸ਼ੇਅਰ, ਹਰ ਰੀ-ਪੋਸਟ ਅਤੇ ਹਰ ÷ਲਾਈਕ÷ ਮਿਲ ਕੇ ਇੱਕ ਵੱਡੀ ਕਹਾਣੀ ਲਿਖਦੇ ਹਨ। ਇੱਕ ਕਲਿੱਕ ਭਾਵੇਂ ਛੋਟਾ ਲੱਗੇ, ਪਰ ਲੱਖਾਂ ਕਲਿੱਕ ਮਿਲ ਕੇ ਕਿਸੇ ਵਿਅਕਤੀ, ਸੰਸਥਾ ਜਾਂ ਪੂਰੇ ਸਮਾਜ ਦੀ ਸਾਖ਼ ਬਣਾਉਂਦੇ ਜਾਂ ਬਿਗਾੜਦੇ ਹਨ।

ਅਭਿਵਿਅਕਤੀ ਦੀ ਆਜ਼ਾਦੀ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤਾਂ ਵਿੱਚੋਂ ਇੱਕ ਹੈ। ਇਹ ਸਾਨੂੰ ਸੱਤਾ ਤੋਂ ਸਵਾਲ ਪੁੱਛਣ, ਭ੍ਰਿਸ਼ਟਾਚਾਰ ਨੂੰ ਬੇਨਕਾਬ ਕਰਨ ਅਤੇ ਅਸਹਿਮਤੀ ਪ੍ਰਗਟ ਕਰਨ ਦਾ ਹੱਕ ਦਿੰਦੀ ਹੈ। ਪਰ ਹਰ ਆਜ਼ਾਦੀ ਨਾਲ ਇੱਕ ਬਰਾਬਰ ਦੀ ਜ਼ਿੰਮੇਵਾਰੀ ਵੀ ਜੁੜੀ ਹੁੰਦੀ ਹੈ। ਜਿੱਥੇ ਜ਼ਿੰਮੇਵਾਰੀ ਨਹੀਂ ਹੁੰਦੀ, ਉੱਥੇ ਆਜ਼ਾਦੀ ਹੌਲੀ-ਹੌਲੀ ਲਾਪਰਵਾਹੀ ਵਿੱਚ ਬਦਲ ਜਾਂਦੀ ਹੈ। ਜਦੋਂ ਬਿਨਾਂ ਸੋਚੇ-ਸਮਝੇ ਬੋਲਿਆ ਜਾਂਦਾ ਹੈ, ਤਾਂ ਉਹ ਵਿਚਾਰ ਨਹੀਂ, ਸਿਰਫ਼ ਸ਼ੋਰ ਬਣ ਜਾਂਦਾ ਹੈ। ਰਾਏ ਦੀ ਬੁਨਿਆਦ ਗਿਆਨ ਹੋਣੀ ਚਾਹੀਦੀ ਹੈ, ਨਹੀਂ ਤਾਂ ਉਹ ਸਿਰਫ਼ ਪੱਖਪਾਤ ਬਣ ਕੇ ਰਹਿ ਜਾਂਦੀ ਹੈ। ਅਧਿਕਾਰਾਂ ਦੀ ਆਜ਼ਾਦੀ ਤਦ ਹੀ ਕਾਇਮ ਰਹਿ ਸਕਦੀ ਹੈ ਜਦੋਂ ਉਸ ਨਾਲ ਅਨੁਸ਼ਾਸਨ ਵੀ ਹੋਵੇ।

ਅੱਜ ਦਾ ਇਹ ਵਿਵਾਦ ਸਿਰਫ਼ ਤਕਨਾਲੋਜੀ ਦੀ ਸਮੱਸਿਆ ਨਹੀਂ, ਸਗੋਂ ਇੱਕ ਡੂੰਘਾ ਦਾਰਸ਼ਨਿਕ ਸਵਾਲ ਵੀ ਹੈ। ਸਾਨੂੰ ਅਜਿਹੇ ਸਮਾਜ ਵਿੱਚ ਵਿਚਾਰਸ਼ੀਲ ਅਤੇ ਸੰਵੇਦਨਸ਼ੀਲ ਬਣਨਾ ਸਿੱਖਣਾ ਪਵੇਗਾ, ਜਿੱਥੇ ਤੇਜ਼ੀ ਨੂੰ ਸੋਚ ਨਾਲੋਂ ਵੱਧ ਮਹੱਤਵ ਦਿੱਤਾ ਜਾਂਦਾ ਹੈ। ਅਸੀਂ ਆਪਣੇ ਆਪ ਤੋਂ ਇਹ ਸਵਾਲ ਪੁੱਛਣਾ ਹੋਵੇਗਾ; ਪਹਿਲਾਂ ਹੋਣਾ ਜ਼ਿਆਦਾ ਮਹੱਤਵਪੂਰਨ ਹੈ ਜਾਂ ਸਹੀ ਹੋਣਾ? ਇਹ ਸਵਾਲ ਬਹੁਤ ਸੌਖਾ ਲੱਗਦਾ ਹੈ, ਪਰ ਸਾਡਾ ਰੋਜ਼ਾਨਾ ਵਿਹਾਰ ਅਕਸਰ ਇਸਦਾ ਉਲਟ ਜਵਾਬ ਦਿੰਦਾ ਹੈ।

ਕਿਸੇ ਵੀ ਸਭਿਆਚਾਰ ਦੀ ਮਹਾਨਤਾ ਸਿਰਫ਼ ਉਸ ਦੀਆਂ ਉੱਚੀਆਂ ਇਮਾਰਤਾਂ, ਧਨ-ਦੌਲਤ ਜਾਂ ਤਕਨੀਕੀ ਤਰੱਕੀ ਨਾਲ ਨਹੀਂ ਮਾਪੀ ਜਾਂਦੀ। ਉਸਦਾ ਅਸਲ ਮੁੱਲ ਉਹਨਾਂ ਨੈਤਿਕ ਸਿਧਾਂਤਾਂ ਨਾਲ ਨਿਰਧਾਰਤ ਹੁੰਦਾ ਹੈ ਜਿਨ੍ਹਾਂ ਨੂੰ ਉਹ ਸੰਭਾਲ ਕੇ ਰੱਖਦਾ ਹੈ। ਇਤਿਹਾਸ ਨੇ ਕਦੇ ਵੀ ਉਹਨਾਂ ਤਾਕਤਵਰ ਸਮਾਜਾਂ ਨੂੰ ਸਨਮਾਨ ਨਹੀਂ ਦਿੱਤਾ ਜੋ ਨਿਆਂ ਅਤੇ ਨਿਰਪੱਖਤਾ ਤੋਂ ਖਾਲੀ ਸਨ। ਜੇ ਤਰੱਕੀ ਦੀ ਕੀਮਤ ਨਿਆਂ ਦਾ ਨੁਕਸਾਨ ਹੈ, ਤਾਂ ਅਜਿਹੀ ਤਰੱਕੀ ਅਸਲ ਵਿੱਚ ਤਰੱਕੀ ਨਹੀਂ, ਸਗੋਂ ਪਿੱਛੇ ਹਟਣਾ ਹੈ।

ਪਰ ਤੁਰੰਤ ਫ਼ੈਸਲੇ ਕਰਨ ਦੀ ਇਸ ਸੰਸਕ੍ਰਿਤੀ ਵਿੱਚ ਇੱਕ ਹੋਰ ਲੁਕਿਆ ਹੋਇਆ ਖ਼ਤਰਾ ਵੀ ਹੈ। ਜਦੋਂ ਲੋਕ ਵਾਰ-ਵਾਰ ਦੇਖਦੇ ਹਨ ਕਿ ਬਿਨਾਂ ਪੂਰੇ ਸਬੂਤਾਂ ਦੇ ਕਿਸੇ ਨੂੰ ਜਨਤਕ ਤੌਰ @ਤੇ ਦੋਸ਼ੀ ਠਹਿਰਾਇਆ ਜਾ ਰਿਹਾ ਹੈ, ਤਾਂ ਉਹਨਾਂ ਦੇ ਮਨ ਵਿੱਚ ਡਰ ਪੈਦਾ ਹੋਣ ਲੱਗਦਾ ਹੈ। ਲੋਕ ਆਪਣੇ ਵਿਚਾਰ ਖੁੱਲ੍ਹ ਕੇ ਰੱਖਣ ਤੋਂ ਘਬਰਾਉਣ ਲੱਗਦੇ ਹਨ, ਕਿਉਂਕਿ ਉਹਨਾਂ ਨੂੰ ਡਰ ਹੁੰਦਾ ਹੈ ਕਿ ਸ਼ਾਇਦ ਉਨ੍ਹਾਂ ਦਾ ਇੱਕ ਹੀ ਵਾਕ ਗਲਤ ਸਮਝਿਆ ਜਾਵੇ ਅਤੇ ਉਨ੍ਹਾਂ ਦੀ ਸਾਰੀ ਉਮਰ ਦੀ ਇੱਜ਼ਤ ਮਿੱਟੀ ਵਿੱਚ ਮਿਲ ਜਾਵੇ।

ਇਸ ਡਰ ਦਾ ਨਤੀਜਾ ਇਹ ਨਿਕਲਦਾ ਹੈ ਕਿ ਲੋਕ ਸਾਵਧਾਨ ਤਾਂ ਹੋ ਜਾਂਦੇ ਹਨ, ਪਰ ਆਜ਼ਾਦ ਨਹੀਂ ਰਹਿੰਦੇ। ਰਚਨਾਤਮਕਤਾ ਘਟਣ ਲੱਗਦੀ ਹੈ, ਨਵੇਂ ਵਿਚਾਰ ਜਨਮ ਲੈਣ ਤੋਂ ਪਹਿਲਾਂ ਹੀ ਦਬਾ ਦਿੱਤੇ ਜਾਂਦੇ ਹਨ ਅਤੇ ਸਮਾਜ ਹੌਲੀ-ਹੌਲੀ ਆਪਣੀ ਸੁਤੰਤਰ ਸੋਚਣ ਦੀ ਸਮਰੱਥਾ ਗੁਆਉਣ ਲੱਗਦਾ ਹੈ। ਇਨਸਾਫ਼ ਸਿਰਫ਼ ਬੇਕਸੂਰਾਂ ਦੀ ਰੱਖਿਆ ਲਈ ਨਹੀਂ ਹੁੰਦਾ, ਸਗੋਂ ਹਰ ਵਿਅਕਤੀ ਨੂੰ ਇਸ ਡਰ ਤੋਂ ਮੁਕਤ ਰੱਖਣ ਲਈ ਵੀ ਹੁੰਦਾ ਹੈ ਕਿ ਕਿਤੇ ਉਸਨੂੰ ਬਿਨਾਂ ਕਾਰਨ ਜਨਤਕ ਤੌਰ @ਤੇ ਬੇਇਜ਼ਤ ਨਾ ਕਰ ਦਿੱਤਾ ਜਾਵੇ।

ਮਨੋਵਿਗਿਆਨ ਦੱਸਦਾ ਹੈ ਕਿ ਮਨੁੱਖ ਜਨਮ ਤੋਂ ਹੀ ਕਿਸੇ ਸਮੂਹ ਨਾਲ ਜੁੜੇ ਰਹਿਣ ਦੀ ਇੱਛਾ ਰੱਖਦਾ ਹੈ। ਜਦੋਂ ਸਾਡੇ ਵਿਚਾਰ ਦੂਜਿਆਂ ਤੋਂ ਵੱਖਰੇ ਹੁੰਦੇ ਹਨ, ਤਾਂ ਅਸੀਂ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹਾਂ। ਸੋਸ਼ਲ ਮੀਡੀਆ ਇਸ ਭਾਵਨਾ ਨੂੰ ਹੋਰ ਮਜ਼ਬੂਤ ਕਰ ਦਿੰਦਾ ਹੈ। ਉੱਥੇ ਲੋਕ ਲਾਈਕਾਂ, ਸ਼ੇਅਰਾਂ, ਟਿੱਪਣੀਆਂ ਅਤੇ ਫ਼ਾਲੋਅਰਾਂ ਦੀ ਗਿਣਤੀ ਦੇਖਦੇ ਹਨ ਅਤੇ ਕਈ ਵਾਰ ਇਹ ਮੰਨ ਲੈਂਦੇ ਹਨ ਕਿ ਜਿਸਦੇ ਨਾਲ ਵੱਧ ਲੋਕ ਹਨ, ਉਹੀ ਸਹੀ ਹੋਵੇਗਾ। ਪਰ ਇਤਿਹਾਸ ਸਾਨੂੰ ਇੱਕ ਵੱਖਰਾ ਸਬਕ ਸਿਖਾਉਂਦਾ ਹੈ। ਕਈ ਵਾਰ ਬਹੁਮਤ ਸਿਰਫ਼ ਇੱਕ ਭਰਮ ਦਾ ਪਿੱਛਾ ਕਰਦਾ ਰਿਹਾ ਹੈ, ਜਦਕਿ ਸੱਚ ਉਸ ਇੱਕ ਵਿਅਕਤੀ ਦੇ ਨਾਲ ਖੜ੍ਹਾ ਸੀ ਜਿਸਨੇ ਸਾਫ਼ ਅਤੇ ਸੁਤੰਤਰ ਸੋਚਣ ਦਾ ਸਾਹਸ ਕੀਤਾ। ਸਿਆਣਪ ਨੇ ਕਦੇ ਵੀ ਸੱਚ ਦਾ ਫ਼ੈਸਲਾ ਸਿਰਫ਼ ਗਿਣਤੀ ਦੇ ਆਧਾਰ 'ਤੇ ਨਹੀਂ ਕੀਤਾ।

ਇਸ ਲਈ ਸਿੱਖਿਆ ਦਾ ਮਕਸਦ ਸਿਰਫ਼ ਪੜ੍ਹਨਾ-ਲਿਖਣਾ ਜਾਂ ਰੋਜ਼ਗਾਰ ਲਈ ਹੁਨਰ ਸਿਖਾਉਣਾ ਨਹੀਂ ਹੋਣਾ ਚਾਹੀਦਾ। ਸਿੱਖਿਆ ਦਾ ਅਸਲ ਉਦੇਸ਼ ਬੌਧਿਕ ਨਿਮਰਤਾ (Intellectual Humility) ਦਾ ਵਿਕਾਸ ਕਰਨਾ ਵੀ ਹੈ ਅਰਥਾਤ ਇਹ ਮੰਨਣ ਦੀ ਸਮਰੱਥਾ ਕਿ ÷ਮੈਂ ਸਭ ਕੁਝ ਨਹੀਂ ਜਾਣਦਾ।÷ ਇੱਕ ਪੜ੍ਹਿਆ-ਲਿਖਿਆ ਮਨ ਉਹ ਨਹੀਂ ਜੋ ਹਰ ਸਵਾਲ ਦਾ ਤੁਰੰਤ ਜਵਾਬ ਦੇ ਦੇਵੇ, ਸਗੋਂ ਉਹ ਹੈ ਜੋ ਗਿਆਨ ਅਤੇ ਸਮਝ ਵਿਚਲਾ ਅੰਤਰ ਜਾਣਦਾ ਹੋਵੇ। ਉਹ ਜਾਣਦਾ ਹੈ ਕਿ ਕਦੋਂ ਬੋਲਣਾ ਠੀਕ ਹੈ ਅਤੇ ਕਦੋਂ ਚੁੱਪ ਰਹਿਣਾ ਹੀ ਵਧੀਆ ਹੈ।ਜਵਾਬ ਦੇਣ ਤੋਂ ਪਹਿਲਾਂ ਕੁਝ ਪਲਾਂ ਦਾ ਠਹਿਰਾਅ ਬਹੁਤ ਛੋਟਾ ਲੱਗ ਸਕਦਾ ਹੈ, ਪਰ ਅਸਲ ਵਿੱਚ ਇਹ ਮਨੁੱਖੀ ਪਰਿਪੱਕਤਾ ਦੀ ਸਭ ਤੋਂ ਉੱਚੀ ਨਿਸ਼ਾਨੀ ਹੈ। ਉਸ ਇੱਕ ਛੋਟੇ ਜਿਹੇ ਪਲ ਵਿੱਚ ਭਾਵਨਾਵਾਂ ਉੱਤੇ ਤਰਕ ਹਾਵੀ ਹੋ ਸਕਦਾ ਹੈ, ਪਹਿਲਾਂ ਤੋਂ ਬਣੀ ਧਾਰਣਾ ਦੀ ਥਾਂ ਸਬੂਤ ਲੈ ਸਕਦੇ ਹਨ ਅਤੇ ਪੱਖਪਾਤ ਦੀ ਥਾਂ ਸੱਚ ਨੂੰ ਸਵੀਕਾਰ ਕਰਨ ਦੀ ਸੰਭਾਵਨਾ ਪੈਦਾ ਹੋ ਸਕਦੀ ਹੈ। ਇਨਸਾਫ਼ ਦੀ ਸ਼ੁਰੂਆਤ ਇੱਥੇ ਹੀ ਹੁੰਦੀ ਹੈ। ਇਹ ਨਾ ਤਾਂ ਭਾਵਨਾਤਮਕ ਭਾਸ਼ਣਾਂ ਵਿੱਚ ਜਨਮ ਲੈਂਦਾ ਹੈ ਅਤੇ ਨਾ ਹੀ ਨਾਅਰਿਆਂ ਵਿੱਚ, ਸਗੋਂ ਪੂਰੀ ਗੱਲ ਸੁਣਨ ਦੀ ਸ਼ਾਂਤ ਅਤੇ ਨਿਮਰ ਉਡੀਕ ਵਿੱਚ।

ਕਿਸੇ ਵੀ ਰਾਏ ਬਣਾਉਣ ਤੋਂ ਪਹਿਲਾਂ ਸਾਨੂੰ ਆਪਣੇ ਆਪ ਤੋਂ ਇਹ ਨਹੀਂ ਪੁੱਛਣਾ ਚਾਹੀਦਾ ਕਿ ÷ਮੈਂ ਕੀ ਮਹਿਸੂਸ ਕਰ ਰਿਹਾ ਹਾਂ?÷ ਸਗੋਂ ਇਹ ਪੁੱਛਣਾ ਚਾਹੀਦਾ ਹੈ ਕਿ ÷ਮੈਂ ਅਸਲ ਵਿੱਚ ਕੀ ਜਾਣਦਾ ਹਾਂ?÷ ਭਾਵਨਾਵਾਂ ਮਹੱਤਵਪੂਰਨ ਹਨ, ਪਰ ਉਹ ਤੱਥਾਂ ਦੀ ਥਾਂ ਨਹੀਂ ਲੈ ਸਕਦੀਆਂ। ਹਮਦਰਦੀ ਇੱਕ ਮਹਾਨ ਗੁਣ ਹੈ, ਪਰ ਸੱਚ ਤੋਂ ਬਿਨਾਂ ਹਮਦਰਦੀ ਵੀ ਗਲਤ ਨਤੀਜਿਆਂ ਤੱਕ ਲੈ ਜਾ ਸਕਦੀ ਹੈ। ਇਨਸਾਫ਼ ਲਈ ਦੋ ਚੀਜ਼ਾਂ ਬਹੁਤ ਜ਼ਰੂਰੀ ਹਨ—ਇੱਕ ਦਿਆਲੂ ਦਿਲ ਅਤੇ ਦੂਜੀ ਚੰਗੀ ਤਰ੍ਹਾਂ ਸਿਖਲਾਈ ਹੋਈ ਸੋਚ।

ਹਰ ਪੀੜ੍ਹੀ ਨੂੰ ਆਪਣੀਆਂ ਵੱਖ-ਵੱਖ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿਛਲੀਆਂ ਪੀੜ੍ਹੀਆਂ ਜਾਣਕਾਰੀ ਦੀ ਕਮੀ ਨਾਲ ਜੂਝਦੀਆਂ ਸਨ, ਪਰ ਅੱਜ ਅਸੀਂ ਜਾਣਕਾਰੀ ਦੀ ਭਰਮਾਰ ਨਾਲ ਘਿਰੇ ਹੋਏ ਹਾਂ। ਇਸ ਲਈ ਅੱਜ ਦੀ ਲੋੜ ਹੋਰ ਵੱਧ ਜਾਣਕਾਰੀ ਇਕੱਠੀ ਕਰਨ ਦੀ ਨਹੀਂ, ਸਗੋਂ ਉਸ ਨੂੰ ਡੂੰਘਾਈ ਨਾਲ ਸਮਝਣ ਦੀ ਹੈ। ਗਿਆਨ ਮਨ ਨੂੰ ਭਰਦਾ ਹੈ, ਪਰ ਸਿਆਣਪ ਉਸ ਨੂੰ ਸਹੀ ਦਿਸ਼ਾ ਦਿੰਦੀ ਹੈ। ਜਾਣਕਾਰੀ ਸਾਨੂੰ ਸੂਚਿਤ ਕਰਦੀ ਹੈ, ਜਦਕਿ ਮਨਨ ਅਤੇ ਚਿੰਤਨ ਸਾਨੂੰ ਬਦਲਦੇ ਹਨ।

ਜੇ ਸੋਸ਼ਲ ਮੀਡੀਆ ਨੂੰ ਸਭਿਆਚਾਰ ਨੂੰ ਮਜ਼ਬੂਤ ਕਰਨ ਵਾਲੀ ਤਾਕਤ ਬਣਨਾ ਹੈ, ਤਾਂ ਇਹ ਸਿਰਫ਼ ਆਪਣੇ ਵਿਚਾਰ ਪ੍ਰਗਟ ਕਰਨ ਦਾ ਮੰਚ ਨਹੀਂ, ਸਗੋਂ ਵਿਵੇਕ ਦਿਖਾਉਣ ਦਾ ਵੀ ਮੰਚ ਬਣਨਾ ਚਾਹੀਦਾ ਹੈ। ਸਾਨੂੰ ਸਿਰਫ਼ ਬੋਲਣਾ ਹੀ ਨਹੀਂ, ਧਿਆਨ ਨਾਲ ਸੁਣਨਾ ਵੀ ਸਿੱਖਣਾ ਹੋਵੇਗਾ; ਸਿਰਫ਼ ਤੁਰੰਤ ਪ੍ਰਤੀਕਿਰਿਆ ਨਹੀਂ, ਸਗੋਂ ਡੂੰਘਾ ਵਿਚਾਰ ਵੀ ਕਰਨਾ ਹੋਵੇਗਾ; ਸਿਰਫ਼ ਫ਼ੈਸਲਾ ਨਹੀਂ, ਸਗੋਂ ਸਮਝ ਵੀ ਵਿਕਸਿਤ ਕਰਨੀ ਹੋਵੇਗੀ। ਤਕਨਾਲੋਜੀ ਨੇ ਮਨੁੱਖਤਾ ਨੂੰ ਬੇਹੱਦ ਵੱਡੀ ਤਾਕਤ ਦਿੱਤੀ ਹੈ। ਇਹ ਤਾਕਤ ਵਰਦਾਨ ਵੀ ਬਣ ਸਕਦੀ ਹੈ ਅਤੇ ਅਭਿਸ਼ਾਪ ਵੀ। ਇਹ ਸਭ ਕੁਝ ਉਹਨਾਂ ਕਦਰਾਂ-ਕੀਮਤਾਂ @ਤੇ ਨਿਰਭਰ ਕਰਦਾ ਹੈ ਜਿਨ੍ਹਾਂ ਨਾਲ ਅਸੀਂ ਇਸਦੀ ਵਰਤੋਂ ਕਰਦੇ ਹਾਂ।

ਇਨਸਾਫ਼ ਦੀ ਰਫ਼ਤਾਰ ਦਾ ਸਵਾਲ ਉਸਦੇ ਅੰਤਿਮ ਫ਼ੈਸਲੇ ਨਾਲੋਂ ਵੱਧ ਉਸਦੀ ਯਾਤਰਾ ਨਾਲ ਜੁੜਿਆ ਹੋਇਆ ਹੈ। ਹਰ ਪਹਿਲੀ ਗੱਲ ਸਭ ਤੋਂ ਸਿਆਣੀ ਨਹੀਂ ਹੁੰਦੀ ਅਤੇ ਹਰ ਪਹਿਲਾ ਅਨੁਮਾਨ ਸਹੀ ਨਹੀਂ ਹੁੰਦਾ। ਭੀੜ ਕਿਸੇ @ਤੇ ਦੋਸ਼ ਤਾਂ ਲਗਾ ਸਕਦੀ ਹੈ, ਪਰ ਗੂੰਜ ਕਦੇ ਵੀ ਸਬੂਤ ਨਹੀਂ ਹੁੰਦੀ। ਸੱਚ ਤੋਂ ਡਰਨ ਦੀ ਕੋਈ ਲੋੜ ਨਹੀਂ, ਕਿਉਂਕਿ ਸੱਚ ਦੀ ਜਾਂਚ ਉਸਨੂੰ ਕਮਜ਼ੋਰ ਨਹੀਂ, ਸਗੋਂ ਹੋਰ ਮਜ਼ਬੂਤ ਬਣਾਉਂਦੀ ਹੈ।ਮਨੁੱਖੀ ਸਭਿਆਚਾਰ ਦਾ ਭਵਿੱਖ ਸਿਰਫ਼ ਮਸ਼ੀਨਾਂ ਦੀ ਬੁੱਧੀ @ਤੇ ਨਿਰਭਰ ਨਹੀਂ ਕਰੇਗਾ, ਸਗੋਂ ਮਨੁੱਖ ਦੀ ਸਿਆਣਪ @ਤੇ ਨਿਰਭਰ ਕਰੇਗਾ। ਜੇ ਅਸੀਂ ਇਨਸਾਫ਼ ਨੂੰ ਜੀਵੰਤ ਰੱਖਣਾ ਚਾਹੁੰਦੇ ਹਾਂ, ਤਾਂ ਸਾਨੂੰ ਇੱਕ ਪੁਰਾਣੇ ਪਰ ਸਦੀਵੀ ਗੁਣ ਨੂੰ ਮੁੜ ਅਪਣਾਉਣਾ ਹੋਵੇਗਾ; ਫ਼ੈਸਲਾ ਕਰਨ ਤੋਂ ਪਹਿਲਾਂ ਧੀਰਜ ਨਾਲ ਉਡੀਕ ਕਰਨ ਦਾ ਸਾਹਸ।ਗਲਤ ਜਾਣਕਾਰੀ ਨੂੰ ਸਿਰਫ਼ ਹੋਰ ਆਧੁਨਿਕ ਤਕਨਾਲੋਜੀ ਨਾਲ ਨਹੀਂ ਹਰਾਇਆ ਜਾ ਸਕਦਾ। ਇਸ ਲਈ ਹੋਰ ਸਿਆਣੇ, ਹੋਰ ਜ਼ਿੰਮੇਵਾਰ ਅਤੇ ਹੋਰ ਵਿਚਾਰਸ਼ੀਲ ਮਨੁੱਖਾਂ ਦੀ ਲੋੜ ਹੈ। ਜਿਸ ਦਿਨ ਅਸੀਂ ਉਤੇਜਨਾ ਨਾਲੋਂ ਸਮਝ ਨੂੰ ਅਤੇ ਜਲਦਬਾਜ਼ੀ ਨਾਲੋਂ ਸੱਚ ਨੂੰ ਵੱਧ ਮਹੱਤਵ ਦੇਣਾ ਸਿੱਖ ਲਵਾਂਗੇ, ਉਸ ਦਿਨ ਸੋਸ਼ਲ ਮੀਡੀਆ ਤੁਰੰਤ ਫ਼ੈਸਲੇ ਸੁਣਾਉਣ ਵਾਲੀ ਅਦਾਲਤ ਨਹੀਂ ਰਹੇਗਾ, ਸਗੋਂ ਇੱਕ ਅਜਿਹਾ ਮੰਚ ਬਣੇਗਾ ਜੋ ਇੱਕ ਸੱਚਮੁੱਚ ਪ੍ਰਬੁੱਧ ਅਤੇ ਸੱਭਿਆਚਾਰਕ ਸਮਾਜ ਦੇ ਯੋਗ ਹੋਵੇਗਾ।

# ਸਕਾਈਵਿਊ ਸੀਨੀਅਰ ਵੈਲਫੇਅਰ ਐਸੋਸੀਏਸ਼ਨ ਕੈਲਗਰੀ ਦੀ ਪਲੇਠੀ ਇਕੱਤਰਤਾ ਹੋਈ







ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬੀਤੀ 11 ਜੁਲਾਈ 2026 ਨੂੰ ਨਵਨਿਰਮਾਣਿਤ ਬਜ਼ੁਰਗਾਂ ਦੀ ਸੰਸਥਾ ਸਕਾਈਵਿਊ ਸੀਨੀਅਰ ਵੈਲਫੇਅਰ ਐਸੋਸੀਏਸ਼ਨ ਦੀ ਇਕੱਤਰਤਾ ਹੋਈ, ਜਿਸ ਦਾ ਮੁੱਖ ਮੰਤਵ ਸੀ ਕਿ ਇਸ ਇਲਾਕੇ ਵਿੱਚ ਵਸਦੇ ਮਾਨਯੋਗ ਸੀਨੀਅਰ ਸਿਟੀਜਨ ਜੀ ਜੀਵਨ ਧਾਰਾ ਨੂੰ ਕਿਵੇਂ ਬਿਹਤਰ ਬਣਾਇਆ ਜਾਵੇ। ਸ਼ੁਰਆਤ ਮੌਕੇ ਸੰਸਥਾ ਦੇ ਸਕੱਤਰ ਸਵਰਨ ਸਿੰਘ ਧਾਲੀਵਾਲ ਨੇ ਆਪਣੇ ਕੀਮਤੀ ਵਿਚਾਰ ਸਾਂਝੇ ਕਰਨ ਉਪਰੰਤ ਐਸੋਸੀਏਸ਼ਨ ਦੇ ਪ੍ਰਧਾਨ ਸਰਦਾਰ ਚੰਦ ਸਿੰਘ ਸਦਿਓੜਾ ਨੂੰ ਮੰਚ ਉੱਪਰ ਸੱਦਾ ਦਿੱਤਾ, ਜਿੰਨਾ ਸਮੂਹ ਹਾਜ਼ਰੀਨ ਨੂੰ ਨਿਮਰਤਾ ਸਹਿਤ ਜੀ ਆਇਆ ਕਿਹਾ ਅਤੇ ਪ੍ਰੋਫੈਸਰ ਗੁਰਭਜਨ ਗਿੱਲ ਦੀ ਕਵਿਤਾ "ਵਸਦਾ ਰਹੇ ਆਜ਼ਾਦ ਕਨੇਡਾ" ਦੀਆਂ ਸਤਰਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ । ਸੁਰਿੰਦਰ ਸਿੰਘ ਪਲਾਹਾ ਨੇ ਸੰਸਥਾ ਦੇ ਇਸ ਪਲੇਠੇ ਪ੍ਰੋਗਰਾਮ ਉੱਪਰ ਵਧਾਈ ਦਿੰਦਿਆਂ ਸੇਵਾ ਭਾਵਨਾ ਵਾਲੀ ਸੋਚ ਅਪਣਾਉਣ ਉੱਪਰ ਜ਼ੋਰ ਦਿੱਤਾ। ਐਡਵੋਕੇਟ ਚੇਤਨ ਵੀਰ ਸਿੰਘ ਸਦਿਓੜਾ ਨੇ ਬਜ਼ੁਰਗਾਂ ਨਾਲ ਧੋਖਾਧੜੀ ਦੇ ਮਾਮਲੇ , ਬਜ਼ੁਰਗਾਂ ਵੱਲੋਂ ਕੀਤੀ ਜਾਣ ਵਾਲੀ ਵਸੀਅਤ ਕਰਨ ਬਾਰੇ ਚਾਨਣਾ ਪਾਇਆ। ਮੈਡਮ ਚਰਨਦੀਪ ਕੌਰ ਨੇ ਭਲੇ ਵੇਲੇ ਨਾਮੀ ਕਵਿਤਾ ਨਾਲ ਸਾਂਝ ਪਾਈ। ਸਤਨਾਮ ਸ਼ੇਰ ਗਿੱਲ ਨੇ ਆਪਣੀ ਜੀਵਨ ਯਾਤਰਾ ਬਾਰੇ ਯਾਦਾਂ ਸਾਂਝੀਆਂ ਕੀਤੀਆਂ । ਡਾਕਟਰ ਜਰਨੈਲ ਸਿੰਘ ਕਲਸੀ ਨੇ ਮੈਂਟਲ ਹੈਲਥ, ਸਕਰੀਨਿੰਗ ਟੈਸਟ, ਜਰੂਰੀ ਟੀਕੇ ਅਤੇ ਦਵਾਈਆਂ ਦੀ ਵਰਤੋਂ ਬਾਰੇ ਵਿਸਥਾਰਤ ਚਾਨਣਾ ਪਾਇਆ। ਸੁਖਵਿੰਦਰ ਸਿੰਘ ਤੂਰ ਨੇ ਆਪਣੀ ਰਚਨਾ ਭੂਲਿਓ ਨਾ ਤੁਸੀਂ ਆਪਣੇ ਪੰਜਾਬ ਨੂੰ ਮੰਚ ਪੇਸ਼ ਕੀਤੀ। ਬੀਬਾ ਦਿਲਪ੍ਰੀਤ ਸੰਧੂ ਨੇ ਆਪਣੀ ਪੇਸ਼ਕਾਰੀ ਰਾਹੀਂ ਜੀਵਨ ਵਿੱਚ ਸਕੂਨ ਪ੍ਰਾਪਤੀ ਲਈ ਸਵੈ ਕੋਸ਼ਿਸ਼ ਉਪਰ ਚਾਨਣਾ ਪਾਇਆ। ਡਾਕਟਰ ਦੀਪਕ ਖੋਸਲਾ ਨੇ ਆਪਣੀ ਡਾਕਟਰੀ ਵਿੱਦਵਤਾ ਜਰੀਏ ਅੱਖਾਂ ਤੇ ਇਹਨਾਂ ਦੇ ਰੱਖ ਰਖਾ ਬਾਰੇ ਜਾਣਕਾਰੀ ਸਾਂਝੀ ਕੀਤੀ। ਗੁਰਚਰਨ ਕੌਰ ਥਿੰਦ ਵੱਲੋਂ ਸੀਨੀਅਰ ਦੀ ਸਵੈ ਰੱਖਿਆ ਪ੍ਰਤੀ ਵਿਚਾਰ ਸਾਂਝੇ ਕੀਤੇ ਗਏ। ਐਮ ਐਲ ਏ ਗੁਰਿੰਦਰ ਬਰਾੜ ਨੇ ਮੌਜੂਦਾ ਪ੍ਰਾਂਤਕ ਸਰਕਾਰ ਵੱਲੋਂ ਬਜ਼ੁਰਗਾਂ ਦੇ ਭੱਤਿਆਂ ਵਿੱਚੋਂ ਬੇਲੋੜੀਆਂ ਕਟੌਤੀਆਂ ਅਤੇ ਮੌਜੂਦਾ ਸਮੇਂ ਚੱਲ ਰਹੇ ਰੈਫਰੈਂਡਮ ਬਾਰੇ ਜਾਣਕਾਰੀ ਸਾਂਝੀ ਕੀਤੀ। ਡਾਕਟਰ ਪਿਰਤਪਾਲ ਸਿੰਘ ਸੇਖੋਂ ਨੇ ਮੌਜੂਦਾ ਸਮੇਂ ਵਿੱਚ ਬਜ਼ੁਰਗਾਂ ਦੇ ਮੈਂਟਲ ਹੈਲਥ ਮੁਸ਼ਕਲਾਂ ਉੱਪਰ ਵਿਚਾਰ ਰੱਖੇ। ਬੀਬਾ ਲਵਪ੍ਰੀਤ ਸਿੱਧੂ ਵੱਲੋਂ ਬੜੇ ਹੀ ਸਹਿਜ ਨਾਲ ਆਪਣੇ ਆਪ ਤੇ ਆਪਣਿਆਂ ਲਈ ਜੀਉਣ ਦਾ ਸੁਨੇਹਾ ਦਿੱਤਾ ਗਿਆ। ਬਿੱਕਰ ਸਿੰਘ ਸੰਧੂ ਜੋ ਸਮੂਹ ਸੰਸਥਾਵਾਂ ਲਈ ਇੱਕ ਗਾਈਡ ਦਾ ਰੋਲ ਨਿਭਾਉਂਦੇ ਹਨ ਉਹਨਾਂ ਕਿਹਾ ਕਿ ਆਪਣੇ ਭਾਈਚਾਰੇ ਦਾ ਨਾਂ ਉੱਚਾ ਕਰਦਿਆਂ ਭਾਈਚਾਰੇ ਦੇ ਰਾਜਦੂਤ ਬਣੋ। ਸੇਵਾ ਸਿੰਘ ਪ੍ਰੇਮੀ ਨੇ ਬਜ਼ੁਰਗਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਬਾਰੇ ਚਾਨਣਾ ਪਾਇਆ। ਸਕਾਈਵਿਊ ਰੈਂਚ ਕਮਿਊਨਿਟੀ ਦੀ ਪ੍ਰਧਾਨ ਬੀਬਾ ਹਰਜੀਤ ਜੱਸੀ ਨੇ ਸੰਸਥਾ ਨੂੰ ਵਧਾਈ ਦਿੰਦਿਆ ਨਾਲ ਮਿਲ ਕੇ ਚੱਲਣ ਦਾ ਪ੍ਰਣ ਕੀਤਾ। ਗੁਰਬਚਨ ਬਰਾੜ ਨੇ ਹਾਜ਼ਰੀਨ ਨੂੰ ਕਨੇਡੀਅਨ ਸਿਟੀਜਨ ਲੈਣ ਬਾਰੇ ਪ੍ਰੇਰਿਆ। ਪੰਜਾਬੀ ਭਾਈਚਾਰੇ ਦੇ ਮੈਂਬਰ ਪਾਰਲੀਮੈਂਟ ਅਮਨਪ੍ਰੀਤ ਸਿੰਘ ਗਿੱਲ ਅਤੇ ਦਲਵਿੰਦਰ ਗਿੱਲ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਸੰਸਥਾ ਨੂੰ ਭਵਿੱਖ ਵਿੱਚ ਪੂਰਨ ਸਹਿਯੋਗ ਦੇਣ ਦੀ ਵਿਸ਼ਵਾਸ ਦਿਵਾਇਆ। ਅੰਤ ਵਿੱਚ ਸੰਸਥਾ ਦੇ ਵਾਈਸ ਪ੍ਰੈਸੀਡੈਂਟ ਬਲਵਿੰਦਰ ਸਿੰਘ ਸੋਢੀ ਨੇ ਸਾਰੇ ਆਏ ਹੋਏ ਹਾਜ਼ਰੀਨ ਦਾ ਧੰਨਵਾਦ ਕੀਤਾ।

# ਅੰਤਰਰਾਸ਼ਟਰੀ ਪੱਧਰ 'ਤੇ ਚਮਕੇ ਯੂਨਾਈਟਡ ਕੈਲਗਰੀ ਦੇ ਸਿਤਾਰੇ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ)- ਯੂਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਦੇ ਦੋ ਹੋਣਹਾਰ ਖਿਡਾਰੀ ਅਨਮੋਲ ਝੱਲੀ ਅਤੇ ਹਰਕਰਨਵੀਰ ਪਲਾਹਾ ਦੀ ਕੈਨੇਡਾ ਅੰਡਰ-18 ਰਾਸ਼ਟਰੀ ਟੀਮ ਵਿੱਚ ਚੋਣ ਹੋਈ ਹੈ। ਦੋਵੇਂ ਖਿਡਾਰੀ 11 ਤੋਂ 17 ਜੁਲਾਈ 2026 ਤੱਕ ਸਪੇਨ ਵਿੱਚ ਹੋਣ ਵਾਲੇ ਪ੍ਰਸਿੱਧ ਅੰਡਾਲੂਸੀਆ ਸਮਰ ਕੱਪ ਵਿੱਚ ਕੈਨੇਡਾ ਦੀ ਨੁਮਾਇੰਦਗੀ ਕਰਨਗੇ।

ਇਹ ਟੂਰਨਾਮੈਂਟ ਯੂਰਪ ਦੇ ਸਭ ਤੋਂ ਵੱਡੇ ਅੰਤਰਰਾਸ਼ਟਰੀ ਅੰਡਰ-18 ਫੀਲਡ ਹਾਕੀ ਟੂਰਨਾਮੈਂਟਾਂ ਵਿੱਚੋਂ ਇੱਕ ਹੈ, ਜਿਸ ਵਿੱਚ ਕੈਨੇਡਾ, ਬੈਲਜੀਅਮ, ਜਰਮਨੀ, ਨੀਦਰਲੈਂਡਜ਼, ਸਪੇਨ, ਇੰਗਲੈਂਡ, ਸਕਾਟਲੈਂਡ ਅਤੇ ਆਇਰਲੈਂਡ ਵਰਗੀਆਂ ਵਿਸ਼ਵ ਪੱਧਰੀ ਟੀਮਾਂ ਭਾਗ ਲੈ ਰਹੀਆਂ ਹਨ। ਇਹ ਮੁਕਾਬਲਾ ਨੌਜਵਾਨ ਖਿਡਾਰੀਆਂ ਨੂੰ ਵਿਸ਼ਵ ਪੱਧਰ 'ਤੇ ਆਪਣੀ ਯੋਗਤਾ ਸਾਬਤ ਕਰਨ ਦਾ ਸ਼ਾਨਦਾਰ ਮੌਕਾ ਪ੍ਰਦਾਨ ਕਰਦਾ ਹੈ।






ਇਹ ਸਾਡੇ ਕਲੱਬ ਲਈ ਹੋਰ ਵੀ ਮਾਣ ਵਾਲੀ ਗੱਲ ਹੈ ਕਿ ਮੁੱਖ ਕੋਚ ਮਨਦੀਪ ਝੱਲੀ, ਜੋ ਪਿਛਲੇ 10 ਸਾਲਾਂ ਤੋਂ ਅਨਮੋਲ ਝੱਲੀ ਅਤੇ ਹਰਕਰਨਵੀਰ ਪਲਾਹਾ ਨੂੰ ਸਿਖਲਾਈ ਦੇ ਰਹੇ ਹਨ, ਦੀ ਮਿਹਨਤ ਅਤੇ ਸਮਰਪਣ ਦਾ ਇਹ ਨਤੀਜਾ ਹੈ। ਉਨ੍ਹਾਂ ਦੀ ਕੋਚਿੰਗ ਹੇਠ ਕਈ ਖਿਡਾਰੀ ਅਲਬਰਟਾ ਅਤੇ ਕੈਨੇਡਾ ਦੀਆਂ ਰਾਸ਼ਟਰੀ ਟੀਮਾਂ ਤੱਕ ਪਹੁੰਚੇ ਹਨ।

ਯੂਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਦਾ ਮਕਸਦ ਗਰਾਸਰੂਟਸ ਤੋਂ ਵਰਲਡ ਸਟੇਜ ਤੱਕ ਚੈਂਪੀਅਨ ਤਿਆਰ ਕਰਨਾ ਹੈ। ਕਲੱਬ ਨੌਜਵਾਨਾਂ ਨੂੰ ਉੱਚ ਪੱਧਰੀ ਕੋਚਿੰਗ, ਵਿਕਾਸ ਦੇ ਮੌਕੇ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚਣ ਲਈ ਸਹੀ ਮਾਰਗਦਰਸ਼ਨ ਪ੍ਰਦਾਨ ਕਰਦਾ ਹੈ।

ਅਨਮੋਲ ਝੱਲੀ ਅਤੇ ਹਰਕਰਨਵੀਰ ਪਲਾਹਾ ਨੂੰ ਇਸ ਇਤਿਹਾਸਕ ਪ੍ਰਾਪਤੀ ਲਈ ਦਿਲੋਂ ਵਧਾਈਆਂ!

ਸਾਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਸਪੇਨ ਵਿੱਚ ਕੈਨੇਡਾ ਅਤੇ ਯੂਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਦਾ ਨਾਮ ਰੌਸ਼ਨ ਕਰਨਗੇ।

ਆਪਣੇ ਬੱਚੇ ਦੇ ਭਵਿੱਖ ਦੀ ਸ਼ੁਰੂਆਤ ਅੱਜ ਹੀ ਕਰੋ!

ਯੂਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਨਾਲ ਜੁੜੋ ਅਤੇ ਆਪਣੇ ਬੱਚੇ ਨੂੰ ਉੱਚ ਪੱਧਰੀ ਸਿਖਲਾਈ ਅਤੇ ਵਿਕਾਸ ਦਾ ਮੌਕਾ ਦਿਓ।

# ਅਰਪਨ ਲਿਖਾਰੀ ਸਭਾ ਦੀ ਮਿਲਣੀ ਮੌਕੇ 'ਸਿਸਕਤੇ ਅਲਫ਼ਾਜ਼' ਬਾਰੇ ਜਗਦੇਵ ਸਿੱਧੂ ਨੇ ਸਮੀਖਿਆ ਪੜ੍ਹੀ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ, ਕੈਲਗਰੀ ਦੀ ਮਾਸਿਕ ਮੀਟਿੰਗ 11 ਜੁਲਾਈ ਨੂੰ ਕੋਸੋ ਹਾਲ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਮਹਿੰਦਰ ਕੌਰ ਕਾਲੀਰਾਏ, ਮਨਿੰਦਰ ਕੌਰ ਬਜਵਾੜਾ, ਸੰਤੋਸ਼ ਕੌਰ ਚੀਮਾ ਅਤੇ ਚਰਨਦੀਪ ਕੌਰ ਨੇ ਕੀਤੀ। ਪ੍ਰਧਾਨ ਜਸਵੰਤ ਸਿੰਘ ਸੇਖੋਂ ਨੇ ਕਵੀਸ਼ਰੀ ਰਾਹੀਂ ਜੀਅ-ਆਇਆਂ ਕਹਿ ਕੇ ਹਾਜ਼ਰ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਸਵਾਗਤ ਕੀਤਾ। ਜਨਰਲ ਸਕੱਤਰ ਦਰਸ਼ਨ ਬਰਾੜ ਨੇ ਕਾਰਵਾਈ ਚਲਾਉਂਦਿਆਂ ਰਸਮੀ ਤੌਰ 'ਤੇ ਕੈਨੇਡਾ ਦਿਵਸ ਦੀ ਅਹਿਮੀਅਤ ਬਾਰੇ ਵਿੱਚਾਰ ਰੱਖੇ। ਡਾ: ਮਨਮੋਹਨ ਬਾਠ ਨੇ ਗੀਤ ਗਾ ਕੇ ਯਮਲਾ ਜੱਟ ਦੀ ਯਾਦ ਤਾਜ਼ਾ ਕਰ ਦਿੱਤੀ । ਗੁਰਚਰਨ ਸਿੰਘ ਹੇਹਰ ਨੇ ਆਪਣਾ ਲੋਕ-ਗੀਤ ਦੀ ਵੰਨਗੀ ਦਾ ਗੀਤ ਗਾ ਕੇ ਪੇਂਡੂ ਸੱਭਿਆਚਾਰ ਦੀ ਝਲਕ ਪੇਸ਼ ਕੀਤੀ । ਹਰਮਿੰਦਰਪਾਲ ਸਿੰਘ ਨੇ ਗੀਤ ਰਾਹੀਂ ਸੁਰਿੰਦਰ ਕੌਰ ਅਤੇ ਆਸਾ ਸਿੰਘ ਮਸਤਾਨੇ ਨੂੰ ਅਕੀਦਾ ਪੇਸ਼ ਕੀਤਾ। ਹਾਸਰਸ ਦੇ ਬਾਦਸ਼ਾਹ ਤਰਲੋਕ ਚੁੱਘ ਨੇ " ਭਲਾ ਇਸ ਜਹਾਂ ਮੇ ਕੈਸੇ ਕੋਈ ਜਾਨ ਕੋ ਬਚਾਏ" ਗੀਤ ਸੁਰ ਵਿੱਚ ਗਾ ਕੇ ਸਭ ਨੂੰ ਹੈਰਾਨ ਕਰ ਦਿੱਤਾ । ਦਰਸ਼ਨ ਬਰਾੜ ਨੇ ਆਪਣਾ ਲਿਖਿਆ ਛੰਦ ਮਧੁਰ ਆਵਾਜ਼ ਵਿੱਚ ਗਾ ਕੇ ਨਸੀਹਤਾਂ ਪਰੋਸੀਆਂ। ਜ਼ੀਰ ਸਿੰਘ ਬਰਾੜ ਨੇ ਰਿਕਾਰਡ ਕੀਤਾ ਗੀਤ ਸੁਣਵਾਇਆ। ਜਸਵੀਰ ਸਿਹੋਤਾ, ਚਰਨਦੀਪ ਕੌਰ, ਮਾਸਟਰ ਹਰਭਜਨ ਸਿੰਘ, ਮੋਹਣ ਸਿੰਘ ਪਪਰਾਲ਼ਾ ਅਤੇ ਮੁਖਵਿੰਦਰਪਾਲ ਸਿੰਘ ਨੇ ਮਿਆਰੀ ਕਵਿਤਾਵਾਂ ਦਾ ਉਚਾਰਨ ਕੀਤਾ। ਲਖਵਿੰਦਰ ਸਿੱਧੂ ਦੀ ਪਲੇਠੀ ਕਿਤਾਬ। ਉਸ ਨੇ ਇਸ ਕਾਵਿ-ਸੰਗ੍ਰਹਿ ਦੀਆਂ ਚੋਣਵੀਆਂ ਕਵਿਤਾਵਾਂ ਵਿੱਚੋਂ ਹਵਾਲੇ ਦੇ ਕੇ ਪ੍ਰਮਾਣਿਤ ਕੀਤਾ ਕਿ ਸਾਰੀਆਂ ਕਵਿਤਾਵਾਂ ਮਨੁੱਖੀ ਮਨ ਦੀਆਂ ਭਾਵਨਾਵਾਂ ਦੀ ਸਹੀ ਤਰਜਮਾਨੀ ਕਰਦੀਆਂ ਹਨ ਅਤੇ ਕਾਬਲੇ-ਗ਼ੌਰ ਹਨ। ਲਖਵਿੰਦਰ ਸਿੱਧੂ ਨੇ ਆਪਣੀ ਕਾਵਿ-ਸਿਰਜਣਾ ਦੇ ਪਿਛੋਕੜ ਬਾਰੇ ਦੱਸਿਆ, ਸੰਗ੍ਰਹਿ ਵਿੱਚੋਂ ਖ਼ਤ ਨਾਂ ਦੀ ਕਵਿਤਾ ਸੁਣਾਈ, ਨਾਲ਼ ਹੀ ਜਸਵੰਤ ਸਿੰਘ ਖਾਲੜਾ ਨੂੰ ਸਮਰਪਿਤ ਕਵਿਤਾਵਾਂ ਸੁਣਾਈਆਂ। ਗੀਤਕਾਰ ਗਾਇਕ ਗਿੱਲ ਸੁਖਮੰਦਰ ਨੇ ਲਖਵਿੰਦਰ ਸਿੱਧੂ ਦੀਆਂ ਕਵਿਤਾਵਾਂ ਦੀ ਰਮਜ਼ ਸਮਝ ਕੇ ਲਿਖਿਆ ਆਪਣਾ ਤਾਜ਼ਾ ਗੀਤ ਦਰਦੀਲੀ ਸੁਰ ਵਿੱਚ ਪੇਸ਼ ਕਰ ਕੇ ਸੋਗੀ ਮਾਹੌਲ ਸਿਰਜ ਦਿੱਤਾ। ਬੀਬਾ ਮਨਿੰਦਰ ਕੌਰ ਬਜਵਾੜਾ ਨੇ ਆਪਣੀਆਂ ਦੋ ਕਵਿਤਾਵਾਂ ਦਾ ਉਚਾਰਨ ਕੀਤਾ। ਸਰੂਪ ਸਿੰਘ ਪੰਧੇਰ ਨੇ ਰੱਖ਼ੂ ਯਾਦ ਜੱਗ ਕਾਰਨਾਮੇ ਬੀਰਾਂ ਦੇ ਅਤੇ ਸਤਨਾਮ ਢਾਅ ਨੇ ਕਰਨੈਲ ਸਿੰਘ ਪਾਰਸ ਨੂੰ ਸਮਰਪਿਤ ਛੰਦ ਮਾਵਾਂ ਠੰਢੀਆਂ ਛਾਵਾਂ ਬੁਲੰਦ ਆਵਾਜ਼ ਵਿੱਚ ਕਵੀਸ਼ਰੀ ਗਾਇਨ ਕਰ ਕੇ ਅਖਾੜੇ ਦਾ ਰੰਗ ਬੰਨ੍ਹ ਦਿੱਤਾ। ਸੰਤੋਸ਼ ਕੌਰ ਚੀਮਾ ਨੇ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ। ਪ੍ਰਿਤਪਾਲ ਸਿੰਘ ਮੱਲ੍ਹੀ ਨੇ ਕੈਨੇਡਾ ਬਾਰੇ ਭੂਗੋਲਿਕ ਤੱਥ ਪੇਸ਼ ਕੀਤੇ। ਬਲਰਾਜ ਸਿੰਘ ਦਿਉਲ, ਮਹਿੰਦਰ ਕੌਰ ਕਾਲੀਰਾਏ, ਜੈ ਸਿੰਘ ਉੱਪਲ ਅਤੇ ਮਨਜੀਤ ਬਰਾੜ ਨੇ ਵਿੱਚਾਰ-ਚਰਚਾ ਵਿੱਚ ਹਿੱਸਾ ਲਿਆ। ਸਤਨਾਮ ਢਾਅ ਨੇ ਪੇਸ਼ਕਾਰੀਆਂ ਨੂੰ ਸਲਾਹਿਆ, ਗਰਮੀ ਅਤੇ ਸਟੈਂਪੀਡ ਦੇ ਬਾਵਜੂਦ ਮੀਟਿੰਗ ਵਿੱਚ ਸ਼ਾਮਿਲ ਹੋਣ ਲਈ ਸਾਰਿਆਂ ਦਾ ਧੰਨਵਾਦ ਕੀਤਾ।




ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220



# ਚੂੰਢੀ : ਪੰਜਾਬ, ਪਰਵਾਸ ਤੇ ਮਨੁੱਖੀ ਹੋਣੀ



**ਡਾ. ਹਰਿੰਦਰ ਸਿੰਘ 'ਤੁੜ'**
ਮੋਬਾਇਲ ਨੰ 81465-42810

'ਸੰਨੀ ਧਾਲੀਵਾਲ' ਨੇ ਪੰਜਾਬੀ ਸਾਹਿਤਕ ਜਗਤ ਵਿਚ ਨਿਵੇਕਲੀ ਤੇ ਵਿਅੰਗਆਤਮਕ ਸੁਰ ਦੁਆਰਾ ਨਵੀਨ ਤੇ ਸਮੇਂ ਦੇ ਹਾਣ ਦਾ ਪਾਠਕ ਜਗਤ ਕਾਇਮ ਕੀਤਾ ਹੈ। ਜੋ ਉਸ ਦੀਆਂ ਰਚਨਾਵਾਂ ਦਾ ਬੇਸਬਰੀ ਨਾਲ ਉਡੀਕ ਕਰਦਾ ਹੈ। 'ਸੰਨੀ' ਵਰਤਮਾਨ ਵਰਤਾਰਿਆਂ ਵਿਚ ਵਿਚਰ ਰਹੇ ਮਨੁੱਖ ਦੀ ਦਿਖਾਵੇਬਾਜ਼ੀ ਦੇ ਪਿੱਛੇ ਲੁਪਤ ਯਥਾਰਥ ਨੂੰ ਬੇਬਾਕੀ ਨਾਲ ਪੇਸ਼ ਕਰਦਾ ਹੈ। ਉਸਨੇ ਪੰਜਾਬੀ ਸਾਹਿਤ ਨੂੰ ਜ਼ਿਕਰਯੋਗ ਪੁਸਤਕਾਂ 'ਖ਼ਾਲੀ ਆਲ੍ਹਣਾ' ਕਾਵਿ-ਸੰਗ੍ਰਹਿ (2023), 'ਮੈਂ ਕੰਮੀਆਂ ਦੀ ਕੁੜੀ' ਕਾਵਿ-ਸੰਗ੍ਰਹਿ (2024) ਅਤੇ 'ਚੂੰਢੀ' ਕਾਵਿ-ਸੰਗ੍ਰਹਿ (2026) ਆਦਿ ਦਿੱਤੀਆਂ ਹਨ। ਇਨ੍ਹਾਂ ਪੁਸਤਕਾਂ ਦੇ ਪ੍ਰਮੁੱਖ ਪੱਖ ਸਮਾਜਕ ਸਿਸਟਮ, ਆਰਥਿਕ ਅਸਾਵਾਂਪਣ, ਰਾਜਨੀਤਿਕ ਅਸਥਿਰਤਾ, ਧਾਰਮਿਕ, ਸਭਿਆਚਾਰਕ ਬਦਲਾਵ, ਇਤਿਹਾਸਕ, ਮਨੋਵਿਗਿਆਨਕ ਅਤੇ ਆਧੁਨਿਕ ਪ੍ਰਸਥਿਤੀਆਂ ਹਨ। ਮਨੁੱਖ ਦੀ ਹਯਾਤੀ ਆਪਣੇ ਆਲੇ-ਦੁਆਲੇ ਵਾਪਰਦੇ ਘਟਨਾ ਕ੍ਰਮ ਤੋਂ ਪ੍ਰਭਾਵਿਤ ਹੁੰਦੀ ਹੈ, ਜਿਸ ਕਾਰਨ ਉਸਦੀ ਮਾਨਸਿਕਤਾ ਵਿਚ ਲਗਾਤਾਰ ਵਿਚਾਰਾਂ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ। ਸੰਨੀ ਧਾਲੀਵਾਲ ਇਨ੍ਹਾਂ 'ਲੁਪਤ ਵਿਚਾਰਾਂ' ਦੀ ਤਰਜ਼ਮਾਨੀ ਕਰਦਾ ਹੋਇਆ ਮਨੁੱਖ ਦੀ ਸਵੈ ਹੋਂਦ ਸਵੈ-ਮਾਣ ਸਵੈ-ਪਛਾਣ ਨੂੰ ਬਰਕਰਾਰ ਰੱਖਣ ਦੀ ਤਾਕੀਦ ਕਰਦਾ ਹੈ।

ਮੇਰੇ ਖੋਜ-ਪੱਤਰ ਦਾ ਫੋਕਸ ਚੂੰਢੀ : ਪੰਜਾਬ, ਪਰਵਾਸ ਤੇ ਮਨੁੱਖੀ ਹੋਣੀ ਹੈ। ਸੰਨੀ ਧਾਲੀਵਾਲ ਦੋ ਸੱਭਿਆਚਾਰਾਂ ਵਿਚ ਪ੍ਰਵਾਨ ਚੜ੍ਹਿਆ ਹੈ। ਇਕ ਹੈ ਪੰਜਾਬ ਦਾ ਸਭਿਆਚਾਰ, ਦੂਜਾ ਹੈ ਕਨੇਡਾ ਦਾ ਸੱਭਿਆਚਾਰ। ਇਸ ਪ੍ਰਕਾਰ ਉਨ੍ਹਾਂ ਨੇ ਆਪਣੇ ਤਜ਼ਰਬਿਆਂ ਤੇ ਸੰਘਰਸ਼ ਵਿਚੋਂ ਮਨੁੱਖ ਤੇ ਸਮਾਜ ਵਿਚਲੀ ਕਾਰਜ-ਪ੍ਰਣਾਲੀ ਨੂੰ ਆਪਣੇ ਕਾਵਿ-ਜਗਤ ਰਾਹੀਂ ਬਿਆਨ ਕੀਤਾ ਹੈ। ਉਸ ਦੀ ਕਵਿਤਾ ਵਿਚ ਨਿਰਛਲਤਾ, ਸਪੱਸ਼ਟਤਾ, ਖਰ੍ਹਾਪਣ, ਸਹਿਜਤਾ, ਵਿਅੰਗ ਤੇ ਮਨਮੋਹਣੇ ਦ੍ਰਿਸ਼ ਦੇਖੇ ਜਾ ਸਕਦੇ ਹਨ ?। ਉਹ ਦੰਭੀਆਂ, ਪਖੰਡੀਆਂ, ਦੋਗਲੇ ਵਿਅਕਤੀਆਂ ਦੇ ਕਿਰਦਾਰਾਂ ਦਾ ਪਰਦਾਫ਼ਾਸ਼ ਕਰਦਾ ਹੋਇਆ ਹੱਕ-ਸੱਚ ਦੀ ਆਵਾਜ਼ ਬਣਦਾ ਹੈ।

ਸੰਨੀ ਧਾਲੀਵਾਲ ਰੂਹਦਾਰ ਬੰਦਾ ਹੈ। ਉਸ ਵਿਚ ਦੋਗਲਾਪਣ ਨਹੀਂ ਸਗੋਂ ਸਰਲ, ਸਪਾਟ, ਬੇਬਾਕ ਇਨਸਾਨ ਹੈ। ਸਕਾਰਾਤਮਕ ਸੋਚ ਦਾ ਧਾਰਨੀ ਹੋ ਕੇ ਆਪਣੇ ਆਲੇ-ਦੁਆਲੇ ਵਿਚਰਦੇ ਇਨਸਾਨਾਂ ਨੂੰ ਪੌਜ਼ਟਿਵ ਵੇਵ ਦਿੰਦਾ ਹੈ। 'ਡਾ ? ਵਰਿਆਮ ਸੰਧੂ' ਜੀ ਦਾ ਵਿਚਾਰ ਹੈ:

ਸੰਨੀ ਧਾਲੀਵਾਲ ਪੰਜਾਬੀ ਲੇਖਕਾਂ ਦੇ ਪੰਜਾਬੀ ਭਾਸ਼ਾ ਬਾਰੇ ਦਿਖਾਵੇ ਦੇ ਹੇਜ ਨੂੰ ਤਿੱਖੇ ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੈ। ਇਹ ਲੇਖਕ ਬਾਹਰਲੇ ਮੁਲਕਾਂ ਵਿਚ ਆ ਕੇ ਪੰਜਾਬੀ ਭਾਸ਼ਾ ਨੂੰ ਅਪਣਾਉਣ ਤੇ ਬਚਾਉਣ ਲਈ ਲੈਕਚਰ ਦਿੰਦੇ ਹਨ ਜਦਕਿ ਇਹਨਾਂ ਵਿੱਚੋਂ 95 ਫੀਸਦੀ ਲੇਖਕਾਂ ਦੇ ਆਪਣੇ ਬੱਚੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਹਨ।

ਸੰਨੀ ਧਾਲੀਵਾਲ ਦੀ ਕਵਿਤਾ ਚੂੰਢੀ ਵਾਲੀ ਤਿੱਖੀ ਸੁਰ ਉਸ ਦੇ ਕਾਵਿ-ਜਗਤ ਦੀ ਵਿਲੱਖਣਤਾ ਨੂੰ ਕਾਇਮ ਰੱਖਦੀ ਹੈ। ਕਵੀ ਪਾਠਕਾਂ ਦੀ ਚੇਤਨਾ ਨੂੰ ਚੂੰਢੀ ਵੱਡਦਾ ਹੈ। ਇਸ ਚੂੰਢੀ ਦੀ ਪੀੜ ਵੀ ਹੁੰਦੀ ਹੈ ਤੇ ਮਨੁੱਖ ਨੂੰ ਸੁਚੇਤ ਵੀ ਕਰਦੀ ਹੈ। ਪੰਜਾਬ ਦੇ ਕਾਲਜੀਏਟ ਮਾਹੌਲ ਸਮੇਂ ਲੜਕੇ ਤੇ ਲੜਕੀ ਦੀ ਮਾਨਸਿਕਤਾ ਨੂੰ ਬੇਬਾਕੀ ਨਾਲ ਪੇਸ਼ ਕੀਤਾ ਗਿਆ ਹੈ। ਪਹਿਲਾਂ ਪਹਿਲ ਕਾਲਜ ਵਿਚ ਜਾਣ ਦਾ ਸਾਧਨ ਬੱਸਾਂ ਸਨ, ਜਿੰਨ੍ਹਾਂ ਵਿਚ ਕੁਝ ਲੜਕਿਆਂ ਦੀ ਅਵਾਰਾਗਰਦੀ ਕਾਰਨ ਲੜਕੀਆਂ ਦੀ ਮਾਨਸਿਕਤਾ ਨੂੰ ਗਹਿਰੀ ਠੇਸ ਪਹੁੰਚਦੀ ਹੈ। ਇਸ ਕਵਿਤਾ ਦਾ ਬਿਰਤਾਂਤ ਪਿੰਡ ਰਣਸੀਂਹ ਤੋਂ ਲੋਪੋ ਕਾਲਜ ਦੇ ਵਿਚਕਾਰ ਦੇ ਵਕਫੇ ਦਾ ਹੈ ਪਰ ਇਸਦੀ ਹੋਣੀ ਪੂਰੇ ਪੰਜਾਬ ਦੇ ਪਿੰਡਾਂ ਦੀਆਂ ਲੜਕੀਆਂ ਦੀ ਹੋਣੀ ਨੂੰ ਰੂਪਮਾਨ ਕਰਦੀ ਹੈ। ਸਮੱਸਿਆ ਇਹ ਹੈ ਕਿ ਪਿੰਡਾਂ ਤੋਂ ਸ਼ਹਿਰਾਂ ਵੱਲ ਪੜ੍ਹਨ ਜਾਂਦੀਆਂ ਕੁੜੀਆਂ ਆਪਣੇ ਮਾਪਿਆਂ ਜਾਂ ਪਰਿਵਾਰਕ ਮੈਂਬਰਾਂ ਤੋਂ ਆਪਣੇ ਨਾਲ ਹੋਈ ਬੀਤੀ ਛੁਪਾ ਲੈਂਦੀਆਂ ਹਨ ਤਾਂ ਕਿ ਉਹ ਸਿੱਖਿਆ ਪ੍ਰਾਪਤ ਕਰ ਸਕਣ ਤੇ ਉਨ੍ਹਾਂ ਦੀ ਸਿੱਖਿਆ ਅਧਵਾਟੇ ਨਾ ਰੁਕ ਜਾਵੇ। ਪਿੰਡਾਂ ਵਿਚ 'ਇੱਜ਼ਤ ਦਾ ਮਸਲਾ' ਅਹਿਮ ਰਿਹਾ ਹੈ ਜਿਸ ਤੋਂ ਸਭ ਕੁਝ ਵਾਰ ਦੇਣ ਦੀ ਪਰੰਪਰਾ ਹੈ। ਭੈਣ-ਭਰਾ ਦੀ ਵਾਰਤਾਲਾਪ ਰਾਹੀਂ ਜੀਵਨ-ਮੁੱਲਾਂ ਨੂੰ ਸਮਝਣ ਅਤੇ ਮੁੰਡੇ ਨੂੰ ਘਰ ਤੋਂ ਸੰਸਕਾਰ ਦੇਣ ਦੀ ਗੱਲ ਕੀਤੀ ਗਈ ਹੈ। ਭੈਣ ਵੱਲੋਂ ਵੀਰ ਨੂੰ ਪੁੱਛਿਆ ਬੇਬਾਕ ਪ੍ਰਸ਼ਨ ਜੋ ਸਾਰੀ 'ਮਰਦ ਜਾਤ' ਦੀ ਮਾਨਸਿਕਤਾ 'ਤੇ ਡੂੰਘਾ ਪ੍ਰਭਾਵ ਪਾਉਂਦਾ ਹੈ:

**ਵੀਰੇ ! ਤੂੰ ਕਦੀ ਬੱਸ ਵਿਚ**
**ਕਿਸੇ ਕੁੜੀ ਦੇ ਚੂੰਢੀ ਵੱਢੀ ਹੈ ?**
**ਵੀਰੇ ਦਾ ਕੱਪ ਵਾਲਾ ਹੱਥ ਕੰਬਣ ਲੱਗਿਆ**
**ਚਾਹ ਡੁੱਲ੍ਹਣ ਲੱਗੀ**
**ਵੀਰੇ ਨੇ ਨੀਵੀਂ ਪਾ ਲਈ**
**ਆਪਣੇ ਬੂਟਾਂ ਨਾਲ ਮਿੱਟੀ ਖੁਰਚਣ ਲੱਗਿਆ।**

ਕਵੀ 'ਭੈਣ' ਦੁਆਰਾ ਆਪਣੇ ਵੀਰ ਨੂੰ ਜੀਵਨ ਮੁੱਲਾਂ ਨੂੰ ਪਛਾਨਣ ਤੇ ਨੈਤਿਕਤਾ ਦਾ ਪਾਠ ਪੜ੍ਹਾਉਣਾ ਸਮਾਜ ਵਿਚ ਬਦਲਾਵ ਦੀ ਮੰਗ ਕਰਦਾ ਹੈ:

**ਵੀਰੇ ਅੱਜ ਤੋਂ ਬਾਅਦ !**
**ਕਿਸੇ ਵਿਚਾਰੀ ਕੁੜੀ ਦੇ ਚੂੰਢੀ ਨਾ ਵੱਢੀ**
**ਮੇਰੇ ਬਹੁਤ ਦਰਦ ਹੁੰਦੀ ਹੈ**
**ਮੇਰੇ ਬਹੁਤ ਦਰਦ ਹੁੰਦੀ ਹੈ**

ਸੰਨੀ ਧਾਲੀਵਾਲ ਨੇ ਬਹੁਤੇ ਅਕਲੇ ਪੰਜਾਬੀ ਕਵਿਤਾ ਵਿਚ 'ਚਿੜੀ-ਚਿੜੇ' ਦੀ ਪ੍ਰਤੀਕਾਤਮਕ ਸ਼ੈਲੀ ਰਾਹੀਂ ਜੀਵਨ ਦੇ ਯਥਾਰਥ ਨੂੰ ਪੇਸ਼ ਕੀਤਾ ਹੈ। ਮਨੁੱਖ ਤਾਂ ਆਪਣੇ ਵਿਚਾਰ ਬੋਲ ਕੇ ਦੱਸ ਸਕਦਾ ਹੈ ਪਰ ਪੰਛੀ ਕਿਵੇਂ ਦੱਸਣ ? ਇਸ ਲਈ ਚਿੜੀ ਤੇ ਚਿੜੇ ਦੀ ਵਾਰਤਾਲਾਪ ਦੁਆਰਾ ਪੰਛੀਆਂ ਨੂੰ ਆ ਰਹੀਆਂ ਸਮੱਸਿਆਵਾਂ ਜਾਂ ਜਿਉਣ ਦੇ ਹੱਕ ਉੱਤੇ ਵਿਚਾਰ ਪ੍ਰਗਟਾਏ ਹਨ। ਮਨੁੱਖ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਮੋਰਚੇ ਲਗਾਉਂਦਾ ਹੈ, ਅੰਦੋਲਨ ਕਰਦਾ ਹੈ, ਪਰ ਪੰਛੀ ਆਪਣਾ ਅੰਦੋਲਨ ਕਿਵੇਂ ਕਰਨ ? ਇਹ ਵੱਡਾ ਤੇ ਪ੍ਰਭਾਵਸ਼ਾਲੀ ਪ੍ਰਸ਼ਨ ਮਨੁੱਖਤਾ ਅੱਗੇ ਉਠਾਇਆ ਗਿਆ ਹੈ ਜੋ ਆਪਣੇ ਵਿਕਾਸ ਲਈ ਦੂਜਿਆਂ ਦੇ ਜੀਵਨ ਦੀ ਹੋਂਦ ਦੀ ਪ੍ਰਵਾਹ ਨਹੀਂ ਕਰਦਾ। ਪੰਛੀਆਂ ਦੀ ਵਿਥਿਆ ਤੇ ਤ੍ਰਾਸਦੀ:

**ਉਪਜਾਊ ਜ਼ਮੀਨ ਨੂੰ ਬੰਜਰ ਬਣਾਈ ਜਾਂਦੇ ਹਨ**
**ਜਿਹੜੇ ਜੀਵ ਜੰਤ ਆਪਣਾ ਖਾਣਾ ਹਨ**
**ਉਨ੍ਹਾਂ ਨੂੰ ਜ਼ਹਿਰੀਲੀਆਂ ਖਾਦਾਂ ਪਾ ਕੇ ਮਾਰੀ ਜਾਂਦੇ ਹਨ**
**ਮੈਨੂੰ ਤਾਂ ਬਹੁਤ ਫ਼ਿਕਰ ਹੈ**
**'ਰੋਟੀ ਪਾਣੀ ਆਲ੍ਹਣੇ ਦਾ'**
**ਹਾਏ ਕੀ ਕਰਾਂਗੇ ਆਪਾਂ ?**
**ਆਪਾਂ ਕਿੱਥੇ ਮੋਰਚਾ ਲਾਵਾਂਗੇ ?**
**ਕੌਣ ਆਪਣੀ ਚੀਂ ਚੀਂ ਸੁਣੂ ?**

ਪਹਿਲੇ ਸਮਿਆਂ ਵਿਚ ਕਿਸਾਨ 'ਦੇਸੀ ਰੂੜੀ' ਰਾਹੀਂ ਫ਼ਸਲ ਤਿਆਰ ਕਰਦਾ ਸੀ ਜੋ ਸਿਹਤ ਦੀ ਤੰਦਰੁਸਤੀ ਲਈ ਲਾਭਦਾਇਕ ਸਨ ਪਰ ਵਰਤਮਾਨ ਸਮੇਂ ਵਿਚ ਰੇਆਂ-ਸਪਰੇਆਂ ਤੇ ਕੀਟਨਾਸ਼ਕ ਦਵਾਈਆਂ ਨੇ ਖੇਤਾਂ ਦੀ ਮਿੱਟੀ ਨੂੰ ਜ਼ਹਿਰੀਲੀ ਬਣਾ ਦਿੱਤਾ ਹੈ, ਜਿਸ ਦਾ ਅਸਰ ਮਨੁੱਖ ਦੇ ਸਰੀਰ ਦੇ ਨਾਲ-ਨਾਲ ਪਸ਼ੂ ਪੰਛੀਆਂ ਉੱਤੇ ਵੀ ਪਿਆ ਹੈ। ਪੰਛੀਆਂ ਦੀ ਵਿਥਿਆ ਰਾਹੀਂ ਜੀਉ ਤੇ ਜਿਉਣ ਦਿਉ ਦੀ ਆਵਾਜ਼ ਬੁਲੰਦ ਕੀਤੀ ਗਈ ਹੈ।




ਸੰਨੀ ਧਾਲੀਵਾਲ ਦੀ ਕਵਿਤਾ ਕਨੇਡਾ! ਤੂੰ ਹੁਣ ਕਿਉਂ ਉਦਾਸ ਹੈਂ ? ਵਿਚ ਕਨੇਡਾ ਦੇ ਸਮਾਜਕ ਸਿਸਟਮ ਵਿਚ ਆਈ ਅਨੈਤਿਕਤਾ ਨੂੰ ਬਿਆਨ ਕੀਤਾ ਹੈ। ਕਨੇਡਾ ਦੇ ਮੂੰਹੋਂ ਸੱਚਾਈ ਨੂੰ ਬਿਆਨ ਕੀਤਾ ਹੈ, ਜਿੱਥੇ ਅਨੈਤਿਕ ਕਾਰਵਾਈਆਂ ਲੁੱਟ-ਖਸੁੱਟ, ਡਕੈਤੀ, ਚੋਰੀਆਂ, ਹੇਰਾ-ਫੇਰੀਆਂ, ਕਤਲ, ਗੈਂਗਸਟਰ ਸੱਭਿਆਚਾਰ, ਰੇਪ ਦੀ ਵੱਧ ਰਹੀ ਸਮੱਸਿਆ, ਏਡਜ਼ ਦੀ ਬਿਮਾਰੀ, ਆਪਣੇ ਕਲਚਰ ਦੀ ਦੁਹਾਈ, ਸਿੱਖਿਆ ਉੱਤੇ ਬਿਜ਼ਨਸ ਕਰਨ ਦੀ ਪ੍ਰਵਿਰਤੀ, ਨਸ਼ਿਆਂ ਦੀ ਵੱਧ ਰਹੀ ਭਰਮਾਰ ਆਦਿ ਅਨੇਕ ਪੱਖ ਉਜਾਗਰ ਕੀਤੇ ਹਨ। ਸਾਡੇ ਪੰਜਾਬੀ ਵੀ ਵਿਦੇਸ਼ਾਂ ਵਿਚ ਜਾ ਕੇ ਗ਼ਲਤ ਤਰੀਕਿਆਂ ਦੀ ਵਰਤੋਂ ਕਰਦੇ ਹੋਏ ਇਮਾਨਦਾਰੀ ਦਾ ਤਿਆਗ ਕਰ ਰਹੇ ਹਨ। ਇਸ ਤੋਂ ਇਲਾਵਾ ਦੂਜੇ ਦੇਸ਼ਾਂ ਤੋਂ ਕਨੇਡਾ ਵਿਚ ਪਰਵਾਸ ਧਾਰਨ ਕਰਨ ਵਾਲੇ ਵੀ ਅਨੈਤਿਕ ਕਾਰਵਾਈਆਂ ਕਰ ਰਹੇ ਹਨ ਜਦਕਿ ਜਿੱਥੇ ਤੁਸੀਂ ਕਿਰਤ ਕਰਦੇ ਹੋ, ਉਸ ਦੇਸ਼ ਦੇ ਵਿਕਾਸ ਦੇ ਹਿੱਤ ਵਿਚ ਕੰਮ ਕਰਨੇ ਚਾਹੀਦੇ ਹਨ। ਕਨੇਡਾ ਦੇ ਜਨਮ ਦਿਨ ਉੱਤੇ ਕਨੇਡਾ ਦੀ ਵਿਥਿਆ ਬਿਆਨ ਕੀਤੀ ਗਈ ਹੈ:

**ਕਨੇਡਾ ਤੂੰ ਉਦਾਸ ਕਿਉਂ ਹੈ ?**
**ਤੇਰਾ ਤਾਂ ਅੱਜ 158ਵਾਂ ਜਨਮ ਦਿਨ ਹੈ**
**ਇੱਥੇ ਤਾਂ ਲੁੱਟ-ਖਸੁੱਟ ਮੱਚੀ ਹੋਈ ਹੈ**
**ਚੋਰੀਆਂ, ਹੇਰਾਫੇਰੀਆਂ, ਕਤਲ,**
**ਐਕਸਟੋਰਸ਼ਨ**
**ਦਿਨੋ ਦਿਨ ਵੱਧ ਰਹੇ ਹਨ**
**ਜਿਹੜਿਆਂ ਭੁੱਖਿਆ ਨੰਗਿਆਂ ਦੇ ਮੂੰਹਾਂ ਵਿਚ ਰੋਟੀ ਪਾਈ**
**ਹੁਣ ਉਹੀ ਮਲਟੀਕਲਚਰ ਦੇ ਨਾਂ ਉੱਤੇ ਮੇਰਾ ਗਲਾ ਘੁੱਟ ਰਹੇ ਹਨ**

ਸੰਨੀ ਧਾਲੀਵਾਲ ਦੀ ਕਵਿਤਾ ਗੰਢਾ ਤੇ ਟਮਾਟਰ ਦੀ ਵਿਲੱਖਣਤਾ ਰਾਹੀਂ ਆਧੁਨਿਕ ਕਵੀਆਂ ਉੱਤੇ ਵਿਅੰਗ ਕੱਸਿਆ ਹੈ, ਜੋ ਕਵਿਤਾ ਨੂੰ ਗੁੰਝਲਦਾਰ ਬਣਾ ਕੇ ਆਪਣੇ ਕਵੀ ਹੋਣ ਦਾ ਪ੍ਰਭਾਵ ਸਿਰਜਦੇ ਹਨ। 'ਗੁੰਝਲਦਾਰ ਕਵਿਤਾ' ਨੂੰ 'ਗੰਢੇ ਵਾਂਗ' ਦਰਸਾਇਆ ਗਿਆ ਹੈ, ਜਿਸ ਦੀਆਂ ਪਰਤਾਂ ਖੋਲ੍ਹਦਾ ਪਾਠਕ ਥੱਕ ਹਾਰ ਜਾਂਦਾ ਹੈ ਪਰ ਪੱਲੇ ਉਸਦੇ ਕੁਝ ਵੀ ਨਹੀਂ ਪੈਂਦਾ:

**ਕਵਿਤਾ ਦੇ ਪ੍ਰੋਟੋਨ ਤੇ**
**ਨਿਊਟ੍ਰੋਨ ਗਿਣਨ ਲਈ**
**ਨਿਊਕਲੀਅਸ ਵਿਚ ਜਾਣਾ ਪਵੇ**
**ਜਿਹੜੀ ਬੜੀ ਔਖੀ ਹੋਵੇ**
**ਜਿਸ ਨੂੰ ਸਮਝਣ ਲਈ ਕੈਲਕੂਲਸ ਦਾ ਕੋਈ ਫ਼ਾਰਮੂਲਾ ਲਾਉਣਾ ਪਵੇ।**

ਪਰ ਕਵੀ ਸੰਨੀ ਧਾਲੀਵਾਲ ਦਾ ਵਿਚਾਰ ਹੈ ਕਿ ਆਧੁਨਿਕ ਮਨੁੱਖ ਅਲਗਾਵ ਤੇ ਤਨਾਓ ਦਾ ਸ਼ਿਕਾਰ ਹੋ ਚੁੱਕਾ ਹੈ, ਜਿਸਦਾ ਹਰ ਪਲ ਹਰ ਘੜੀ ਚਿੰਤਾ ਵਿਚ ਗੁਜ਼ਰਦੀ ਹੈ। ਉਸ ਮਨੁੱਖ ਲਈ 'ਆਨੰਦਮਈ' 'ਖੁਸ਼ੀ ਭਰਪੂਰ' ਕਵਿਤਾ ਲਿਖਣੀ ਬਹੁਤ ਜ਼ਰੂਰੀ ਹੈ ਤਾਂ ਜੋ ਕੁਝ ਘੜੀਆਂ ਉਹ ਵੀ ਆਨੰਦ ਮਾਣ ਸਕੇ। ਇਸ ਲਈ ਕਵੀ ਸੰਨੀ ਧਾਲੀਵਾਲ 'ਟਮਾਟਰ' ਵਰਗੀ ਕਵਿਤਾ ਲਿਖਣ ਦੇ ਹੱਕ ਵਿਚ ਹੈ:

**ਉਹ ਕਵਿਤਾ ਜਿਸ ਦੀ ਲਾਲੀ ਨੂੰ ਦੇਖ ਕੇ**
**ਬੰਦੇ ਦੀ ਰੂਹ ਖੁਸ਼ ਹੋ ਜਾਵੇ**
**ਸਰੀਰ ਦਾ ਅੰਗ ਅੰਗ ਰੁਸ਼ਨਾ ਜਾਵੇ**
**ਸੁੱਤਾ ਪਿਆ ਹਰ ਅਗ ਜਾਗ ਜਾਵੇ**
**ਅੱਡੀਆਂ ਦਾ ਧੂੜ ਪੁੱਟਣ ਨੂੰ ਜੀ ਕਰ ਆਵੇ**
**ਗਿੱਧਾ ਪਾਉਣ ਨੂੰ ਜੀਅ ਕਰ ਆਵੇ**
**ਬੋਲੀ ਪਾ ਕੇ ਨੱਚਣ ਨੂੰ ਜੀਅ ਕਰ ਆਵੇ।**

ਕਵਿਤਾ ਬਨੇਰੇ ਉੱਤੇ ਕਾਂ ਰਾਹੀਂ 'ਸਾਮਰਾਜਵਾਦੀ ਸਿਸਟਮ' ਉੱਤੇ ਵਿਅੰਗ ਕੀਤਾ ਗਿਆ ਹੈ। ਇਸ ਵਿਚ ਝੂਠੇ, ਸ਼ੈਤਾਨ, ਬੇਈਮਾਨ ਨੇਤਾਵਾਂ ਦੇ ਕਿਰਦਾਰ ਨੂੰ ਉਘਾੜਿਆ ਹੈ, ਜੋ ਜਨਤਾ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਹਨ। ਹਰ ਚੋਣਾਂ ਸਮੇਂ ਵੋਟਾਂ ਮੰਗਣ ਲਈ ਝੁੱਗੀਆਂ ਝੌਂਪੜੀਆਂ ਵਿਚ ਜਾ ਕੇ ਹਮਦਰਦੀ ਪ੍ਰਗਟਉਂਦੇ ਹਨ। ਜਿੱਤਣ ਤੋਂ ਬਾਅਦ ਗ਼ਰੀਬਾਂ ਦੀ ਹਾਲਤ ਸੁਧਾਰਨ ਦੀ ਥਾਂ ਜਾਂ ਗ਼ਰੀਬੀ ਨੂੰ ਘੱਟ ਕਰਨ ਦੀ ਬਜਾਇ, ਗ਼ਰੀਬ ਨੂੰ ਖ਼ਤਮ ਕਰਨ ਦੀਆਂ ਸਾਜਿਸ਼ਾਂ ਰਚਦੇ ਹਨ। ਉਨ੍ਹਾਂ ਦੀਆਂ ਝੁੱਗੀਆਂ ਝੌਂਪੜੀਆਂ ਤਬਾਹ ਕਰਕੇ 'ਮਲਟੀਪਲ ਕੰਪਲੈਕਸ' ਉਸਾਰਦੇ ਹਨ। ਕਵੀ ਸੰਨੀ ਨੇਤਾਵਾਂ ਦੇ ਦੋਗਲੇ ਚਰਿੱਤਰ ਦਾ ਪਰਦਾਫਾਸ਼ ਕਰਦਾ ਹੈ। ਉਸਦੇ ਕਾਵਿ ਵਿਚੋਂ ਵਿਦਰੋਹੀ ਸੁਰ ਉਭਰਦੀ ਹੈ ਜੋ ਪਾਠਕਾਂ ਨੂੰ ਵੀ ਬੇਬਾਕੀ ਨਾਲ ਦੰਭੀਆਂ ਲੋਕਾਂ ਦਾ ਵਿਰੋਧ ਕਰਨ ਲਈ ਕਹਿੰਦੀ ਹੈ:

**ਮੈਂ ਰੋੜਾ ਚੱਕ ਕੇ ਉਹਦੇ ਵੱਲ ਸੁੱਟਿਆ**
**ਨਾਲੇ ਵੱਡੀ ਸਾਰੀ ਪੰਜਾਬੀ ਗਾਲ ਕੱਢੀ**
**ਚੋਰੀ ਦੀ ਰੋਟੀ ਦਾ ਟੁਕੜਾ ਚੁੱਕ ਕੇ**
**ਗੁਆਂਢੀਆਂ ਦੇ ਬਨੇਰੇ 'ਤੇ ਜਾ ਬੈਠਾ**
**ਉਸ ਤੋਂ ਵੋਟਾਂ ਮੰਗਣ ਲੱਗਿਆ।**

ਕਵਿਤਾ ਬਾਬਾ ਨਾਨਕ ਤੇ ਮਰਦਾਨਾ ਵਿਚ ਵਰਤਮਾਨ ਪ੍ਰਸਥਿਤੀਆਂ ਉੱਤੇ ਕਾਬਜ਼ ਸਾਮਰਾਜਵਾਦੀ ਨੀਤੀਆਂ ਦਾ ਵਿਰੋਧ ਕੀਤਾ ਗਿਆ ਹੈ। ਹਰੇਕ ਦੇਸ਼ ਦੇ ਅਮੀਰ, ਵਜ਼ੀਰ, ਮੰਤਰੀ ਆਦਿ ਅਫ਼ਸਰਸ਼ਾਹੀ ਦੁਆਰਾ ਆਮ ਮਨੁੱਖਤਾ ਦੀ ਕਿਰਤ ਨੂੰ ਲੁੱਟ ਰਹੇ ਹਨ ਤੇ ਉਨ੍ਹਾਂ ਦੀਆਂ ਭਾਵਨਾਵਾਂ ਦਾ ਘਾਣ ਕਰਦੇ ਹਨ ?। ਬਾਬੇ ਨਾਨਕ ਨੇ ਰਾਜੇ ਸੀਂਹ ਤੇ ਮੁਕੱਦਮ ਕੁੱਤੇ ਕਹਿ ਕੇ ਇਨ੍ਹਾਂ ਦੀਆਂ ਗ਼ਲਤ ਨੀਤੀਆਂ ਦਾ ਵਿਰੋਧ ਕੀਤਾ। ਧਰਮ, ਰੰਗ, ਜਾਤ, ਨਸਲ, ਬੋਲੀ ਤੇ ਸੱਭਿਆਚਾਰ ਦੇ ਅਧਾਰ 'ਤੇ ਵੰਡੀਆਂ ਪਾ ਕੇ ਮਨੁੱਖ ਨੂੰ ਮਨੁੱਖਤਾ ਤੋਂ ਦੂਰ ਕਰ ਰਹੇ ਹਨ। ਸੰਨੀ ਦੀ ਸਕਾਰਾਤਮਕ ਸੋਚ 'ਆਸ ਦੀ ਕਿਰਨ' ਨੂੰ ਬਰਕਰਾਰ ਰੱਖਦੀ ਹੈ। ਕਵਿਤਾ ਦੁਆਰਾ ਚਿੰਤਨ ਕੀਤਾ ਗਿਆ ਹੈ:

**ਕੋਈ ਗੱਲ ਨਹੀਂ ਮਰਦਾਨਿਆ !**
**ਆਪਾਂ ਇਨ੍ਹਾਂ ਪੱਥਰਾਂ ਵਿਚ**
**ਵੀ ਪਾਣੀ ਸਿਮਣ ਲਾਵਾਂਗੇ।**
**ਆਪਾਂ ਇਨ੍ਹਾਂ ਪੱਥਰਾਂ ਵਿਚ**
**ਵੀ ਪਾਣੀ ਸਿਮਣ ਲਾਵਾਂਗੇ।**

ਸੰਨੀ ਧਾਲੀਵਾਲ ਨੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਕਵਿਤਾ ਗੁਰੂ ਤੇਗ ਬਹਾਦਰ ਜੀ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਸਬੰਧਿਤ ਕਾਰਨਾਂ ਬਾਰੇ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਕੀਤੀ ਹੈ। ਸੰਨੀ ਕਸ਼ਮੀਰੀ ਪੰਡਿਤਾਂ ਦੀ ਕਾਰਜ-ਪ੍ਰਣਾਲੀ ਉੱਤੇ ਵੀ ਪ੍ਰਸ਼ਨ ਉਠਾਉਂਦਾ ਹੈ ਜੋ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਕਿਉਂ ਨਾ ਲੜੇ:

**ਕੀ ਉਹ ਆਪਣੇ ਹੱਕਾਂ ਲਈ**
**ਲੜ ਨਹੀਂ ਸਕਦੇ ਸੀ ?**
**ਆਲਸੀ ਸੀ, ਡਰਾਕਲ ਸੀ**
**ਜਾਂ ਬਿਜਨਸ਼ਮੈਨ ਸਨ ?**

ਪ੍ਰਸ਼ਨ ਹੋਰ ਵੀ ਉੱਠਦੇ ਹਨ, ਕਿ ਕਸ਼ਮੀਰੀ ਪੰਡਿਤ ਆਪ ਆਏ ਸਨ ਜਾਂ ਕਿਸੇ ਸ਼ਕਤੀਧਾਰੀ ਸੱਤਾ ਨੇ ਉਨ੍ਹਾਂ ਨੂੰ ਭੇਜਿਆ ਸੀ, ਕਿਉਂਕਿ ਤਖ਼ਤਸ਼ਾਹੀ ਨੇ ਹੀ 'ਬੁੱਧ ਮੱਤ' ਤੇ 'ਜੈਨ ਮੱਤ' ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਤੇ ਹੁਣ 'ਗੁਰਮਤਿ ਵਿਚਾਰਧਾਰਾ' ਵਿਰੁੱਧ ਚਾਲ ਚੱਲੀ ਸੀ। ਔਰੰਗਜ਼ੇਬ ਨੇ ਕੀ ਪੰਡਿਤਾਂ ਉੱਤੇ ਹੀ ਜ਼ੁਲਮ ਕੀਤੇ ਸਨ ? ਕੀ ਪਹਾੜੀ ਰਾਜਿਆਂ ਨੇ ਵੀ ਸਾਜਿਸ਼ਾਂ ਰਚੀਆਂ ? ਆਦਿ ਬਾਰੇ ਆਲੇ-ਦੁਆਲੇ ਦੇ ਵਾਤਾਵਰਨ ਤੇ ਪ੍ਰਸਥਿਤੀਆਂ ਤੋਂ ਜਾਣਕਾਰੀ ਇਕੱਠੀ ਕਰਨੀ ਚਾਹੀਦੀ ਹੈ ਜਦ ਕਿ ਔਰੰਗਜ਼ੇਬ ਲਈ ਧਰਮ ਤੇ ਈਮਾਨ ਕੋਈ ਮਾਈਨੇ ਨਹੀਂ ਰੱਖਦੇ ਸਨ। ਉਹ ਸਿਰਫ਼ ਤਖਤੋ ਤਾਜ ਉੱਤੇ ਆਪਣੇ ਅਧਿਕਾਰ ਨੂੰ ਕਾਇਮ ਰੱਖਣ ਲਈ ਅਨੈਤਿਕ ਕਾਰਵਾਈਆਂ ਕਰਨ ਤੋਂ ਗ਼ੁਰੇਜ਼ ਨਹੀਂ ਸੀ ਕਰਦਾ। ਗੁਰੂ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਕੋਈ ਵੀ ਕਸ਼ਮੀਰੀ ਪੰਡਿਤ ਗੁਰੂ ਸਾਹਿਬ ਜੀ ਦੇ ਅੰਤਿਮ ਸੰਸਕਾਰ ਲਈ ਅੱਗੇ ਨਹੀਂ ਆਇਆ। ਸੰਨੀ ਧਾਲੀਵਾਲ ਕਵਿਤਾ ਵਿਚ ਪ੍ਰਸ਼ਨ ਉਠਾਉਂਦਾ ਹੈ ਤੇ ਪ੍ਰਸ਼ਨ ਦਾ ਉੱਤਰ ਪਾਠਕਾਂ ਉੱਤੇ ਛੱਡ ਦਿੰਦਾ ਹੈ ਕਿ ਉਹ ਕੀ ਸੋਚਦੇ ਹਨ:

**ਸ਼ਹੀਦੀ ਉਪਰੰਤ**
**ਗੁਰੂ ਜੀ ਨੂੰ ਹਿੰਦ ਦੀ ਚਾਦਰ**
**ਕਹਿਣ ਵਾਲੇ ਕੌਣ ਸਨ/ਹਨ ?**
**ਕੀ ਕੇਵਲ ਕਸ਼ਮੀਰੀ ਪੰਡਿਤ**
**ਹੀ ਹਿੰਦ ਸਨ/ਹਨ।**

ਵਰਤਮਾਨ ਸੱਤਾਧਾਰੀਆਂ ਦੀ ਕਾਰਜ-ਪ੍ਰਣਾਲੀ ਵੀ ਅਜਿਹੀ ਹੈ, ਜਿਨ੍ਹਾਂ ਦੀਆਂ 'ਸਾਮਰਾਜਵਾਦੀ' ਨੀਤੀਆਂ ਨੇ ਕਈ ਦੇਸ਼ਾਂ ਨੂੰ ਆਪਣੇ ਗ਼ੁਲਾਮ ਬਣਾਇਆ ਹੈ। ਸੰਨੀ ਧਾਲੀਵਾਲ ਦੀ ਕਵਿਤਾ ਰਾਜ ਕਰੇਗਾ ਖ਼ਾਲਸਾ ਦੁਆਰਾ ਵਰਤਮਾਨ ਸਮੇਂ ਵਿਚ ਸੱਚ ਦਾ ਪੈਗ਼ਾਮ ਦਿੱਤਾ ਗਿਆ ਹੈ, ਕਿਉਂਕਿ ਵਰਤਮਾਨ ਸਮਾਂ ਦੰਭੀ, ਕੱਪਟੀ ਤੇ ਕੱਟੜਤਾ ਵਾਲਾ ਹੈ, ਜਿੱਥੇ ਹਰ ਕੋਈ ਨਿੱਜੀ ਹਿੱਤਾਂ ਤਕ ਸੀਮਤ ਹੋ ਕੇ ਨਸਲਵਾਦ ਫੈਲਾ ਰਿਹਾ ਹੈ। ਇੱਥੇ

ਬਾਕੀ ਸਫ਼ਾ 19 'ਤੇ ਜਾਰੀ

# ਚੂੰਢੀ : ਪੰਜਾਬ, ਪਰਵਾਸ ਤੇ ਮਨੁੱਖੀ ਹੋਣੀ

ਸਫਾ 18 ਦੀ ਬਾਕੀ

ਡੇਰਿਆਂ ਦੀ ਭਰਮਾਰ, ਕੂੜ ਦਾ ਪ੍ਰਚਾਰ ਤੇ ਪਖੰਡ ਦਾ ਬੋਲ-ਬਾਲਾ ਹੈ। ਲੋਕ ਮਨੁੱਖਤਾ ਦੀ ਜੀਵਨ ਜਾਂਚ ਭੁੱਲ ਕੇ ਵੈਰ ਵਿਰੋਧ ਵਿਚ ਉਲਝ ਗਏ ਹੈ। 'ਪਦਾਰਥਵਾਦੀ ਸਿਸਟਮ' ਨੇ ਸਰਕਾਰਾਂ ਤੇ ਤਖ਼ਤ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ। ਸਰਕਾਰਾਂ ਵੱਲੋਂ ਨਵੇਂ ਨਵੇਂ ਕਾਨੂੰਨ ਬਣਾ ਕੇ ਆਮ ਜਨਤਾ ਦੀਆਂ ਸੱਧਰਾਂ ਦਾ ਘਾਣ ਕੀਤਾ ਜਾ ਰਿਹਾ ਹੈ। ਨਿਮਨ ਮਾਨਸਿਕਤਾ ਵਾਲੇ ਨੇਤਾ ਰਾਜ ਕਰ ਰਹੇ ਹਨ। ਜਿਸ ਕਾਰਨ ਅਰਾਜਕਤਾ ਦਾ ਦੌਰ ਚੱਲ ਰਿਹਾ ਹੈ। ਜਿਹੜੇ ਵਿਅਕਤੀ ਸੱਚ ਦੇ ਰਸਤੇ ਨੂੰ ਅਪਨਾਉਂਦੇ ਹੋਇਆ ਸਰਕਾਰ ਦੀਆਂ ਅਨੈਤਿਕ ਕਾਰਵਾਈਆਂ ਦਾ ਵਿਰੋਧ ਕਰਦੇ ਹਨ, ਉਨ੍ਹਾਂ ਨੂੰ ਜ਼ੇਲ੍ਹ ਵਿਚ ਸੁੱਟ ਦਿੱਤਾ ਜਾਂਦਾ ਹੈ। ਧਾਰਮਿਕ ਕੱਟੜਤਾ ਦੀਆਂ ਕਾਰਵਾਈਆਂ ਨਿੱਤ ਦਿਨ ਵਾਪਰ ਰਹੀਆਂ ਹਨ:

**ਅੱਜ ਟੀ.ਵੀ. ਤੇ ਮਸਜਦ ਢਾਹ ਕੇ**
**ਅਰਬਾਂ ਰੁਪਈਆਂ ਨਾਲ**
**ਨਵੇਂ ਬਣੇ ਮੰਦਰ ਦਾ ਉਦਘਾਟਨ ਹੁੰਦਾ ਦੇਖਿਆ**
**ਤਾਂ**
**ਬੈਠੇ ਬੈਠੇ ਨੂੰ ਖ਼ਿਆਲ ਆਇਆ ਕਿ**
**ਸਕੂਲ ਵਿਚ ਚੰਗੇ ਅਧਿਆਪਕ ਤੇ**
**ਦੇਸ਼ ਵਿਚ ਚੰਗੇ ਨੇਤਾ ਦਾ**
**ਹੋਣਾ ਸਭ ਤੋਂ ਜ਼ਰੂਰੀ ਹੈ।**

ਸਮਾਜ ਅਤੇ ਮਨੁੱਖ ਦੇ ਵਿਕਾਸ ਲਈ ਸਮਾਨਤਾ ਦਾ ਅਧਿਕਾਰ ਜ਼ਰੂਰੀ ਸ਼ਰਤ ਹੈ ਤੇ ਜੀਓ ਤੇ ਜਿਊਣ ਦਿਓ ਦੇ ਸਿਧਾਂਤ ਉੱਤੇ ਚੱਲਣਾ ਚਾਹੀਦਾ। 'ਕਿਰਤ ਸਿਧਾਂਤ' ਦੁਆਰਾ ਜੀਵਨ ਵਿਚ ਸਹਿਜਤਾ ਦਾ ਗੁਣ ਵਿਦਮਾਨ ਰਹਿੰਦਾ ਹੈ। ਕਵੀ ਆਪਣੇ ਦੋ ਸੱਭਿਆਚਾਰਾਂ ਵਿਚਲੇ ਤਜ਼ਰਬੇ ਸਾਂਝੇ ਕਰਦਾ ਹੋਇਆ। ਇਸ ਸੰਵਾਦ ਵਿਚੋਂ ਹੀ 'ਸੰਨੀ ਧਾਲੀਵਾਲ' ਦੇ 'ਕਾਵਿ-ਲੋਕ' ਦੀਆਂ ਵਿਭਿੰਨ ਲੁਪਤ ਪਰਤਾਂ ਉਜਾਗਰ ਹੁੰਦੀਆਂ ਹਨ।

ਸੰਨੀ ਧਾਲੀਵਾਲ ਦੀ ਕਵਿਤਾ ਮੈਂ ਤਾਂ ਪੁਛ ਹਿਲਾ ਦੇਣੀ ਸੀ ਵਿਚ ਨੇਤਾਵਾਂ ਉੱਤੇ ਤਿੱਖੇ ਵਿਅੰਗ ਕੱਸਦਾ ਹੈ। ਇਹ ਹਾਕਮ ਸ਼੍ਰੇਣੀ ਅੱਗੇ ਲਿਲਕੜੀਆਂ ਕੱਢਦੇ ਹਨ ਅਤੇ ਚਾਪਲੂਸੀ ਕਰਕੇ ਵੱਡੇ ਅਹੁਦੇ ਪ੍ਰਾਪਤ ਕਰਨਾ ਚਾਹੁੰਦੇ ਹਨ। ਜਦਕਿ ਭਾਰਤ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਦੇਸ਼ ਭਗਤਾਂ ਨੇ ਕੁਰਬਾਨੀਆਂ ਦਿੱਤੀਆਂ। ਕੁਝ ਸਫੈਦਪੋਸ਼ਾਂ ਨੇ ਦੇਸ਼ ਭਗਤਾਂ ਨਾਲ ਗਦਾਰੀ ਕਰਕੇ ਜਗੀਰਾਂ ਪ੍ਰਾਪਤ ਕੀਤੀਆਂ ਤੇ ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਤਖ਼ਤੇ ਦੇ ਮਾਲਕ ਬਣ ਬੈਠੇ। ਵਰਤਮਾਨ ਸਮੇਂ ਵਿਚ ਵੀ ਇਹ ਲੋਕਾਈ ਦੀਆਂ ਭਾਵਨਾਵਾਂ ਨਾਲ ਖੇਡ ਕੇ ਪੀੜ੍ਹੀ ਦਰ ਪੀੜ੍ਹੀ ਰਾਜ ਕਰ ਰਹੇ ਹਨ। ਨੇਤਾਵਾਂ ਦੀ ਔਲਾਦ ਨੇਤਾ ਬਣ ਕੇ ਲੋਕਾਂ ਨੂੰ ਲੁੱਟ ਰਹੀ ਹੈ। ਇਸ ਪ੍ਰਕਾਰ ਸੰਨੀ ਧਾਲੀਵਾਲ ਕਵੀਆਂ ਉੱਤੇ ਵੀ ਵਿਅੰਗ ਕੱਸਦਾ ਹੈ ਜੋ ਮਾਨ ਸਨਮਾਨਾਂ ਦੀ ਪ੍ਰਾਪਤੀ ਲਈ ਸਰਕਾਰਾਂ ਦੀਆਂ ਗਲਤ ਨੀਤੀਆਂ ਦਾ ਵਿਰੋਧ ਨਹੀਂ ਕਰਦੇ ਸਗੋਂ ਉਹਨਾਂ ਦਾ ਗੁਣ-ਗਾਣ ਕਰ ਰਹੇ ਹਨ। ਸੰਨੀ ਕਵੀਆਂ ਦੀ ਕਾਰਜ-ਪ੍ਰਣਾਲੀ ਦਾ ਚਿੱਤਰ ਉਲੀਕਦਾ ਹੈ:

**ਪਰ ਸੱਚੀ ਮੈਂ ਤਾਂ ਵਿਕ ਜਾਣਾ ਸੀ**
**ਲੋਕ ਕਵੀਆਂ ਵਾਂਗੂ ਰਾਜ**
**ਕਵੀ ਬਣ ਜਾਣਾ ਸੀ**
**15,15 ਲੱਖ ਦੇ ਇਨਾਮਾਂ ਨੂੰ**
**ਮਿਲੀ ਗਰਮ ਗਰਮ ਲੋਈ**
**ਵਿਚ ਪਵਾ ਲੈਣਾ ਸੀ**

ਸੰਨੀ ਧਾਲੀਵਾਲ ਦਾ ਕਾਵਿ-ਲੋਕ ਦੋ ਸੱਭਿਆਚਾਰਾਂ ਵਿਚ ਵਿਚਰਦੇ ਮਨੁੱਖ ਦੀ ਜੀਵਨ-ਸ਼ੈਲੀ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਪਿੰਡ 'ਰਣਸੀਂਹ' ਤੋਂ ਉੱਠ ਕੇ 'ਕਨੇਡਾ' ਵਿਚਲੀ ਕਰਮ-ਭੂਮੀ ਨੂੰ ਬਿਆਨ ਕੀਤਾ ਹੈ। ਮਨੁੱਖ ਕਿੱਥੇ ਵੀ ਚਲਾ ਜਾਵੇ ਉਸ ਦੇ ਦਿਲ ਵਿਚ ਪਿੰਡ ਸਦਾ ਵਿਦਵਾਨ ਰਹਿੰਦਾ ਹੈ। ਪਿੰਡ ਦਾ ਹੋਣਾ ਉਸਦੀ ਹੋਂਦ ਦਾ ਪ੍ਰਮਾਣ ਹੈ, ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਪਰ ਉਸ ਨੇ ਪਿੰਡ ਦੀ ਸਮਾਜਕ ਬਣਤਰ ਵਿਚਲੀਆਂ ਬੰਦਿਸ਼ਾਂ ਦਾ ਵਿਰੋਧ ਕਰਦੇ ਹੋਏ ਵਿਦੇਸ਼ ਵਿਚਲੀ ਅਰਾਮਦਾਇਕ ਜ਼ਿੰਦਗੀ ਦੀ ਤਾਰੀਫ਼ ਕੀਤੀ ਹੈ। ਵਰਤਮਾਨ ਸਮੇਂ ਵਿਚ ਮਨੁੱਖ ਦੀ ਆਜ਼ਾਦੀ ਉੱਤੇ ਪਾਬੰਦੀਆਂ ਲਗਾਉਣ ਨਾਲ ਕਈ ਵਾਦ-ਵਿਵਾਦ ਪੈਦਾ ਹੋ ਜਾਂਦੇ ਹਨ। ਇਸ ਲਈ ਸੰਨੀ ਧਾਲੀਵਾਲ ਨੇ ਪਿੰਡ ਦੀਆਂ ਕੁਰੀਤੀਆਂ ਦਾ ਵਿਰੋਧ ਕਰਕੇ ਅਜ਼ਾਦ ਜੀਵਨ ਦੀ ਬਾਤ ਪਾਈ ਹੈ। ਸੰਨੀ ਧਾਲੀਵਾਲ ਨੇ ਔਰਤ ਦੀ ਵਿਥਿਆ ਰਾਹੀਂ ਆਜ਼ਾਦ ਜੀਵਨ ਵਿਚਲੀ ਉਡਾਰੀ ਨੂੰ ਨਿਵੇਕਲੇ ਅੰਦਾਜ਼ ਵਿਚ ਬਿਆਨ ਕੀਤਾ ਹੈ ਜੋ ਪਿੰਡ ਤੋਂ ਵਿਦੇਸ਼ ਜਾ ਕੇ 'ਆਤਮ ਨਿਰਭਰ' ਹੋਈ ਹੈ:

**ਤੁਰਦੀ ਫਿਰਦੀ ਲਾਸ਼ ਤੋਂ**
**ਮਨੁੱਖਤਾ ਦੇ ਭਲੇ ਦੀਆਂ ਗੱਲਾਂ ਕਰਨ ਲੱਗੀ ਹਾਂ।**
**ਪੰਜਾਬ ਰੋਡਵੇਜ਼ ਦੀ ਚਿਚਕੂ ਚਿਚਕੂ ਕਰਦੀ ਬੱਸ ਚੋਂ ਉਤਰ ਕੇ**
**ਵਧੀਆ ਕਾਰ ਚਲਾਉਣ ਜੋਗੀ ਹੋਈ ਹਾਂ।**
**ਓ ਪਿਆਰੇ ਪਿੰਡ ! ਜਦੋਂ ਤੋਂ ਤੇਰੇ ਤੋਂ ਦੂਰ ਹੋਈ ਹਾਂ।**
**ਬੜੀ ਹੀ ਖੁਸ਼ ਹੋਈ ਹਾਂ, ਤੰਦਰੁਸਤ ਹੋਈ ਹਾਂ।**

ਸੰਨੀ ਧਾਲੀਵਾਲ ਔਰਤ ਦੀ ਮਾਨਸਿਕਤਾ ਰਾਹੀਂ ਜੀਵਨ ਦੀਆਂ ਵਿਭਿੰਨ ਪਰਤਾਂ ਦ੍ਰਿਸ਼ਟੀਗੋਚਰ ਕਰਦਾ ਹੈ। ਡਾ ? ਵਰਿਆਮ ਸਿੰਘ ਸੰਧੂ ਦਾ ਵਿਚਾਰ ਹੈ:

ਉਹਦੇ ਪਿੰਡ ਦੀ ਉਹ ਔਰਤ ਪੰਜਾਬੀ ਬੰਦੇ ਦੀ ਆਤਮਾ ਹੀ ਹੈ ਜਿਸ ਨੂੰ ਕਨੇਡਾ ਨੇ ਆਤਮ ਵਿਸ਼ਵਾਸ ਦਿੱਤਾ, ਆਜ਼ਾਦੀ ਦਿੱਤੀ, ਰੁਜ਼ਗਾਰ ਦਿੱਤਾ, ਸਵੈਮਾਣ ਦਿੱਤਾ। ਜਿੱਥੇ ਉਹ ਜੋ ਮਰਜ਼ੀ ਪਹਿਨ ਸਕਦੀ ਹੈ, ਪਤੀ ਨਾਲ ਸੜਕ ਤੇ ਬਰਾਬਰ ਤੁਰ ਸਕਦੀ ਹੈ।

ਭਾਵੇਂ ਕਿ ਕਵੀ ਪਿੰਡ ਦੀ ਰੂੜੀਵਾਦੀ ਸੋਚ ਤੇ ਕਾਰਜ-ਪ੍ਰਣਾਲੀ ਦਾ ਵਿਰੋਧ ਕਰਦਾ ਤੇ ਬੇਬਾਕੀ ਨਾਲ ਆਲੇ ਦੁਆਲੇ ਹੋ ਰਹੀ ਧੱਕੇਸ਼ਾਹੀ ਦਾ ਜ਼ਿਕਰ ਵੀ ਕਰਦਾ ਹੈ ਪਰ ਇਸ ਦੇ ਨਾਲ-ਨਾਲ ਪਿੰਡ ਦੀ ਹੋਂਦ ਨੂੰ ਮਾਣਦਾ ਵੀ ਹੈ, ਜਿਸ ਦੀ ਖ਼ਾਤਰ ਉਹ ਹਜ਼ਾਰਾਂ ਮੀਲਾਂ ਦਾ ਸਫ਼ਰ ਤੈਅ ਕਰਕੇ ਮੁੜ ਆਪਣੇ ਪਿੰਡ, ਆਪਣੇ ਘਰ ਆਉਂਦਾ ਹੈ। ਉਹ ਇਹ ਵੀ ਚਾਹੁੰਦਾ ਹੈ ਕਿ ਸਮੇਂ ਦੀ ਤੇਜ਼ ਰਫ਼ਤਾਰ ਜ਼ਿੰਦਗੀ ਨਾਲ 'ਰੂੜੀਵਾਦੀ ਸੋਚ' ਦਾ ਤਿਆਗ ਕਰਕੇ 'ਵਿਕਾਸਮੁਖੀ ਸੋਚ' ਅਪਣਾਉਣੀ ਬਹੁਤ ਜ਼ਰੂਰੀ ਹੈ ਤਾਂ ਜੋ ਔਰਤ-ਮਰਦ ਸਰਬਪੱਖੀ ਵਿਕਾਸ ਕਰ ਸਕਣ। ਉਸ ਨੂੰ ਆਪਣੇ ਪਿੰਡ ਦੀ ਮਿੱਟੀ ਨਾਲ ਪਿਆਰ ਹੈ:

**ਮੈਂ ਤੇਰੀ ਮਿੱਟੀ ਦੀ ਸੁਗੰਧ ਨੂੰ ਪਿਆਰ ਕਰਦੀ ਹਾਂ।**
**ਉਹ ਮਿੱਟੀ ਮੇਰੀਆਂ ਨਾਸਾਂ, ਨਹੁੰਆਂ ਤੇ ਕੰਨਾਂ ਵਿਚ ਪੱਕਾ ਘਰ ਬਣਾ ਕੇ ਬੈਠੀ ਹੈ।**
**ਉਹ ਮਿੱਟੀ ਦੀ ਸੁਗੰਧ ਹੀ ਮੇਰੇ ਕੋਲ ਵਾਰ-ਵਾਰ ਤੇਰੇ ਦਰਸ਼ਨ ਕਰਵਾਉਂਦੀ ਹੈ।**
**ਜੰਗਾਲ ਲੱਗੇ ਤਾਲੇ ਨੂੰ ਖੁਲਵਾਉਂਦੀ ਹੈ।**
**ਜੰਗਾਲ ਲੱਗੇ ਤਾਲੇ ਨੂੰ ਖੁਲਵਾਉਂਦੀ ਹੈ।**

ਕਵਿਤਾ ਦੀ ਪਾਤਰ ਬੇਸ਼ਕ ਔਰਤ ਹੈ ਪਰ ਇਹ ਪੰਜਾਬੀ ਮਨੁੱਖ ਦੀ ਆਜ਼ਾਦੀ ਦਾ ਬਿਰਤਾਂਤ ਪੇਸ਼ ਕਰਦੀ ਹੈ। ਕਵੀ ਬੀਤੇ ਨੂੰ ਯਾਦ ਕਰਕੇ ਰਊਂ ਰਊਂ ਨਹੀਂ ਕਰਦਾ। ਉਸਦੇ ਕਾਵਿ ਵਿਚ ਪਿੰਡ ਸਦਾ ਵਿਦਮਾਨ ਰਹਿੰਦਾ ਹੈ। ਇਹ ਪਿੰਡ 'ਰਣਸੀਂਹ' ਤੇ 'ਟੱਲੇਵਾਲ' ਕਵਿਤਾ ਵਿਚ ਵਾਰ-ਵਾਰ ਆਉਂਦੇ ਹਨ ਅਤੇ ਪਿੰਡ ਵਿਚ ਮਨਾਏ ਜਾਂਦੇ ਮੇਲੇ ਦੀ ਤਸਵੀਰ ਵੀ ਉਭਰਦੀ ਹੈ। ਇਹੋ ਕਾਰਨ ਹੈ ਕਿ ਉਹ ਪਿੰਡ ਨੂੰ ਯਾਦ ਕਰਦਾ ਹੈ।

ਸੰਨੀ ਧਾਲੀਵਾਲ ਨੇ ਕਵਿਤਾ ਸੋਹਣੀ ਨੂੰ ਕੁਝ ਸਵਾਲ ਵਿਚ 'ਮਨੁੱਖੀ ਸੁਭਾਅ ਦੇ ਸ਼ੱਕ' ਦੀ ਬਿਰਤੀ ਨੂੰ ਉਜਾਗਰ ਕੀਤਾ ਹੈ। ਹਰ ਮਨੁੱਖ ਸਵਾਲ ਕਰਨਾ ਆਪਣਾ ਹੱਕ ਸਮਝਦਾ ਹੈ ਭਾਵੇਂ ਜਵਾਬ ਮਿਲੇ ਜਾਂ ਨਾ ਮਿਲੇ। ਸਵਾਲ ਠੀਕ ਹੋਣ ਜਾਂ ਗਲਤ ਕੋਈ ਫ਼ਰਕ ਨਹੀਂ ਪੈਂਦਾ। ਅੱਜ ਕੱਲ ਹਰੇਕ ਮਨੁੱਖ 'ਸਵਾਲ ਦਾ ਭਾਰ' ਚੁੱਕੀ ਫ਼ਿਰਦਾ ਹੈ। ਸਮਾਜਕ ਸਿਸਟਮ ਦੇ ਵਰਤਾਰੇ ਅਤੇ ਤਰਕਸ਼ੀਲ ਵਿਚਾਰਾਂ ਦੇ ਦ੍ਰਿਸ਼ਟੀਕੋਣ ਨੇ 'ਸੋਹਣੀ' ਨੂੰ ਕੁਝ ਸਵਾਲ ਪੁੱਛੇ ਹਨ:

**ਤੂੰ ਹੀ ਕਿਉਂ ਦਰਿਆ ਪਾਰ ਕਰਕੇ**
**ਮਹੀਂਵਾਲ ਨੂੰ ਮਿਲਣ ਜਾਂਦੀ ਸੀ ?**
**ਉਹ ਤੈਨੂੰ ਮਿਲਣ ਕਿਉਂ ਨਹੀਂ ਆਉਂਦਾ**
**ਕੀ ਉਹ ਡਰਾਕਲ ਸੀ ?...**

ਸੰਨੀ ਧਾਲੀਵਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਫਿਜ਼ਿਕਸ ਵਿਭਾਗ ਦਾ ਵਿਦਿਆਰਥੀ ਰਿਹਾ ਹੈ। ਉਸ ਨੇ ਆਪਣੀਆਂ ਯਾਦਾਂ ਦੀਆਂ ਤੰਦਾਂ ਵਿਚੋਂ ਯੂਨੀਵਰਸਿਟੀ ਦੇ ਮਾਹੌਲ ਦੀ ਤਸਵੀਰਕਸ਼ੀ ਕਰਦੇ ਹੋਏ 'ਆਜ਼ਾਦੀ ਦੇ ਦਿਨ' ਅਤੇ 'ਮਨੁੱਖ ਦੀ ਸਥਿਤੀ' ਨੂੰ ਬਿਆਨ ਕੀਤਾ ਹੈ। ਉਸ ਦੀ ਕਵਿਤਾ ਆਜ਼ਾਦੀ ਦਾ ਦਿਨ ਵਿਚ 78ਵੀਂ ਆਜ਼ਾਦੀ ਵਰ੍ਹੇ ਗੰਢ ਦਾ ਜ਼ਿਕਰ ਕੀਤਾ ਹੈ। ਹਰ ਸਾਲ ਆਜ਼ਾਦੀ ਦਿਵਸ 'ਤੇ ਕਰੋੜਾਂ ਰੁਪਏ ਖ਼ਰਚ ਕੀਤੇ ਜਾਂਦੇ ਹਨ ਪਰ ਆਮ ਮਨੁੱਖ ਦੀ ਹਾਲਤ ਪੀੜ੍ਹੀ-ਦਰ-ਪੀੜ੍ਹੀ ਤਰਸਯੋਗ ਹੀ ਰਹੀ। ਇਕ ਬੂਟ ਪਾਲਿਸ਼ ਕਰਨ ਵਾਲੇ ਦੀ ਗਾਥਾ ਰਾਹੀਂ ਭਾਰਤ ਦੀ ਆਜ਼ਾਦੀ ਉੱਤੇ ਪ੍ਰਸ਼ਨ ਚਿੰਨ੍ਹ ਲਗਾਇਆ ਹੈ, ਜਿਸ ਆਜ਼ਾਦੀ ਦੀ ਪ੍ਰਾਪਤੀ ਲਈ ਦੇਸ਼ ਭਗਤਾਂ ਨੇ ਕੁਰਬਾਨੀਆਂ ਦਿੱਤੀਆਂ ਸਨ। ਉਹਨਾਂ ਦੀਆਂ ਕੁਰਬਾਨੀਆਂ ਅਜਾਈਂ ਗਈਆਂ, ਕਿਉਂਕਿ ਸਾਡੇ ਆਜ਼ਾਦ ਭਾਰਤ ਦੇ ਨੇਤਾਵਾਂ ਨੇ ਆਮ ਜਨਤਾ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨ ਦੀ ਬਜਾਇ ਉਹਨਾਂ ਦੀ ਲੁੱਟ-ਖਸੁੱਟ ਹੀ ਕੀਤੀ। ਸੰਨੀ ਧਾਲੀਵਾਲ ਬੜੀ ਬੇਬਾਕੀ ਨਾਲ ਅਖੌਤੀ ਆਜ਼ਾਦੀ ਦਾ ਜ਼ਿਕਰ ਕਰਦਾ ਹੈ:

**ਕੈਸੀ ਆਜ਼ਾਦੀ**
**ਕਿਸ ਸੇ ਆਜ਼ਾਦੀ**
**ਕੌਨ ਸੀ ਆਜ਼ਾਦੀ**
**ਮੇਰੇ ਦਾਦੇ ਨੇ ਭੀ ਯਹੀਂ ਪਰ ਜੂਤੇ ਪਾਲਸ਼ ਕੀਏ**
**ਮੇਰੇ ਬਾਪ ਨੇ ਭੀ ਯਹੀਂ ਪਰ ਜੂਤੇ ਪਾਲਸ਼ ਕੀਏ**
**ਔਰ ਮੈਂ ਭੀ ਯਹੀਂ ਪਰ ਜੂਤੇ ਪਾਲਸ਼ ਕਰ ਰਹਾਂ ਹੂੰ ?**

ਉਪਰੋਕਤ ਵਿਚਾਰ-ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸੰਨੀ ਧਾਲੀਵਾਲ ਦੀ ਵਿਅੰਗਾਤਮਕ ਚੂੰਢੀ ਦੀ ਚੀਸ ਮਨੁੱਖੀ ਚੇਤਨਾ ਨੂੰ ਜਾਗ੍ਰਿਤ ਕਰਦੀ ਹੈ। ਉਸ ਵਿਚੋਂ ਜੀਵਨ ਮੁੱਲਾਂ ਦੀਆਂ ਧੁਨਾਂ ਗੂੰਜਦੀਆਂ ਹਨ। ਉਹ ਨਵੀਨ ਸਮਾਜ ਦਾ ਹਾਮੀ ਹੈ ਜਿਸ ਵਿਚ ਜੀਓ ਤੇ ਜਿਊਣ ਦਿਓ ਦਾ ਸਿਧਾਂਤ ਸਥਾਪਤ ਕਰਨ ਲਈ ਯਤਨ ਕਰ ਰਿਹਾ ਹੈ। ਸੰਨੀ ਧਾਲੀਵਾਲ ਕੋਲ ਦੋ ਸਭਿਆਚਾਰਾਂ ਦਾ ਤਜ਼ਰਬਾ ਹੋਣ ਸਕਦਾ ਉਸ ਦੇ ਕਾਵਿ-ਜਗਤ ਵਿਚ ਦੋ ਸਭਿਆਚਾਰਾਂ ਦੇ ਨੈਤਿਕ ਮੁੱਲ-ਵਿਧਾਨ ਦ੍ਰਿਸ਼ਟੀਗੋਚਰ ਹੁੰਦੇ ਹਨ।

# ਕੈਨੇਡਾ ਦਿਵਸ ਦੇ ਜਸ਼ਨਾਂ ਵਿੱਚ ਸ਼ਾਨਦਾਰ ਪਾਉ-ਵਾਉ ਉਤਸਵ ਅਦੁਤੀ ਛਾਪ ਛੱਡ ਗਿਆ



ਕੈਨੇਡਾ ਨੂੰ ਮੁਲਕ ਵਜੋਂ ਮਾਨਤਾ ਮਿਲਣ ਦੀ 159ਵੀਂ ਵਰ੍ਹੇਗੰਢ ਪਹਿਲੀ ਜੁਲਾਈ ਨੂੰ ਸਾਰੇ ਦੇਸ਼ ਵਿਚ ਬੜੀ ਧੂਮ ਧਾਮ ਨਾਲ਼ ਮਨਾਈ ਗਈ। ਇਸ ਦਿਨ ਕੈਲਗਰੀ ਵਾਸੀ ਭਾਰੀ ਗਿਣਤੀ ਵਿਚ ਬਾਹਰ ਪਾਰਕਾਂ, ਸੜਕਾਂ, ਥੀਏਟਰਾਂ, ਲਾਇਬਰੇਰੀਆਂ ਅਤੇ ਹੋਰ ਜਨਤਕ ਥਾਵਾਂ 'ਤੇ ਵਹੀਰਾਂ ਘੱਤ ਕੇ ਆਏ। ਹਰ ਥਾਂ ਮੇਲੇ ਵਰਗੀ ਰੌਣਕ ਰਹੀ। ਈਸਟ ਵਿਲੇਜ ਅਤੇ ਹੋਰ ਕਈ ਥਾਵਾਂ 'ਤੇ ਭਾਂਤ-ਭਾਂਤ ਦੀਆਂ ਵਸਤਾਂ ਅਤੇ ਖਾਣ-ਪੀਣ ਦੀਆਂ ਸਟਾਲਾਂ ਲੱਗੀਆਂ, ਮਿਲਟਰੀ ਵਾਲ਼ੇ ਹੈਰੀ ਹੇਅਜ ਬਿਲਡਿੰਗ ਕੋਲ਼ ਆਪਣੇ ਢੰਗ ਨਾਲ਼ ਪਰਚਾਰ ਕਰ ਰਹੇ ਸਨ, ਸਟੂਡੀਓ ਬੈੱਲ ਵਿਚ ਗੀਤ-ਸੰਗੀਤ ਦੀ ਵਰਖਾ ਸੀ, ਈਊ ਕਲੇਅਰ ਵਿਖੇ ਆਰਕੈਸਟਰਾ ਲੋਕਾਂ ਦਾ ਮਨੋਰੰਜਨ ਕਰ ਰਿਹਾ ਸੀ, ਪ੍ਰਿੰਸ ਆਈਲੈਂਡ ਪਾਰਕ ਦੀ ਖੁੱਲ੍ਹੀ ਸਟੇਜ ਉਪਰ ਮਸ਼ਹੂਰ ਗਾਇਕ ਤੇ ਸੰਗੀਤਕਾਰ ਆਪਣੀ ਕਲਾ ਦਾ ਜਾਦੂ ਬਿਖੇਰ ਰਹੇ ਸਨ, ਇੱਥੇ ਲੋਕਾਂ ਦਾ ਹੜ੍ਹ ਆਇਆ ਹੋਇਆ ਸੀ ਤੇ ਨਾਲ਼ ਲਗਦਾ ਬੋਅ ਦਰਿਆ ਕਿਨਾਰੇ ਤੋੜ ਵਗ ਰਿਹਾ ਸੀ। ਸੈਂਟਰਲ ਲਾਇਬਰੇਰੀ ਵਿਚ ਬੱਚਿਆਂ ਦੇ ਪ੍ਰੋਗਰਾਮ ਤੋਂ ਇਲਾਵਾ ਇਸ ਦੇ ਥੀਏਟਰ ਵਿਚ ਨਵੇਂ ਸ਼ਹਿਰੀਆਂ ਨੂੰ ਸਿਟੀਜ਼ਨਸ਼ਿਪ ਦੀ ਸਹੁੰ ਚੁਕਾਈ ਜਾ ਰਹੀ ਸੀ ਅਤੇ ਬਾਹਰਲੀ ਲੌਬੀ ਵਿਚ ਮੇਟੀ ਸਿੰਗਰ ਕੇਟੀ ਰੈਂਪ ਡਫਲੀ ਦੀ ਤਾਲ ਉਪਰ ਸੁਰੀਲੀ ਆਵਾਜ਼ ਵਿਚ ਆਪਣੀ ਭਾਸ਼ਾ ਦੇ ਗੀਤ ਗਾ ਕੇ ਦਰਸ਼ਕਾਂ ਨੂੰ ਕੀਲ ਰਹੀ ਸੀ। ਸ਼ਾਮ ਨੂੰ ਹੈਰੀਟੇਜ ਪਾਰਕ ਦੇ ਗੈਸੋਲੀਨ ਪਲਾਜ਼ੇ ਦੇ ਖਚਾ-ਖਚ ਭਰੇ ਹਾਲ ਵਿਚ ਚੋਟੀ ਦੇ ਗਾਇਕ ਅਤੇ ਸਾਜ਼ਿੰਦੇ ਹਾਲ ਨੂੰ ਗੂੰਜਣ ਲਾ ਰਹੇ ਸਨ। ਸਭ ਤੋਂ ਵੱਧ ਦਿਲ-ਖਿੱਚਵਾਂ, ਮਹੱਤਵਪੂਰਨ ਅਤੇ ਯਾਦਗਾਰੀ ਸਮਾਗਮ ਸੰਗਮ ਦੇ ਸਥਾਨ (Confluence Historic Parksite) `ਤੇ ਸੱਤਵੀਂ ਸੰਧੀ (Treaty G) ਦੇ ਮੂਲਨਿਵਾਸੀ ਕਬੀਲਿਆਂ ਦਾ ਪ੍ਰੰਪਰਿਕ ਪਾਉ ਵਾਉ ਉਤਸਵ ਸੀ ਜੋ ਸਵੇਰੇ 11 ਵਜੇ ਸ਼ੁਰੂ ਹੋ ਕੇ ਸ਼ਾਮ 5 ਵਜੇ ਤੱਕ ਚੱਲਿਆ। ਇੱਥੇ ਉਨ੍ਹਾਂ ਨੇ ਆਪਣੀਆਂ ਟੀਪੀਆਂ (ਟੱਪਰੀਆਂ) ਲਾਈਆਂ ਹੋਈਆਂ ਸਨ ਜਿਨ੍ਹਾਂ ਅੰਦਰ ਸਿਆਣੇ ਵਡੇਰੇ (Elders) ਰਵਾਇਤੀ ਪੁਸ਼ਾਕਾਂ ਪਾਈ ਆਪਣੇ ਇਤਿਹਾਸ, ਸਭਿਆਚਾਰ, ਸੰਧੀ, ਰਿਹਾਇਸ਼ੀ ਸਕੂਲਾਂ ਦੀ ਦਰਦਨਾਕ ਵਿਥਿਆ, ਬਸਤੀਵਾਦੀ ਵਤੀਰੇ ਅਤੇ ਪੁਨਰਸੁਰਜੀਤੀ ਬਾਰੇ ਦੱਸ ਰਹੇ ਸਨ। ਚੁਰੱਤਰ ਸਾਲਾ ਫਰਾਂਸਿਸ ਬੁੱਚ ਵੋਲਫਲੈਗ ਨੇ ਹੈਰਾਨੀਜਨਕ ਖੁਲਾਸਾ ਕੀਤਾ ਕਿ ਉਸ ਦੇ ਪਰਿਵਾਰ ਵਿਚ ਸੱਤਰ ਜਣੇ ਹਨ। ਅਜਿਹਾ ਇਨ੍ਹਾਂ ਪਰਿਵਾਰਾਂ ਵਿਚ ਆਮ ਹੁੰਦਾ ਹੈ। ਸਾਰਾ 40 ਏਕੜ ਦਾ ਮੈਦਾਨ ਹਰ ਨਸਲ ਦੇ ਲੋਕਾਂ ਨਾਲ਼ ਧੜਕ ਰਿਹਾ ਸੀ। ਸਟੇਜ ਤੋਂ ਲੋਵੈਲ ਯੈਲੋ ਹੌਰਨ (ਪੀਕਾਨੀ ਨੇਸ਼ਨ) ਬੜੀ ਨਿਪੁੰਨਤਾ ਨਾਲ਼ ਰਵਾਇਤੀ ਗਿਆਨ ਵੀ ਵੰਡ ਰਿਹਾ ਸੀ ਤੇ ਕਾਰਵਾਈ ਵੀ ਚਲਾ ਰਿਹਾ ਸੀ। ਅਰੰਭ ਵਿਚ ਸਾਰੇ ਨੇਸ਼ਨਾਂ ਦੇ ਮੁਖੀ ਰਵਾਇਤੀ ਪੁਸ਼ਾਕਾਂ ਵਿਚ ਸਜ ਕੇ ਆਪੋ-ਆਪਣੇ ਨੇਸ਼ਨ ਦੇ ਝੰਡੇ (ਨਿਸ਼ਾਨ) ਲੈ ਕੇ ਕਤਾਰ ਵਿਚ ਨਚਦੇ ਹੋਏ ਕਮਾਲ ਦੇ ਅੰਦਾਜ਼ ਨਾਲ਼ ਦਾਖ਼ਲ ਹੋਏ। ਉਨ੍ਹਾਂ ਦੇ ਪਿੱਛੇ ਨਾਚ-ਕਲਾਕਾਰ, ਮੁੰਡੇ ਤੇ ਕੁੜੀਆਂ, ਰਵਾਇਤੀ ਚਮਕ-ਦਮਕ ਵਾਲ਼ੇ ਲਿਬਾਸ ਪਹਿਨੇ ਨਚਦੇ ਆ ਰਹੇ ਸਨ। ਬਲੈਕਫੁੱਟ ਐਲਡਰ ਕਲਾਰੈਂਸ ਵੀ. ਵੋਲਫਲੈਗ ਨੇ ਪੁਰਾਤਨ ਰਹੁ-ਰੀਤ ਅਨੁਸਾਰ ਧੂਫ (Smudge) ਜਗਾ ਕੇ ਆਪਣੀ ਭਾਸ਼ਾ ਵਿਚ ਪ੍ਰਾਰਥਨਾ ਕੀਤੀ ਜਿਸ ਰਾਹੀਂ ਸਿਰਜਣਹਾਰ (Creator), ਪਾਣੀ, ਸੂਰਜ, ਧਰਤੀ ਅਤੇ ਕੁਦਰਤ ਦਾ ਧੰਨਵਾਦ ਕਰਨ ਦੇ ਨਾਲ਼ ਸ਼੍ਰਿਸ਼ਟੀ ਦੇ ਸਾਰੇ ਪ੍ਰਾਣੀਆਂ, ਜੀਵ-ਜੰਤੂਆਂ, ਬਨਾਸਪਤੀ ਆਦਿ ਦਾ ਭਲਾ ਮੰਗਣ ਸਮੇਤ ਸੁੱਖ-ਸ਼ਾਂਤੀ, ਆਪਸੀ ਪ੍ਰੇਮ, ਭਰਾਤਰੀਭਾਵ ਅਤੇ ਦਯਾ ਦੀ ਕਾਮਨਾ ਕੀਤੀ ਗਈ। ਫਿਰ ਉਸ ਨੇ ਜੇਤੂ ਗੀਤ (Victory Song) ਰਾਹੀਂ ਆਪਣੇ ਪੁਰਖਿਆਂ, ਵਿੱਛੜੀਆਂ ਰੂਹਾਂ, ਨੂੰ ਯਾਦ ਕੀਤਾ, ਰਸਮਾਂ-ਰਿਵਾਜਾਂ ਨੂੰ ਆਪਣੇ ਲੋਕਾਂ ਦੀ ਸ਼ਕਤੀ ਦੱਸਿਆ ਅਤੇ ਇਨ੍ਹਾਂ ਨੂੰ ਹਮੇਸ਼ਾ ਲਈ ਅਨਿੱਖੜਵਾਂ ਅੰਗ ਬਣੇ ਰਹਿਣ ਦੀ ਗੱਲ ਕਹੀ। ਸਾਲਾਨਾ ਪਾਉ ਵਾਉ ਉਤਸਵ ਦੀ ਪੁਰਾਤਨ ਰੀਤ ਅਨੁਸਾਰ 'ਜਸਟਿਸ ਇੰਗਲਿਸ਼' ਨਾਂ ਦੀ ਸੁੰਦਰ ਮੁਟਿਆਰ ਨੂੰ ਮਿਸ ਬਲੈਕਫੁੱਟ (Miss Lead BY Example) ਦੀ ਉਪਾਧੀ ਦਿੱਤੀ ਗਈ ਜਿਸ ਨੇ ਦਰਸ਼ਕਾਂ ਨੂੰ ਸੰਬੋਧਨ ਵੀ ਕੀਤਾ। ਕਲਾਰੈਂਸ ਨੇ ਰਿਵਾਇਤ ਅਨੁਸਾਰ ਇਕ ਮੇਟੀ ਆਦਮੀ ਨੂੰ ਉਸ ਦੀਆਂ ਸੇਵਾਵਾਂ ਦੇ ਇਵਜ਼ ਵਿਚ ਵਿਧੀ-ਪੂਰਵਕ ਬਲੈਕਫੁੱਟ ਨਾਂ ਹੱਮਿੰਗ ਬਰਡ ਦੇ ਕੇ ਸਨਮਾਨਿਆਂ। ਉਪ੍ਰੰਤ ਯੋਧਿਆਂ ਦੀ ਵਾਰ (Warriors Song) ਗਾਈ। ਦਰਸ਼ਕਾਂ ਦੇ ਗੋਲ਼ ਦਾਇਰੇ ਵਿਚ ਘਿਰੇ ਇਸ ਮੈਦਾਨ ਵਿਚ ਅੱਡੋ-ਅੱਡ ਉਮਰ ਦੇ ਨਾਚ-ਕਲਾਕਾਰਾਂ ਨੇ ਢੋਲ ਦੇ ਡੱਗਿਆਂ ਉਪਰ ਰਵਾਇਤੀ ਨਾਚ ਪੇਸ਼ ਕੀਤੇ। ਸਾਰਾ ਦ੍ਰਿਸ਼ ਉਨ੍ਹਾਂ ਦੇ ਪੁਰਾਤਨ ਸਭਿਆਚਾਰ ਅਤੇ ਰਵਾਇਤੀ ਜੀਵਨ-ਢੰਗ ਨੂੰ ਸਾਕਾਰ ਕਰ ਰਿਹਾ ਸੀ। ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵਿਚ ਫਰਾਂਸਿਸ ਬੁੱਚ ਵੋਲਫਲੈਗ, ਚੀਫ਼ ਵਿਨਸੈਂਟ ਯੈਲੋ ਉਲਡ ਵੂਮੈਨ (ਦੋਵੇਂ ਬਲੈਕਫੁੱਟ), ਪਾਉਲਾ ਸਮਿੱਥ, ਗੈਰਿਟ ਸਮਿੱਥ (ਪੀਕਾਨੀ), ਆਟਮ ਈਗਲ ਸਪੀਕਰ (ਕਾਇਨਾਈ) ਆਦਿ ਸ਼ਾਮਲ ਸਨ। ਅਦਾਰਾ ਪੰਜਾਬੀ ਅਖ਼ਬਾਰ ਅਤੇ ਰੇਡੀਓ ਰੈੱਡ ਐਫ ਐਮ ਦੁਆਰਾ ਇਨ੍ਹਾਂ ਲੋਕਾਂ ਦੇ ਇਤਿਹਾਸ, ਕਲਚਰ ਉਤਸਵਾਂ ਅਤੇ ਪ੍ਰੋਗਰਾਮਾਂ ਨੂੰ ਵਿਸ਼ੇਸ਼ ਥਾਂ ਦੇਣ ਬਾਰੇ ਜਗਦੇਵ ਸਿੱਧੂ ਨੇ ਜਦੋਂ ਇਨ੍ਹਾਂ ਮੁਖੀਆਂ ਨੂੰ ਸੰਬੰਧਤ ਕਲਿਪ ਵਿਖਾਏ ਤਾਂ ਉਨ੍ਹਾਂ ਨੇ ਖ਼ੁਸ਼ ਹੋ ਕੇ ਪੰਜਾਬੀ ਮੀਡੀਆ ਦੇ ਇਸ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ।

ਯਾਦਾਂ ਦੇ ਝਰੋਖੇ 'ਚੋਂ

# ਸ਼ਿਵ ਕੁਮਾਰ ਬਟਾਲਵੀ

ਡਾ. ਰਾਜਵੰਤ ਕੌਰ 'ਪ੍ਰੀਤ' ਮਾਨ

ਮੈਂ ਪਹਿਲੀ ਵਾਰ ਸ਼ਿਵ ਨੂੰ 1958ਵਿੱਚ ਪ੍ਰੀਤ ਨਗਰ ਵਿਖੇ ਪ੍ਰੀਤ-ਮੀਲਣੀ ਸਮੇਂ ਮਿਲੀ ਜਦੋਂ ਉਸ ਨੇ ਗਾਇਆ ਸੀ - ਮੈਂ ਕੰਡਿਆਲੀ ਥੋਹਰ ਵੇ ਸੱਜਣਾਂ, ਉੱਗੀ ਵਿੱਚ ਉਜਾੜਾਂ। ਪਤਾ ਨਹੀਂ ਉਸ ਨੂੰ ਕਿਸ ਚੰਦਰੀ ਥੋਹਰ ਦਾ ਕੰਡਾ ਚੁਭਿਆ, ਉਸ ਨੂੰ ਬਿਰਹਾ ਦਾ ਸੁਲਤਾਨ ਬਣਦਾ ਵੀ ਵੇਖਿਆ ਅਤੇ ਪੰਜਾਬੀ ਕਵਿਤਾ ਦੇ ਅੰਬਰ ਦਾ ਤਾਰਾ ਬਣਦਾ ਵੀ ਵੇਖਿਆ।

ਸ਼ਿਵ ਦਾ ਜਨਮ 23 ਜੁਲਾਈ, 1936 ਨੂੰ ਪੰਡਿਤ ਕ੍ਰਿਸ਼ਨ ਗੋਪਾਲ ਅਤੇ ਸ਼ਾਂਤੀ ਦੇਵੀ ਦੇ ਘਰ, ਸਿਆਲਕੋਟ ਦੇ ਰਮਣੀਕ ਇਲਾਕੇ ਦੇ ਪਿੰਡ ਵਿੱਚ ਹੋਇਆ। ਸੰਨ 1947 ਦੀ ਪੰਜਾਬ -ਵੰਡ ਤੋਂ ਬਾਅਦ ਸ਼ਿਵ ਦਾ ਪਰਿਵਾਰ ਬਟਾਲ਼ੇ ਆ ਵਸਿਆ। ਸ਼ਿਵ ਉਦੋਂ ਗਿਆਰਾਂ ਸਾਲਾਂ ਦਾ ਸੀ। ਰਮਣੀਕ ਮਾਹੌਲ ਵਿੱਚ ਪਲ਼ਦਿਆਂ ਕਵਿਤਾ ਦੇ ਬੀਜ ਬਚਪਨ ਵਿੱਚ ਹੀ ਪੈਦਾ ਹੋ ਗਏ ਸਨ। ਉਹ ਤਾਂ ਜਮਾਂਦਰੂ ਕਵੀ ਸੀ। ਬਿਰਹਾ ਦੇ ਗੀਤ ਲਿਖ ਕੇ ਤੇ ਆਪਣੀ ਨਿਵੇਕਲੀ ਬੁਲੰਦ ਆਵਾਜ਼ ਵਿੱਚ ਗਾ ਕੇ ਬਿਰਹਾ ਦਾ ਸੁਲਤਾਨ ਕਹਾਇਆ। ਸ਼ਾਇਰੀ - ਸ਼ਿਵ ਕੋਲ਼ ਲੋਕਯਾਨ ਦੀ ਪ੍ਰੰਪਰਾ ਵਿੱਚੋਂ ਲਏ ਹੋਏ ਬਿੰਬਾਂ ਦੀ ਬਾਦਸ਼ਾਹੀ ਸੀ, ਜਜ਼ਬਾਤਾਂ ਦਾ ਤੂਫ਼ਾਨ ਸੀ ਜੋ ਕਵਿਤਾ ਵਿੱਚ ਤੇ ਉਸ ਦੀ ਸੁਰੀਲੀ ਬੁਲੰਦ ਆਵਾਜ਼ ਤੇ ਗਾਉਣ ਦੇ ਅੰਦਾਜ਼ ਵਿੱਚ ਢਲ਼ ਕੇ ਸਰੋਤਿਆਂ ਨੂੰ ਕੀਲ ਲੈਂਦਾ ਸੀ। ਉਸ ਦੀ ਤੁਲਨਾ ਮਿਰਜ਼ਾ ਗ਼ਾਲਬ ਤੇ ਕਵੀ ਕੀਟਸ ਨਾਲ਼ ਕੀਤੀ ਜਾਂਦੀ ਹੈ। ਸ਼ਿਵ ਦਾ ਪਹਿਲਾ ਕਾਵਿ-ਸੰਗ੍ਰਹਿ 'ਪੀੜਾਂ ਦਾ ਪਰਾਗਾ' ਸੰਨ 1960 ਵਿੱਚ ਛਪਿਆ ਤੇ ਇਸ ਨੂੰ ਪੰਜਾਬ ਦੇ ਭਾਸ਼ਾ ਵਿਭਾਗ ਦਾ ਇਨਾਮ ਪ੍ਰਾਪਤ ਹੋਇਆ। ਇਸ ਨੇ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਹਨੇਰੀ ਲੈ ਆਂਦੀ। ਚਾਰ-ਚੁਫੇਰੇ ਬੱਲੇ-ਬੱਲੇ ਹੋ ਗਈ। ਇਸ ਤੋਂ ਬਾਅਦ ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ, ਦਰਦਮੰਦਾਂ ਦੀਆਂ ਆਹੀਂ, ਕਾਵਿ-ਨਾਟ ਲੂਣਾ ਪੁਸਤਕਾਂ ਆਈਆਂ। ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਲੰਮੀ ਕਵਿਤਾ 'ਆਰਤੀ' ਛਪੀ ਜਿਸ ਦੀਆਂ ਸਤਰਾਂ ਹਨ -

**ਮੈਂ ਕਿਸ ਹੰਝੂ ਦਾ ਦੀਵਾ**
**ਬਾਲ਼ ਕੇ ਤੇਰੀ ਆਰਤੀ ਗਾਵਾਂ**
**ਜੋ ਕਰਨ ਲਈ ਭੇਟਾ**
**ਤੇਰੇ ਦੁਆਰ 'ਤੇ ਆਵਾਂ,**

ਮੇਰਾ ਕੋਈ ਗੀਤ ਨਹੀਂ ਐਸਾ ਜੋ ਤੇਰੇ ਮੇਚ ਆ ਜਾਵੇ।

ਸ਼ਿਵ ਨੇ ਪੰਜਾਬੀ ਸਭਿਆਚਾਰ ਦੇ ਅਲੋਪ ਹੋ ਰਹੇ ਠੇਠ ਸ਼ਬਦ, ਮੁਹਾਵਰੇ ਤੇ ਅਲੰਕਾਰਾਂ ਨੂੰ ਕਵਿਤਾ ਦਾ ਸ਼ਿੰਗਾਰ ਬਣਾਇਆ। ਕਵਿਤਾ ਵਿੱਚ ਪੰਜਾਬ ਦੀ ਮਿੱਟੀ ਦੀ ਖ਼ੁਸ਼ਬੋਅ ਹੈ। ਇਸ ਮਿੱਟੀ ਵਿੱਚ ਪੁੰਗਰਦੇ-ਮੌਲਦੇ ਦਰਖਤ, ਬੂਟੇ, ਫੁੱਲ, ਜੰਗਲੀ ਵੇਲਾਂ-ਬੂਟੀਆਂ ਉਸ ਦੀ ਕਵਿਤਾ ਦਾ ਸ਼ਿੰਗਾਰ ਹਨ। ਬਚਪਨ ਤੋਂ ਮਿਲੀ ਪੰਜਾਬੀਅਤ ਦੀ ਗੁੜ੍ਹਤੀ ਕਵਿਤਾ ਵਿੱਚ ਰੰਗ ਲਿਆਈ। ਸ਼ਿਵ ਦਾ ਕਾਵਿ-ਨਾਟਕ ਲੂਣਾ ਪੰਜਾਬ ਦੀ ਪੁਰਾਤਨ ਲੋਕ-ਗਾਥਾ ਪੂਰਨ ਭਗਤ ਨੂੰ ਨਵੇਂ ਸਮੇਂ ਦੇ ਸੰਦਰਭ ਵਿੱਚ ਪੇਸ਼ ਕਰਦਾ ਹੈ ਜੋ ਸਮਾਜ ਵਿੱਚ ਔਰਤ ਦੀ ਸਥਿਤੀ ਬਾਰੇ ਸੋਚ ਬਦਲਣ ਲਈ ਸ਼ਾਹਕਾਰ ਰਚਨਾ ਹੈ। ਇਸ ਨੂੰ ਸਾਹਿਤ ਅਕਾਦਮੀ ਦਿੱਲੀ ਦਾ ਇਨਾਮ ਮਿਲਿਆ ਜਦੋਂ ਸ਼ਿਵ ਕੇਵਲ 29 ਸਾਲ ਦਾ ਸੀ - ਇਸ ਇਨਾਮ ਦਾ ਸਭ ਤੋਂ ਛੋਟੀ ਉਮਰ ਦਾ ਜੇਤੂ। ਸ਼ਿਵ ਦੇ ਗੀਤ ਬੌਲੀਵੁੱਡ ਦੀ ਪ੍ਰਸਿੱਧ ਗਾਇੱਕ ਜੋੜੀ ਭੂਪਿੰਦਰ ਸਿੰਘ ਅਤੇ ਮਿਤਾਲੀ ਨੇ ਗਾਏ, ਜਗਜੀਤ ਸਿੰਘ, ਸੁਰਿੰਦਰ ਕੌਰ ਅਤੇ ਆਸਾ ਸਿੰਘ ਮਸਤਾਨਾ ਨੇ ਗਾਏ। ਸ਼ਿਵ ਨੇ ਨਵੇਂ ਤੇ ਤਾਜ਼ਾ ਅਲੰਕਾਰ ਤੇ ਬਿੰਬ ਕਵਿਤਾ ਵਿੱਚ ਨਗੀਨਿਆਂ ਵਾਂਗ ਜੜੇ ਹਨ ਜੋ ਸਤਰੰਗੀ ਪੀਂਘ ਵਾਂਗ ਦਿਸਦੇ ਹਨ, ਜਿਵੇਂ ਔਰਤ ਲਈ ਬੇ-ਜੀਭੀ ਗਾਂ, ਭਿੱਟ-ਅੰਗੀ, ਕੜਕ ਦਾਮਨੀ, ਅਗਨ-ਕਥੂਰੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਉਂ ਇਨ੍ਹਾਂ ਕਵਿਤਾਵਾਂ ਨੂੰ ਪੜ੍ਹਦਿਆਂ ਸੁਣਦਿਆਂ ਭਾਵਨਾਵਾਂ ਦਾ ਪ੍ਰਵਾਹ ਵਹਿ ਤੁਰਦਾ ਹੈ।



ਸ਼ਿਵ ਨਾਲ਼ ਨਿੱਜੀ ਜਾਣ-ਪਛਾਣ -ਸ਼ਿਵ ਨੂੰ ਪ੍ਰੇਰਣਾ ਦੇਣ ਅਤੇ ਮਸ਼ਹੂਰ ਕਰਨ ਵਿੱਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਵੀ ਯੋਗਦਾਨ ਹੈ। ਪ੍ਰੀਤ ਨਗਰ ਵਿੱਚ ਪ੍ਰੀਤ-ਮਿਲਣੀਆਂ ਹੁੰਦੀਆਂ ਰਹਿੰਦੀਆਂ ਸਨ ਜਿੱਥੇ ਪ੍ਰੇਮੀ ਹੁੰਮ-ਹੁੰਮਾ ਕੇ ਪਹੁੰਚਦੇ ਸਨ। ਮੈਂ ਸੰਨ 1958 ਦੀ ਪ੍ਰੀਤ-ਮਿਲਣੀ ਸਮੇਂ ਸ਼ਿਵ ਕੁਮਾਰ ਨੂੰ ਪਹਿਲੀ ਵਾਰ ਆਪਣੀ ਕਵਿਤਾ -ਮੈਂ ਕੰਡਿਆਲੀ ਥੋਹਰ ਵੇ ਸੱਜਣਾ- ਗਾਉਂਦਿਆਂ ਸੁਣਿਆਂ ਤੇ ਦੰਗ ਰਹਿ ਗਈ। ਭਰਵੀਂ ਪ੍ਰੀਤ-ਮਿਲਣੀ ਸੀ। ਮੇਰੇ ਪਤੀ ਪ੍ਰੋ. ਮਾਨ ਪਹਿਲਾਂ ਤੋਂ ਹੀ ਸ਼ਿਵ ਨੂੰ ਜਾਣਦੇ ਸਨ। ਇਤਫ਼ਾਕ ਇਹ ਬਣਿਆਂ ਕਿ ਬਟਾਲ਼ੇ ਤੋਂ ਪ੍ਰੋ. ਹਰਚਰਨ ਸਿੰਘ ਬਾਠ ਤੇ ਨਿਰੰਜਨ ਸਿੰਘ ਮਾਨ 1960 ਵਿੱਚ ਇਕੱਠੇ ਹੀ ਗੌਰਮਿੰਟ ਰਿਪੁਦਮਨ ਕਾਲਜ, ਨਾਭਾ ਵਿਖੇ ਪੰਜਾਬੀ ਦੇ ਲੈਕਚਰਾਰ ਨਿਯੁਕਤ ਹੋਏ ਸਨ। ਦੋਵੇਂ ਸ਼ਿਵ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਇਨ੍ਹਾਂ ਨੇ ਸਲਾਹ ਕੀਤੀ ਕਿ ਸ਼ਿਵ ਨੂੰ ਨਾਭੇ ਕਾਲਜ ਵਿੱਚ ਦਾਖਲ ਕਰਵਾ ਲਿਆ ਜਾਵੇ ਤਾਂ ਕਿ ਇਸ ਦੀ ਸ਼ਾਇਰੀ ਵਿੱਚ ਹੋਰ ਨਿਖਾਰ ਆਵੇ।ਸ਼ਿਵ ਉਦੋਂ 23-24 ਸਾਲ ਦਾ ਹੋਵੇਗਾ। ਪ੍ਰਿੰਸੀਪਲ ਡਾ. ਮੋਹਨ ਸਿੰਘ ਨੇ ਆਗਿਆ ਦੇ ਦਿੱਤੀ। ਸ਼ਿਵ 1962ਵਿੱਚ ਬਟਾਲ਼ੇ ਪਟਵਾਰੀ ਦੀ ਨੌਕਰੀ ਛੱਡ ਕੇ ਆ ਦਾਖਲ ਹੋਇਆ। ਪ੍ਰੋ. ਬਾਠ ਦੇ ਕੁਆਰਟਰ ਵਿੱਚਇੱਕ ਨਿਵੇਕਲੇ ਕਮਰੇ ਵਿੱਚ ਰਹਿਣ ਲੱਗ ਪਿਆ। ਪ੍ਰੋ. ਮਾਨ ਵਾਲ਼ਾ ਕੁਆਰਟਰ ਨਾਲ਼ ਲੱਗਦਾ ਸੀ। ਕਾਲਜ ਵਿੱਚ ਰੌਣਕਾਂ ਲੱਗਣ ਲੱਗ ਪਈਆਂ। ਵਿਦਿਆਰਥੀ ਮੁੰਡੇ ਕੁੜੀਆਂ ਵਿਹਲੇ ਪੀਰੀਅਡਾਂ ਵਿੱਚ ਸ਼ਿਵ ਨੂੰ ਘੇਰ ਲੈਂਦੇ ਅਤੇ ਕਾਲਜ ਦੀ ਰਮਣੀਕ ਫ਼ਿਜ਼ਾ ਵਿੱਚ ਅੰਬਾਂ ਦੇ ਦਰਖਤਾਂ ਹੇਠਾਂ ਮਹਿਫ਼ਲਾਂ ਸਜਣ ਲੱਗ ਪਈਆਂ। ਫੈਸਟੀਵਲਾਂ ਵਿੱਚ ਸ਼ਿਵ ਬੁਲੰਦ ਆਵਾਜ਼ ਵਿੱਚ ਗਾ ਕੇ ਸਟੇਜ 'ਤੇ ਛਾ ਜਾਂਦਾ। ਮੈਨੂੰ ਯਾਦ ਹੈ ਕਿ ਸ਼ਿਵ ਬੜੇ ਸਤਿਕਾਰ ਨਾਲ਼ ਮੈਨੂੰ ਮੱਥਾ ਟੇਕ ਕੇ ਭਾਬੀ ਜੀ ਕਹਿ ਕੇ ਮਿਲਦਾ ਸੀ। ਬੜਾ ਸਾਊ ਸੁਭਾਅ ਮਲੂਕੜਾ ਜਿਹਾ ਸੁਨੱਖਾ ਗੱਭਰੂ, ਹਰ ਕੋਈ ਇਸ ਨੂੰ ਚਾਅ ਨਾਲ਼ ਮਿਲਦਾ ਸੀ। ਇੱਕ ਦਿਨ ਪ੍ਰੋ. ਮਾਨ ਨਾਲ਼ ਗੱਲ ਕਰ ਰਿਹਾ ਸੀ ਕਿ ਮੈਂ ਪੂਰਨ ਭਗਤ ਦੇ ਕਿੱਸੇ ਵਿੱਚ ਲੂਣਾ ਦੇ ਕਿਰਦਾਰ ਨੂੰ ਸਮਾਜ ਦੀ ਸਤਾਈ ਹੋਈ, ਆਪਣੇ ਪਿਉ ਦੀ ਉਮਰ ਦੇ ਬੁੱਢੇ ਰਾਜੇ ਨਾਲ਼ ਜਬਰੀ ਵਿਆਹੀ ਜਾਣ ਵਾਲ਼ੀ ਔਰਤ ਵੱਜੋਂ ਨਵੇਂ ਸੰਦਰਭ ਵਿੱਚ ਪੇਸ਼ ਕਰਨਾ ਚਾਹੁੰਦਾ ਹਾਂ ਜਿਸ ਦੀਆਂ ਸੱਧਰਾਂ ਦਾ ਘਾਣ ਹੋਇਆ। ਲੂਣਾ ਘਟੀਆ ਔਰਤ ਨਹੀਂ ਸੀ, ਉਹ ਆਪਣੇ ਅਪਮਾਨ ਦਾ ਬਦਲਾ ਲੈਣ 'ਤੇ ਉਤਰ ਆਈ ਸੀ। ਉਨ੍ਹਾਂ ਨੇ ਕਿਹਾ ਕਿ ਬਹੁਤ ਵਧੀਆ ਖਿਆਲ ਹੈ। ਸ਼ਿਵ ਕੁਮਾਰ ਕੁੱਝ ਦਿਨਾਂ ਬਾਅਦ ਹੀ ਪੜ੍ਹਾਈ ਵਿੱਚੇ ਛੱਡ ਕੇ ਬਿਨਾ ਕਿਸੇ ਨੂੰ ਦੱਸੇ ਨਾਭੇ ਤੋਂ ਚਲਾ ਗਿਆ। ਸਾਰੇ ਲਭਦੇ ਰਹੇ ਪਰ ਕਿਸੇ ਨੂੰ ਪਤਾ ਨਾ ਲੱਗਿਆ। ਇਹ ਸੰਨ 1963, ਜਨਵਰੀ-ਫ਼ਰਵਰੀ ਦੀ ਗੱਲ ਹੈ। ਕਾਫ਼ੀ ਸਮੇਂ ਬਾਅਦ ਪਤਾ ਲੱਗਿਆ ਕਿ ਸ਼ਿਵ ਨੂੰ ਲੂਣਾ ਕਾਵਿ-ਨਾਟ ਲਿਖਣ 'ਤੇ ਪੰਜਾਬੀ ਸਾਹਿਤ ਅਕਾਦਮੀ ਦਾ ਐਵਾਰਡ ਮਿਲਿਆ ਹੈ। ਸਭ ਹੈਰਾਨ ਵੀ ਹੋਏ ਤੇ ਖ਼ੁਸ਼ ਵੀ।ਅਗਲੇ ਹੀ ਸਾਲ ਸ਼ਿਵ ਦਾ ਸਨਮਾਨ ਕਰਨ ਲਈ ਰਿਪੁਦਮਨ ਕਾਲਜ ਵਿੱਚ ਸੱਦਿਆ ਗਿਆ। ਇਨ੍ਹਾਂ ਸਾਲਾਂ ਦਰਮਿਆਨ ਇੱਕ ਧਾਰਮਿਕ ਬਿਰਤੀ ਵਾਲ਼ਾ ਨਵਾਂ ਪ੍ਰਿੰਸੀਪਲ ਆ ਗਿਆ ਸੀ। ਉਸ ਦੀ ਆਮਦ ਨਾਲ਼ ਕਾਲਜ ਦੀਆਂ ਰੰਗੀਨ ਮਹਿਫ਼ਿਲਾਂ ਵਿੱਚ ਵੀ ਫ਼ਰਕ ਪੈ ਗਿਆ। ਸ਼ਿਵ ਆਪਣੇ ਪੁਰਾਣੇ ਸਾਥੀਆਂ ਨੂੰ ਨਾ ਦੇਖ ਕੇ ਅਤੇ ਬਦਲੇ ਹੋਏ ਮਾਹੌਲ ਨੂ ਦੇਖ ਕੇ ਸਟੇਜ 'ਤੇ ਗਾਉਂਦਾ ਹੋਇਆ ਰੋ ਪਿਆ ਸੀ।

ਸ਼ਿਵ ਕੁਮਾਰ ਨੂੰ ਸ਼ਰਾਬ ਪੀਣ ਦੀ ਚੰਦਰੀ ਆਦਤ ਸੀ । ਸੰਨ 1973 ਦੀ 6-7 ਮਈ ਦੀ ਰਾਤ ਨੂੰ ਪੰਜਾਬ ਦਾ ਇਹ ਸਪੁੱਤਰ ਤੇ ਪੰਜਾਬੀ ਦਾ ਅਲਬੇਲਾ ਸ਼ਾਇਰ ਭਰ ਜੋਬਨ ਰੁੱਤੇ ਸਦਾ ਲਈ ਵਿਛੋੜਾ ਦੇ ਗਿਆ। ਉਹ ਪੰਜਾਬੀ ਸਾਹਿਤ ਦੇ ਗਗਨ ਵਿੱਚ ਤਾਰਾ ਬਣ ਗਿਆ। ਆਪਣੇ ਪਿੱਛੇ ਪਤਨੀ ਅਰੁਣਾ ਜੀ, ਬੇਟਾ ਮਿਹਰਬਾਨ ਅਤੇ ਧੀ ਪੂਜਾ ਸਮੇਤ ਕਵਿਤਾ ਦਾ ਮਹਾਨ ਵਿਰਸਾ ਛੱਡ ਗਿਆ।

# ਸਿੱਖਾਂ ਨੇ ਕਿਰਤ ਦੇ ਸਿਧਾਂਤ ਨੂੰ ਪਹਿਲ ਦਿੱਤੀ, ਉਹ ਕਦੇ ਮੁਫ਼ਤਖੋਰੇ ਨਹੀਂ ਬਣੇ: ਜਥੇਦਾਰ




ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਗਤ ਨੂੰ ਕੌਮੀ ਹਿੱਤਾਂ ਲਈ ਕਾਰਜ ਕਰਨ, ਪੰਥ ਤੇ ਪੰਜਾਬ ਨਾਲ ਜੁੜੇ ਰਹਿਣ, ਨਵੀਂ ਪੀੜ੍ਹੀ ਨੂੰ ਸਿੱਖੀ ਤੇ ਮਾਂ-ਬੋਲੀ ਗੁਰਮੁਖੀ ਪੰਜਾਬੀ ਨਾਲ ਜੋੜਣ ਅਤੇ ਕੇਂਦਰੀ ਸਿੱਖ ਸੰਸਥਾਵਾਂ ਨੂੰ ਮਜ਼ਬੂਤ ਕਰਨ ਦੀ ਪ੍ਰੇਰਿਤ ਕੀਤਾ। ਉਹ ਹਾਂਗ ਕਾਂਗ ਦੌਰੇ ਤੇ ਹਨ, ਜਿਥੇ ਗੁਰਦੁਆਰਾ ਖ਼ਾਲਸਾ ਦੀਵਾਨ ਹਾਂਗ ਕਾਂਗ ਵੱਲੋਂ ਅਕਾਲ ਤਖ਼ਤ ਦੇ ਸਿਰਜਣਾ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਗੁਰਦੁਆਰਾ ਖ਼ਾਲਸਾ ਦੀਵਾਨ ਹਾਂਗ ਕਾਂਗ ਦੇ ਗ੍ਰੰਥੀ ਸਿੰਘ ਰਹੇ ਗਿਆਨੀ ਨੰਦ ਸਿੰਘ, ਜੋ ਵਿਸ਼ਵ ਯੁੱਧ ਸਮੇਂ ਗੁਰੂ ਘਰ ਵਿੱਚ ਸੇਵਾ ਕਰਦਿਆਂ ਸ਼ਹੀਦ ਹੋਏ ਸਨ, ਉਨ੍ਹਾਂ ਨੂੰ ਵੀ ਯਾਦ ਕੀਤਾ ਗਿਆ। ਸਮਾਗਮ ਮੌਕੇ ਜਥੇਦਾਰ ਨੇ ਦੇਸ਼ ਵਿਦੇਸ਼ ਵਿੱਚ ਵੱਸਦੀ ਸਿੱਖ ਕੌਮ ਦੀ ਚੜ੍ਹਦੀ ਕਲਾ ਅਤੇ ਇਕਜੁੱਟਤਾ ਲਈ ਅਰਦਾਸ ਕੀਤੀ।ਉਨ੍ਹਾਂ ਕਿਹਾ ਕਿ ਸਿੱਖਾਂ ਨੇ ਹਮੇਸ਼ਾ ਗੁਰੂ ਨਾਨਕ ਦੇਵ ਵੱਲੋਂ ਬਖ਼ਸ਼ੇ ਕਿਰਤ ਦੇ ਸਿਧਾਂਤ ਨੂੰ ਪਹਿਲ ਦਿੱਤੀ ਹੈ ਅਤੇ ਸਿੱਖ ਕਦੇ ਵੀ ਮੁਫ਼ਤਖੋਰ ਨਹੀਂ ਬਣੇ। ਉਨ੍ਹਾਂ ਸੰਗਤ ਨੂੰ ਪੰਜਾਬ ਅੰਦਰ ਆਪਣੀਆਂ ਮੂਲ ਜ਼ਮੀਨਾਂ ਨਾ ਵੇਚਣ ਦੀ ਵੀ ਤਾਕੀਦ ਕੀਤੀ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਆਪਸ ਵਿੱਚ ਪਾੜਣ ਅਤੇ ਲੜਾਉਣ ਦੀਆਂ ਕੀਤੀਆਂ ਜਾ ਰਹੀਆਂ ਸਾਜ਼ਿਸ਼ਾਂ ਤੋਂ ਵੀ ਸੁਚੇਤ ਰਹਿਣ ਦੀ ਲੋੜ ਹੈ।ਹਾਂਗਕਾਂਗ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਪੰਜਾਬ ਸਰਕਾਰ ਦੇ ਨਵੇਂ ਕਾਨੂੰਨ ਦੇ ਡਰ ਤੋਂ ਉਨ੍ਹਾਂ ਨੂੰ ਗੁਰਬਾਣੀ ਦੇ ਬਿਰਧ ਗੁਟਕਾ ਸਾਹਿਬ ਅਤੇ ਪੋਥੀਆਂ ਨੂੰ ਸਸਕਾਰ ਲਈ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਭੇਜਣ ਵਿੱਚ ਪ੍ਰੇਸ਼ਾਨੀ ਆ ਰਹੀ ਹੈ। ਪਹਿਲਾਂ ਉਹ ਰਾਗੀ ਸਿੰਘਾਂ ਦੇ ਜਥਿਆਂ ਰਾਹੀਂ ਸਸਕਾਰ ਲਈ ਬਿਰਧ ਗੁਟਕਾ ਸਾਹਿਬ ਤੇ ਪੋਥੀਆਂ ਭਾਰਤ ਭੇਜਦੇ ਸਨ ਪਰੰਤੂ ਹੁਣ ਸਰਕਾਰ ਦੇ ਕਾਨੂੰਨ ਦੇ ਕਾਰਨ ਰਾਗੀ ਜਥੇ ਡਰ ਰਹੇ ਹਨ। ਜਥੇਦਾਰ ਨੇ ਹਾਂਗ ਕਾਂਗ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਿਨਾਂ ਕਿਸੇ ਡਰ ਭੈਅ ਦੇ ਗੁਰਬਾਣੀ ਦੇ ਬਿਰਧ ਗੁਟਕਾ ਸਾਹਿਬ ਤੇ ਪੋਥੀਆਂ ਦਾ ਰਿਕਾਰਡ ਮੁਕੰਮਲ ਤਿਆਰ ਕਰਕੇ ਇਸ ਦੀ ਜਾਣਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪਹਿਲਾਂ ਭੇਜ ਕੇ ਇਹ ਕਾਰਜ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ ਆਪਣੀ ਖੁਦ ਦੀ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ। ਉਨ੍ਹਾਂ ਹਾਂਗ ਕਾਂਗ ਗੁਰਦੁਆਰਾ ਖ਼ਾਲਸਾ ਦੀਵਾਨ ਨੂੰ ਅੱਠਵੀਂ ਤੱਕ ਦੇ ਬੱਚਿਆਂ ਲਈ ਗੁਰੂ ਘਰ ਵਿਖੇ ਵਿਸ਼ੇਸ਼ ਪੰਜਾਬੀ ਸਕੂਲ ਸ਼ੁਰੂ ਕਰਨ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਸਿੱਖ ਬੱਚੀ ਦਾ ਵਿਆਹ ਸਿੱਖ ਦੇ ਘਰ ਹੀ ਹੋਣਾ ਚਾਹੀਦਾ ਹੈ। ਇਸ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੰਘ ਸਾਹਿਬ ਦੇ ਕੋਲ ਵਿਦੇਸ਼ ਵਿੱਚ ਪਾਵਨ ਸਰੂਪ ਲਿਆਉਣ ਸਬੰਧੀ ਆਉਂਦੀਆਂ ਮੁਸ਼ਕਲਾਂ ਵੀ ਰੱਖੀਆਂ ਜਿਨ੍ਹਾਂ ਸਬੰਧੀ ਜਥੇਦਾਰ ਗੜਗੱਜ ਨੇ ਸੰਗਤ ਨੂੰ ਭਰੋਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਪੰਥ ਨਾਲ ਵਿਚਾਰ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਵਿਦੇਸ਼ਾਂ ਵਿੱਚ ਮਰਯਾਦਾ ਅਨੁਸਾਰ ਭੇਜਣ ਲਈ ਪ੍ਰਣਾਲੀ ਹੋਰ ਸੁਖਾਲੀ ਕਰਨ ਲਈ ਕਾਰਜ ਕੀਤਾ ਜਾਵੇਗਾ। ਭਾਰਤ ਦੀ ਆਜ਼ਾਦੀ ਵਿੱਚ ਖ਼ਾਲਸਾ ਦੀਵਾਨ ਹਾਂਗਕਾਂਗ ਦਾ ਅਹਿਮ ਯੋਗਦਾਨ - ਸੰਗਤ ਨੂੰ ਜਥੇਦਾਰ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਵਿੱਚ ਖ਼ਾਲਸਾ ਦੀਵਾਨ ਹਾਂਗਕਾਂਗ ਦਾ ਅਹਿਮ ਯੋਗਦਾਨ ਹੈ। ਸਿੱਖਾਂ ਨੇ ਸੰਨ 1901 ਵਿੱਚ ਇੱਥੇ ਸ੍ਰੀ ਗੁਰੂ ਸਿੰਘ ਸਭਾ ਸਥਾਪਤ ਕੀਤੀ, ਇਸ ਧਰਤੀ ਉੱਤੇ ਗੁਰੂ ਨਾਨਕ ਜਹਾਜ਼ (ਕਾਮਾਗਾਟਾ ਮਾਰੂ) ਵਾਲੇ ਬਾਬਾ ਗੁਰਦਿੱਤ ਸਿੰਘ ਅਤੇ ਸ਼ਹੀਦ ਭਾਈ ਕਰਤਾਰ ਸਿੰਘ ਸਰਾਭਾ ਜਿਹੇ ਗ਼ਦਰੀ ਬਾਬੇ ਕਾਰਜਸ਼ੀਲ ਰਹੇ ਅਤੇ ਸੰਨ 1903 ਵਿੱਚ 33ਵੀਂ ਬਰਮਾ ਇਨਫੈਨਟਰੀ ਦੇ ਸਿੱਖ ਫ਼ੌਜੀ ਵੀ ਇੱਥੇ ਆਏ, ਜਿਨ੍ਹਾਂ ਨੇ ਗੁਰੂ ਘਰ ਵਾਲੀ ਥਾਂ ਉੱਤੇ ਮਿੱਠੇ ਜਲ ਦਾ ਖੂਹ ਤਿਆਰ ਕੀਤਾ, ਜੋ ਅੱਜ ਵੀ ਚਾਲੂ ਤੇ ਮੌਜੂਦ ਹੈ।









# ਵੱਟਸਅੱਪ ਦੇ 'ਯੂਜ਼ਰਨੇਮ ਫੀਚਰ' ਸੰਬੰਧੀ ਸਰਕਾਰ ਦੀ ਚਿੰਤਾ ਜਾਇਜ਼



ਪ੍ਰੋ. ਕੁਲਬੀਰ ਸਿੰਘ
ਸੀਨੀਅਰ ਕਾਲਮਨਵੀਸ ਤੇ ਮੀਡੀਆ ਆਲੋਚਕ

ਸਰਕਾਰ ਦੇ ਯਤਨਾਂ ਸਦਕਾ ਨੰਬਰ ਨਾਲ ਫ਼ੋਨ ਕਰਨ ਵਾਲੇ ਦਾ ਨਾਂ ਵੀ ਸਕਰੀਨ 'ਤੇ ਆਉਣਾ ਲੱਗਾ ਤਾਂ ਲੋਕਾਂ ਨੇ ਵੱਡੀ ਰਾਹਤ ਮਹਿਸੂਸ ਕੀਤੀ ਸੀ। ਪਰ ਹੁਣ ਇੱਕ ਕੰਪਨੀ ਪੁੱਠਾ ਗੇੜਾ ਦੇਣ ਵੱਲ ਵਧ ਰਹੀ ਹੈ।

ਵਿਵਾਦਿਤ ਯੂਜਰਨੇਮ ਫੀਚਰ@ ਸੰਬੰਧੀ ਕੰਪਨੀ ਦਾ ਕਹਿਣਾ ਹੈ ਕਿ ਸਰਕਾਰ ਨਾਲ ਗੱਲਬਾਤ ਮੁਕੰਮਲ ਹੋਣ ਤੱਕ ਇਸ ਫੀਚਰ ਨੂੰ ਭਾਰਤ ਵਿੱਚ ਲਾਗੂ ਨਹੀਂ ਕੀਤਾ ਜਾਵੇਗਾ।

ਇਸ ਫੀਚਰ ਤਹਿਤ ਵਰਤੋਂਕਾਰਾਂ ਨੂੰ ਆਪਣਾ ਨੰਬਰ ਸਾਂਝਾ ਕੀਤੇ ਬਗੈਰ ਇਕ ਦੂਸਰੇ ਨਾਲ ਗੱਲਬਾਤ ਕਰਨ ਦੀ ਸਹੂਲਤ ਮਿਲਦੀ ਹੈ।

ਕੇਂਦਰ ਸਰਕਾਰ ਨੂੰ ਤੌਖਲਾ ਹੈ ਕਿ ਇਸ ਨਾਲ ਆਨਲਾਈਨ ਧੋਖਾਧੜੀ, ਫਿਸ਼ਿੰਗ, ਡਿਜ਼ੀਟਲ ਅਰੈੱਸਟ ਸਕੈਮ ਅਤੇ ਨਕਲੀ ਪਛਾਣ ਦੇ ਮਾਮਲਿਆਂ ਵਿੱਚ ਵੱਡਾ ਵਾਧਾ ਹੋਵੇਗਾ।

ਇਸ ਲਈ ਸਰਕਾਰ ਵੱਲੋਂ ਕੰਪਨੀ ਨੂੰ ਨੋਟਿਸ ਭੇਜਿਆ ਗਿਆ ਸੀ। ਨੋਟਿਸ ਮਿਲਣ ਬਾਅਦ ਕੰਪਨੀ ਦੀ ਟੀਮ ਨੇ ਸੂਚਨਾ ਤਕਨੀਕ (ਆਈ ਟੀ) ਮੰਤਰੀ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਉਪਰੰਤ ਕੰਪਨੀ ਨੂੰ ਜਵਾਬ ਦੇਣ ਲਈ ਤਿੰਨ ਦਿਨ ਦਾ ਹੋਰ ਸਮਾਂ ਦੇ ਦਿੱਤਾ ਗਿਆ। ਹੁਣ ਉਹ ਸਮਾਂ ਵੀ ਲੰਘ ਗਿਆ ਹੈ।

ਨੋਟਿਸ ਦੁਆਰਾ ਸਰਕਾਰ ਵੱਲੋਂ ਕੰਪਨੀ ਨੂੰ ਪੁੱਛਿਆ ਗਿਆ ਸੀ ਕਿ ਵੱਟਸਅੱਪ ਦੇ ਨਵੇਂ ਫੀਚਰ ਨਾਲ ਸਾਈਬਜਰ ਅਪਰਾਧ ਵੱਧ ਸਕਦੇ ਹਨ। ਇਸ ਲਈ ਕਿਉਂ ਨਾ ਆਈ ਟੀ ਐਕਟ ਤਹਿਤ ਕੰਪਨੀ 'ਤੇ ਕਾਰਵਾਈ ਕੀਤੀ ਜਾਵੇ ?

ਸਰਕਾਰ ਨੇ ਇਹ ਵੀ ਕੰਪਨੀ ਦੇ ਧਿਆਨ ਵਿੱਚ ਲਿਆਂਦਾ ਕਿ ਵੱਟਸਅੱਪ, ਆਈ ਟੀ ਐਕਟ ਅਤੇ ਹੋਰ ਨਿਯਮਾਂ ਨਾਲ ਬੱਝਾ ਹੋਇਆ ਹੈ। ਇਸ ਲਈ ਇਹ ਮਨਮਰਜ਼ੀ ਨਹੀਂ ਕਰ ਸਕਦਾ। ਸਰਕਾਰ ਨੇ ਇਸ ਫੀਚਰ 'ਤੇ ਰੋਕ ਲਗਾਉਣ ਲਈ ਕਿਹਾ ਸੀ।

ਸਰਕਾਰ ਨੂੰ ਡਰ ਹੈ ਕਿ ਨੰਬਰ ਛੁਪਾਉਣ ਦੀ ਇਸ ਸਹੂਲਤ ਦਾ ਲਾਭ ਲੈਂਦਿਆਂ ਧੋਖੇਬਾਜ਼ ਲੋਕ.......ਕਈ ਤਰ੍ਹਾਂ ਦੀ ਧੋਖਾਧੜੀ ਕਰ ਸਕਦੇ ਹਨ।

ਕੰਪਨੀ ਨੇ ਇਹ ਫੀਚਰ 30 ਜੂਨ ਨੂੰ ਪੂਰੇ ਵਿਸ਼ਵ ਵਿੱਚ ਸ਼ੁਰੂ ਕੀਤਾ ਹੈ।

ਭਾਵੇਂ ਇਸਦੀ ਵਰਤੋਂ ਕਰਨ ਦੀ 'ਯੂਜ਼ਰ' ਦੀ ਆਪਣੀ ਚੋਣ ਦੱਸਿਆ ਗਿਆ ਹੈ। ਪਰ ਸਪੱਸ਼ਟ ਹੈ ਕਿ ਗਲਤ ਲੋਕ ਇਸਦਾ ਉਪਯੋਗ ਜ਼ਰੂਰ ਕਰਨਗੇ। ਪਹਿਚਾਣ ਦੀ ਚੋਰੀ ਅਤੇ ਪਹਿਚਾਣ ਲੁਕਾਉਣ ਵਾਲਿਆਂ ਲਈ ਇਹ ਇਕ ਸ਼ਾਨਦਾਰ 'ਪ੍ਰਾਈਵੇਸੀ ਟੂਲ' ਹੋਵੇਗਾ।

ਸੁਰੱਖਿਆ ਏਜੰਸੀਆਂ ਦੀ ਸੱਭ ਤੋਂ ਵੱਡੀ ਚਿੰਤਾ ਇਹ ਹੈ ਕਿ ਜੇਕਰ ਇਸ ਫੀਚਰ ਦੀ ਸਹੂਲਤ ਭਾਰਤ ਵਿੱਚ ਦਿੱਤੀ ਜਾਦੀ ਹੈ ਤਾਂ ਅਪਰਾਧੀਆਂ ਨੂੰ 'ਟਰੈਕ' ਕਰਨ ਵਿੱਚ ਮੁਸ਼ਕਲ ਪੇਸ਼ ਆਵੇਗੀ।

ਓਧਰ ਕੰਪਨੀ (ਮੇਟਾ) ਦਾ ਕਹਿਣਾ ਹੈ ਕਿ ਉਹ ਸੁਰੱਖਿਆ ਦੇ ਸੰਬੰਧ ਵਿੱਚ ਪੂਰੀ ਤਰ੍ਹਾਂ ਪ੍ਰਤੀਬੱਧ ਹੈ।

ਮੇਟਾ, ਮਾਰਕ ਜ਼ੁਕਰਬਰਗ ਦੁਆਰਾ ਚਲਾਈ ਜਾ ਰਹੀ ਅਮਰੀਕਾ ਦੀ ਚਰਚਿਤ ਕੰਪਨੀ ਦਾ ਨਾਂ ਹੈ ਜਿਸਨੂੰ ਦੁਨੀਆਂ ਫੇਸਬੁਕ ਵਜੋਂ ਜਾਣਦੀ ਹੈ।

ਫੇਸਬੁਕ, ਵੱਟਸਅੱਪ, ਇੰਸਟਾਗ੍ਰਾਮ ਅਤੇ ਮੈਸੇਂਜਰ, ਮੇਟਾ ਕੰਪਨੀ ਦੁਆਰਾ ਸੰਚਾਲਿਤ ਕੀਤੇ ਜਾ ਰਹੇ ਹਨ।

ਮੇਟਾ ਦਾ ਸ਼ਬਦੀ-ਅਰਥ 'ਉੱਚ-ਪੱਧਰ 'ਤੇ' ਜਾਂ 'ਬ੍ਰਹਿਮੰਡ ਤੋਂ ਪਰੇ' ਹੈ। ਮੇਟਾ ਦੀ ਸ਼ੁਰੂਆਤ ਵੇਲੇ ਇਸਦਾ ਮੁੱਖ ਮਨੋਰਥ ਇੰਟਰਨੈੱਟ 'ਤੇ ਇਕ ਅਜਿਹੇ ਸੰਸਾਰ ਦਾ ਨਿਰਮਾਣ ਕਰਨਾ ਮਿਥਿਆ ਗਿਆ ਸੀ ਜਿਹੜਾ ਅਸਲ ਨਾ ਹੋਵੇ, ਪਰ ਅਸਲ ਵਰਗਾ ਹੋਵੇ। ਇਸਨੂੰ 'ਮੇਟਾਵਰਸ' ਕਿਹਾ ਜਾਂਦਾ ਹੈ। ਕੰਪਨੀ ਅਜਿਹਾ ਲੋਕਾਂ ਦੀ ਪਹਿਚਾਣ ਲੁਕਾ ਕੇ ਕਰਨਾ ਚਾਹੁੰਦੀ ਹੈ। 'ਯੂਜਰਨੇਮ ਫੀਚਰ' ਇਸੇ ਦਿਸ਼ਾ ਵੱਲ ਇਕ ਕਦਮ ਹੈ।




ਕੰਪਨੀ ਏ ਆਈ ਅਤੇ ਮੇਟਾਵਰਸ ਤਕਨੀਕਾਂ ਦੇ ਖੇਤਰ ਵਿੱਚ ਵਿਕਾਸ ਲਈ ਲਗਾਤਾਰ ਯਤਨਸ਼ੀਲ ਹੈ।

ਮੇਟਾ ਦੇ ਸੋਸ਼ਲ ਮੰਚਾਂ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਅਰਬਾਂ ਵਿੱਚ ਹੈ। ਉਨ੍ਹਾਂ ਦੇ ਡੇਟਾ ਦੇ ਆਧਾਰ 'ਤੇ ਕਾਰੋਬਾਰੀ ਜਗਤ ਇਸ਼ਤਿਹਾਰ ਤਿਆਰ ਕਰਦਾ ਹੈ। ਬਦਲੇ ਵਿੱਚ ਵਰਤੋਂਕਾਰਾਂ ਨੂੰ ਆਪਸ ਵਿੱਚ ਜੁੜਨ, ਤਸਵੀਰਾਂ- ਵੀਡੀਓ ਸ਼ੇਅਰ ਕਰਨ, ਸੰਦੇਸ਼-ਸੁਨੇਹੇ ਭੇਜਣ ਦਾ ਲਾਲਚ ਦਿੱਤਾ ਗਿਆ ਹੈ। ਸਪੱਸ਼ਟ ਹੈ ਲੋਕਾਂ ਦਾ ਡੇਟਾ ਸੁਰੱਖਿਅਤ ਨਹੀਂ ਹੈ।'ਯੂਜਰਨੇਮ ਫੀਚਰ' ਵਿਵਾਦ ਸੰਬੰਧੀ ਸਰਕਾਰ ਅਤੇ ਵੱਟਸਅੱਪ ਆਹਮੋ-ਸਾਹਮਣੇ ਹਨ। ਸਰਕਾਰ ਦੀ ਚਿੰਤਾ ਜਾਇਜ਼ ਹੈ ਅਤੇ ਉਹ ਸਹੀ ਦਿਸ਼ਾ ਵਿੱਚ ਅੱਗੇ ਵਧ ਰਹੀ ਹੈ।

ਸਾਲ 2026 ਦੌਰਾਨ ਸਾਈਬਰ ਅਪਰਾਧ ਇਕ ਗੰਭੀਰ ਸਮੱਸਿਆ ਬਣ ਗਿਆ ਹੈ। ਇਸ ਨਾਲ ਦੁਨੀਆਂ ਵਿੱਚ 880 ਲੱਖ ਕਰੋੜ ਦੇ ਆਰਥਿਕ ਨੁਕਸਾਨ ਦਾ ਅਨੁਮਾਨ ਹੈ। ਆਕਸਫੋਰਡ ਯੂਨੀਵਰਸਿਟੀ ਵੱਲੋਂ ਜਾਰੀ ਸਾਈਬਰ ਅਪਰਾਧ ਅੰਕੜਿਆਂ ਦਾ ਅਨੁਸਾਰ ਰੂਸ, ਯੂਕਰੇਨ, ਚੀਨ, ਅਮਰੀਕਾ, ਨਾਈਜੀਰੀਆ, ਇਜ਼ਰਾਈਲ, ਭਾਰਤ ਜਿਹੇ ਮੁਲਕਾਂ ਦੀ ਸਥਿਤੀ ਵਧੇਰੇ ਖਰਾਬ ਹੈ।


















# ਨਿਰੰਤਰ ਨਿਘਾਰ ਦਾ ਮੁਜ਼ਾਹਰਾ ਕਰ ਰਹੀ ਹੈ ਭਾਰਤੀ ਸੰਸਦ ਪ੍ਰਣਾਲੀ

**ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ,**
ਮੋਬਾ: 97816-46008

**ਦੇਸ਼ ਦੀ ਰੀੜ੍ਹ ਦੀ ਹੱਡੀ ਕਹੇ ਜਾਂਦੇ ਭਾਰਤੀ ਕਿਸਾਨਾਂ ਸੰਬੰਧੀ ਤਿੰਨ ਕਾਲੇ ਕਾਨੂੰਨ ਬਿਨਾ ਕਿਸੇ ਚਰਚਾ ਦੇ ਪਾਸ ਕਰਕੇ ਲਾਗੂ ਕਰ ਦਿੱਤੇ ਗਏ ਪਰ ਕਿਸਾਨਾਂ ਵੱਲੋਂ ਡੇਢ ਸਾਲ ਤੋਂ ਵੀ ਵੱਧ ਸਮੇਂ ਤੱਕ ਕੀਤੇ ਕਰੜੇ ਸੰਘਰਸ਼ ਅਤੇ ਸੈਂਕੜੇ ਸ਼ਹੀਦੀਆਂ ਤੋਂ ਬਾਅਦ ਇਹ ਕਾਲੇ ਕਾਨੂੰਨ ਵਾਪਿਸ ਲੈ ਲਏ ਗਏ।**

ਇਹ ਬਹੁਤ ਹੀ ਮਹੱਤਵਪੂਰਨ ਤੱਥ ਹੈ ਕਿ ਦੁਨੀਆਂ ਭਰ ਵਿਚ ਦੋ ਪ੍ਰਕਾਰ ਦੀ ਸੰਸਦੀ ਪ੍ਰਣਾਲੀ ਚੱਲਦੀ ਹੈ। ਦੁਨੀਆਂ ਦੇ ਸੰਸਦੀ ਢਾਂਚੇ ਵਾਲੇ 188 ਮੁਲਕਾਂ ਵਿੱਚੋਂ 81 ਮੁਲਕਾਂ ਵਿਚ ਦੋ ਸੰਸਦ ਸਦਨ ਹਨ ਜਦੋਂ ਕਿ 107 ਮੁਲਕਾਂ ਵਿਚ ਇਕ ਸਦਨ ਵਾਲੀ ਸੰਸਦੀ ਪ੍ਰਣਾਲੀ ਚੱਲਦੀ ਹੈ। ਇਨ੍ਹਾ ਮੁਲਕਾਂ ਵਿਚ ਕੁੱਲ ਮਿਲਾ ਕੇ 260 ਸੰਸਦੀ ਸਦਨ ਚੱਲਦੇ ਹਨ ਜਿਨ੍ਹਾ ਵਿਚ 46,500 ਦੇ ਕਰੀਬ ਸੰਸਦ ਮੈਂਬਰ ਕੰਮ ਕਰਦੇ ਹਨ। ਸਭ ਤੋਂ ਵੱਡੀ ਸੰਸਦ ਚੀਨ ਦੀ ਹੈ ਜਿਸਦੇ ਤਿੰਨ ਹਜ਼ਾਰ ਦੇ ਕਰੀਬ ਮੈਂਬਰ ਹਨ ਜਦੋਂ ਕਿ ਸਭ ਤੋਂ ਛੋਟੀ ਸੰਸਦ 'ਫੈਡਰੇਟਡ ਸਟੇਟ ਆਫ਼ ਮਾਈਕ੍ਰੋਨੇਸ਼ੀਆ' ਦੀ ਹੈ ਜਿਸਦੇ ਕੇਵਲ 14 ਹੀ ਸੰਸਦ ਮੈਂਬਰ ਹਨ। ਦੁਨੀਆਂ ਭਰ ਦੇ ਸੰਸਦ ਮੈਂਬਰਾਂ ਵਿੱਚੋਂ 27 ਫ਼ੀਸਦੀ ਤੋਂ ਵੱਧ ਔਰਤਾਂ ਹਨ। ਜ਼ਿਕਰਯੋਗ ਹੈ ਕਿ ਸੰਸਾਰ ਦੀ ਪਹਿਲੀ ਪਾਰਲੀਮੈਂਟ ਸੰਨ 930 (10ਵੀਂ ਸਦੀ) ਵਿਚ ਆਈਸਲੈਂਡ ਵਿਖੇ ਕਾਇਮ ਕੀਤੀ ਗਈ ਸੀ। ਸੰਨ 1832 ਵਿਚ ਬਰਤਾਨੀਆ ਨੇ 'ਸੋਧ ਬਿੱਲ' ਪੇਸ਼ ਕਰਕੇ ਉੱਚ-ਪੱਧਰੀ ਸੰਸਦੀ ਪ੍ਰਣਾਲੀ ਸਥਾਪਿਤ ਕਰਨ ਦਾ ਪਹਿਲ ਕੀਤੀ ਸੀ ਤੇ ਸੰਨ 1889 ਵਿਚ 'ਇੰਟਰ-ਪਾਰਲੀਮੈਂਟਰੀ ਯੂਨੀਅਨ' ਕਾਇਮ ਹੋਣ ਪਿੱਛੋਂ ਸੰਸਾਰ ਭਰ ਵਿਚ ਸੰਸਦੀ ਪ੍ਰਣਾਲੀ ਸਥਾਪਿਤ ਹੋਣ ਦਾ ਸ਼ੁਭ-ਅਰੰਭ ਹੋ ਗਿਆ ਸੀ। ਦਿਲਚਸਪ ਤੱਥ ਇਹ ਵੀ ਹੈ ਕਿ ਯੂਨਾਨ ਦੇ ਏਥਨਜ਼ ਵਾਸੀ ਕਾਨੂੰਨਦਾਨ ਕਲੈਸਥਨੀਜ਼ ਨੂੰ ਸੰਸਦੀ ਲੋਕਤੰਤਰ ਦਾ ਪਿਤਾਮਾ ਮੰਨਿਆ ਜਾਂਦਾ ਹੈ ਕਿਉਂਕਿ ਉਸਨੇ 508 ਈਸਾਪੂਰਵ ਵਿਚ ਏਥਨਜ਼ ਦੇ ਸੰਵਿਧਾਨ ਵਿਚ ਮਹੱਤਵਪੂਰਨ ਸੁਧਾਰ ਕਰਦਿਆਂ ਹੋਇਆਂ ਮੁਲਕ ਵਿਚ ਲੋਕਤੰਤਰ ਦਾ ਦਾਖ਼ਲਾ ਕਰਵਾਇਆ ਸੀ।

ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਹੋਣ 'ਤੇ ਫ਼ਖ਼ਰ ਕਰਨ ਵਾਲੇ ਸਾਡੇ ਦੇਸ਼ ਭਾਰਤ ਲਈ ਵਿਸ਼ਵ ਪੱਧਰ 'ਤੇ ਨਮੋਸ਼ੀ ਵਾਲੀ ਗੱਲ ਹੈ ਕਿ ਇਸਦੀ 17ਵੀਂ ਲੋਕ ਸਭਾ ਵਿਚਲੇ 539 ਮੈਂਬਰਾਂ ਵਿੱਚੋਂ 233 ਸੰਸਦ ਮੈਂਬਰਾਂ ਖ਼ਿਲਾਫ਼ ਅਪਰਾਧਿਕ ਮੁਕੱਦਮੇ ਦਰਜ ਸਨ ਤੇ ਇਸ ਪ੍ਰਸੰਗ ਵਿਚ ਇਹ ਅੰਕੜਾ ਸਾਲ 2009 ਦੀ ਸੰਸਦ ਦੇ ਮੁਕਾਬਲੇ 44 ਫ਼ੀਸਦੀ ਜ਼ਿਆਦਾ ਸੀ। ਸਾਲ 2024 ਵਿਚ ਹੋਈਆਂ ਚੋਣਾਂ ਦੌਰਾਨ 18ਵੀਂ ਲੋਕ ਸਭਾ ਲਈ ਚੁਣੇ ਗਏ 543 ਸੰਸਦ ਮੈਂਬਰਾਂ ਵਿੱਚੋਂ 251 ਸੰਸਦ ਮੈਂਬਰ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ ਤੇ ਇਹ ਸੰਖਿਆ ਕੁੱਲ ਸੰਸਦ ਮੈਂਬਰਾਂ ਦਾ 46 ਫ਼ੀਸਦੀ ਬਣਦੀ ਹੈ। ਵਿਸ਼ਾ ਮਾਹਿਰ ਸ੍ਰੀ ਅੰਨਦ ਪਟੇਲ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਸਾਡੇ ਮੁਲਕ ਦੇ 'ਸੂਝਵਾਨ' ਵੋਟਰਾਂ ਵੱਲੋਂ ਚੁਣੇ ਜਾਣ ਵਾਲੇ ਸੰਸਦ ਮੈਂਬਰਾਂ ਦੇ ਅੰਕੜੇ ਬਹੁਤ ਹੀ ਹੈਰਾਨੀਜਨਕ ਅਤੇ ਦਿਲਚਸਪ ਹਨ ਜੋ ਇਹ ਦੱਸਦੇ ਹਨ ਕਿ ਕਿਸੇ ਪੂਰਨ ਈਮਾਨਦਾਰ ਤੇ ਸਾਫ਼ ਪਿਛੋਕੜ ਵਾਲੇ ਉਮੀਦਵਾਰ ਦੇ ਸੰਸਦ ਮੈਂਬਰ ਚੁਣੇ ਜਾਣ ਦੀ ਸੰਭਾਵਨਾ 4.7 ਫ਼ੀਸਦੀ ਹੈ ਜਦੋਂ ਕਿ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰ ਦੇ ਸੰਸਦ ਮੈਂਬਰ ਚੁਣੇ ਜਾਣ ਦੀ ਸੰਭਾਵਨਾ 15.5 ਫ਼ੀਸਦੀ ਹੈ।

ਸੰਨ 1952 ਵਿਚ ਬਣੀ ਪਹਿਲੀ ਭਾਰਤੀ



ਲੋਕ ਸਭਾ ਦੇ ਪਹਿਲੇ ਸੈਸ਼ਨ ਵਿਚ 24 ਬਿੱਲ ਪਾਸ ਹੋਏ ਸਨ ਜੋ ਕਿ ਲੰਮੇ ਸਮੇਂ ਤੱਕ ਇਕ ਰਿਕਾਰਡ ਰਿਹਾ ਸੀ ਪਰ 17ਵੀਂ ਲੋਕ ਸਭਾ ਦੇ ਪਹਿਲੇ ਸੈਸ਼ਨ ਵਿਚ 35 ਬਿੱਲ ਪਾਸ ਕਰਕੇ ਉਕਤ ਰਿਕਾਰਡ ਨੂੰ ਤੋੜਿਆ ਜਾ ਚੁੱਕਾ ਹੈ। ਭਾਰਤ ਦੀ ਨਵੀਂ ਸੰਸਦੀ ਇਮਾਰਤ ਦੇ ਉਦਘਾਟਨ ਸਬੰਧੀ ਜੋ ਰੇੜਕਾ ਤੇ ਤਮਾਸ਼ਾ ਪੂਰੀ ਦੁਨੀਆਂ ਨੇ ਵੇਖਿਆ ਸੀ ਉਹ ਕਾਫੀ ਸ਼ਰਮਨਾਕ ਸੀ। ਸੱਤਾਧਾਰੀ ਧਿਰ ਨੇ ਗੱਲਬਾਤ ਕਰਕੇ ਵਿਰੋਧੀ ਧਿਰਾਂ ਨੂੰ ਮਨਾਉਣ ਜਾਂ ਉਨ੍ਹਾ ਦੀ ਜਾਇਜ਼ ਮੰਗ ਨੂੰ ਦਰਕਿਨਾਰ ਕਰਦਿਆਂ ਹੋਇਆਂ ਮਹਾਂਮਹਿਮ ਰਾਸ਼ਟਰਪਤੀ ਜੀ ਨੂੰ ਸੱਦਾ ਨਾ ਦੇ ਕੇ ਸੰਸਦੀ ਪ੍ਰਣਾਲੀ ਦਾ ਮਜ਼ਾਕ ਉਡਾਇਆ ਸੀ। ਚੇਤੇ ਰਹੇ ਕਿ ਭਾਰਤ ਵਿੱਚ ਜੋ ਸੰਸਦੀ ਪ੍ਰਣਾਲੀ ਲਾਗੂ ਹੈ ਉਸ ਵਿੱਚ ਦੇਸ਼ ਦਾ ਮੁਖੀ ਰਾਸ਼ਟਰਪਤੀ ਹੁੰਦਾ ਹੈ ਜਦੋਂ ਕਿ ਸਰਕਾਰ ਦਾ ਮੁਖੀ ਪ੍ਰਧਾਨ ਮੰਤਰੀ ਹੁੰਦਾ ਹੈ। ਪ੍ਰਧਾਨ ਮੰਤਰੀ ਲੋਕ ਸਭਾ ਦਾ ਮੈਂਬਰ ਹੁੰਦਾ ਹੈ ਜਦੋਂ ਕਿ ਰਾਸ਼ਟਰਪਤੀ ਸੰਸਦ ਦੇ ਦੋਵਾਂ ਸਦਨਾਂ ਤੋ ਉੱਪਰ ਹੁੰਦਾ ਹੈ।

ਸੰਸਦ,ਦਰਅਸਲ ਸਰਕਾਰੀ ਅਤੇ ਵਿਰੋਧੀ ਧਿਰ ਵੱਲੋਂ ਲੋਕ ਭਲਾਈ ਤੇ ਦੇਸ਼ ਦੀ ਤਰੱਕੀ ਦੇ ਮੁੱਦਿਆਂ 'ਤੇ ਚਰਚਾ ਕਰਕੇ ਚੰਗੀਆਂ ਨੀਤੀਆਂ ਘੜਨ ਤੇ ਲਾਗੂ ਕਰਨ ਦਾ ਸਥਾਨ ਹੈ ਪਰ ਬੀਤੇ ਕੁਝ ਵਰ੍ਹਿਆਂ ਵਿਚ ਇਹ ਵੇਖਣ ਵਿਚ ਆਇਆ ਹੈ ਕਿ ਭਾਰਤੀ ਸੰਸਦ ਵਿਚ ਵੱਖ-ਵੱਖ ਮੁੱਦਿਆਂ 'ਤੇ ਸਾਰਥਕ ਚਰਚਾ ਜਾਂ ਤਾਂ ਕੀਤੀ ਹੀ ਨਹੀਂ ਗਈ ਜਾਂ ਫਿਰ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਉਣ ਲਈ ਮਾਈਕ ਬੰਦ ਕਰ ਦੇਣਾ ਜਾਂ ਸੰਸਦ 'ਚੋਂ 150 ਦੇ ਕਰੀਬ ਮੈਂਬਰਾਂ ਨੂੰ ਮੁਅੱਤਲ ਕਰ ਦੇਣ ਦਾ ਰਸਤਾ ਅਪਣਾਇਆ ਗਿਆ। ਦੇਸ਼ ਦੀ ਰੀੜ੍ਹ ਦੀ ਹੱਡੀ ਕਹੇ ਜਾਂਦੇ ਭਾਰਤੀ ਕਿਸਾਨਾਂ ਸਬੰਧੀ ਤਿੰਨ ਕਾਲੇ ਕਾਨੂੰਨ ਬਿਨਾ ਕਿਸੇ ਚਰਚਾ ਦੇ ਪਾਸ ਕਰਕੇ ਲਾਗੂ ਕਰ ਦਿੱਤੇ ਗਏ ਪਰ ਕਿਸਾਨਾਂ ਵੱਲੋਂ ਡੇਢ ਸਾਲ ਤੋਂ ਵੀ ਵੱਧ ਸਮੇਂ ਤੱਕ ਕੀਤੇ ਕਰੜੇ ਸੰਘਰਸ਼ ਅਤੇ ਸੈਂਕੜੇ ਸ਼ਹੀਦੀਆਂ ਤੋਂ ਬਾਅਦ ਇਹ ਕਾਲੇ ਕਾਨੂੰਨ ਵਾਪਿਸ ਲੈ ਲਏ ਗਏ। ਓਲੰਪਿਕ ਅਤੇ ਹੋਰ ਕੌਮਾਂਤਰੀ ਖੇਡ ਮੁਕਾਬਲਿਆਂ ਵਿੱਚ ਦੇਸ਼ ਲਈ ਕਈ ਤਗ਼ਮੇ ਲਿਆਉਣ ਵਾਲੇ ਮਹਿਲਾ ਤੇ ਪੁਰਸ਼ ਪਹਿਲਵਾਨ ਲਗਪਗ ਦੋ ਮਹੀਨੇ ਤੱਕ ਇਕ ਸੰਸਦ ਮੈਂਬਰ-ਕਮ-ਭਾਰਤੀ ਕੁਸਤੀ ਸੰਘ ਦੇ ਮੁਖੀ ਖ਼ਿਲਾਫ਼ ਗੰਭੀਰ ਦੋਸ਼ਾਂ ਦੀ ਜਾਂਚ ਕਰਨ ਅਤੇ ਉਸਨੂੰ ਅਹੁਦੇ ਤੋਂ ਹਟਾਏ ਜਾਣ ਦੀ ਮੰਗ ਕਰਦੇ ਰਹੇ ਪਰ ਇਨਸਾਫ਼ ਦੀ ਥਾਂ ਉਨ੍ਹਾ ਨੂੰ ਡੰਡੇ ਜਾਂ ਧੱਕੇ ਹਾਸਿਲ ਹੋਏ ਸਨ।

ਸੰਨ 2024 ਦੀਆਂ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਭਾਜਪਾ ਨੇ 'ਅਬ ਕੀ ਬਾਰ-400 ਪਾਰ' ਦਾ ਨਾਅਰਾ ਦਿੱਤਾ ਸੀ ਪਰ ਜਦੋਂ ਨਤੀਜੇ ਆਏ ਤਾਂ ਐਨ.ਡੀ.ਏ. ਦੇ ਸੰਸਦ ਮੈਂਬਰਾਂ ਦੀ ਸੰਖਿਆ ਘਟ ਕੇ 293 'ਤੇ ਸਿਮਟ ਗਈ ਸੀ ਤੇ ਇਹ ਗੱਲ ਭਾਜਪਾ ਅੱਜ ਤੱਕ ਵੀ ਬਰਦਾਸ਼ਤ ਨਹੀਂ ਕਰ ਪਾਈ ਹੈ। ਇਸ ਕਰਕੇ ਭਾਜਪਾ ਨੇ ਸਾਰੀਆਂ ਸੰਸਦੀ ਪ੍ਰੰਪਰਾਵਾਂ ਦਾ ਘਾਣ ਕਰਕੇ ਸਾਮ,ਦਾਮ, ਦੰਡ,ਭੇਦ ਭਾਵ ਹਰੇਕ ਹਰਬਾ ਅਪਣਾ ਕੇ ਦੂਜੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ ਨੂੰ ਤੋੜਨ ਦੀ ਅਤੇ ਆਪਣਾ ਕੁਨਬਾ ਮਜ਼ਬੂਤ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਹੋਈ ਤੇ ਇਸ ਮੁਹਿੰਮ ਵਿਚ ਉਸਨੂੰ ਭਾਰੀ ਸਫ਼ਲਤਾ ਵੀ ਮਿਲ ਰਹੀ ਹੈ ਭਾਵੇਂ ਕਿ ਇਸ ਸਫ਼ਲਤਾ ਵਿਚ ਈ.ਡੀ., ਸੀ.ਬੀ. ਆਈ. ਅਤੇ ਆਮਦਨ ਕਰ ਵਿਭਾਗ ਦੀ ਵੱਡੀ ਭੂਮਿਕਾ ਨਜ਼ਰ ਆ ਰਹੀ ਹੈ। ਵਿਰੋਧੀ ਦਲ ਲਗਾਤਾਰ ਇਸ ਅਣਐਲਾਨੀ ਐਮਰਜੈਂਸੀ ਅਤੇ ਗ਼ੈਰਕਾਨੂੰਨੀ ਤੋੜ-ਭੰਨ ਬਾਰੇ ਸ਼ੋਰ ਮਚਾ ਰਹੇ ਹਨ ਪਰ ਉਨ੍ਹਾ ਦੀ ਆਵਾਜ਼ ਨੂੰ ਗੋਦੀ ਮੀਡੀਆ ਨੇ ਦਬਾਅ ਦਿੱਤਾ ਹੈ ਤੇ ਭਾਜਪਾ ਹੁਣ ਆਪਣੇ 'ਅਬ ਕੀ ਬਾਰ ਚਾਰ ਸੌ ਪਾਰ' ਦੇ ਨਾਅਰੇ ਨੂੰ ਪੂਰਾ ਕਰਨ ਦੇ ਕਰੀਬ ਪੁੱਜਦੀ ਨਜ਼ਰ ਆਉਂਦੀ ਹੈ।

'ਨੀਟ-2024' ਅਤੇ 'ਨੀਟ-2026' ਦੀ ਪ੍ਰੀਖਿਆ ਸਣੇ ਹੋਰ ਪ੍ਰੀਖਿਆਵਾਂ ਦੇ ਪ੍ਰਸ਼ਨ ਪੱਤਰ ਲੀਕ ਹੋਣ ਕਰਕੇ ਪੈਦਾ ਹੋਈ ਮਾਨਸਿਕ ਪ੍ਰੇਸ਼ਾਨੀ ਹੰਢਾਉਣ ਵਾਲੇ ਲੱਖਾਂ ਵਿਦਿਆਰਥੀਆਂ ਨਾਲ ਹੋਏ ਧੱਕੇ ਦੇ ਸਬੰਧ ਵਿਚ ਨੈਤਿਕ ਜ਼ਿੰਮੇਵਾਰੀ ਚੁੱਕਦਿਆਂ ਸਬੰਧਿਤ ਕੇਂਦਰੀ ਸਿੱਖਿਆ ਮੰਤਰੀ ਦਾ ਅਸਤੀਫ਼ਾ ਲਏ ਜਾਣ ਸਬੰਧੀ ਜਾਂ ਉਸ ਵੱਲੋਂ ਖ਼ੁਦ ਨੈਤਿਕ ਆਧਾਰ 'ਤੇ ਅਸਤੀਫ਼ਾ ਦਿੱਤੇ ਜਾਣ ਦੀ ਕੋਈ ਖ਼ਬਰ ਸਾਹਮਣੇ ਨਾ ਆਉਣਾ ਇਹ ਸਾਬਿਤ ਕਰਦਾ ਹ ਕਿ ਬੀਤੇ ਸਮੇਂ ਵਾਲੀ 'ਨੈਤਿਕ ਆਧਾਰ 'ਤੇ ਅਸਤੀਫ਼ਾ' ਦੇਣ ਵਾਲੀ ਪ੍ਰੰਪਰਾ ਹੁਣ ਦੀ ਸੰਸਦ 'ਚੋਂ ਮੁੱਕ ਗਈ ਹੈ। ਇਸੇ ਤਰ੍ਹਾਂ ਸੰਸਦ ਵਿਚ ਸਪੀਕਰ ਦੇ ਅਹੁਦੇ ਲਈ ਸੱਤਾ ਧਿਰ ਅਤੇ ਡਿਪਟੀ ਸਪੀਕਰ ਦੇ ਅਹੁਦੇ ਲਈ ਵਿਰੋਧੀ ਧਿਰ ਦਾ ਆਗੂ ਚੁਣੇ ਜਾਣ ਦੀ ਸ਼ਾਨਦਾਰ ਸੰਸਦੀ ਪ੍ਰੰਪਰਾ ਦੀ ਪਾਲਣਾ ਬੀਤੇ ਦਸ ਸਾਲ ਤੋਂ ਬੰਦ ਕਰ ਦਿੱਤੀ ਗਈ ਹੈ ਤੇ ਸੰਸਦ ਵਿਚ ਹੁਣ ਕਿਸੇ ਵੀ ਮੁੱਦੇ 'ਤੇ ਸਹਿਮਤੀ ਘੱਟ ਤੇ ਟਕਰਾਅ ਵੱਧ ਵੇਖਣ ਨੂੰ ਮਿਲ ਰਿਹਾ ਹੈ। ਸੰਸਦ ਮੈਂਬਰਾਂ ਵੱਲੋਂ ਇਕ ਜ਼ਾਬਤੇ ਵਿਚ ਰਹਿ ਕੇ ਇਕ ਦੂਜੇ 'ਤੇ ਟੀਕਾ-ਟਿੱਪਣੀ ਕਰਨੀ ਤੇ ਸ਼ਾਇਰਾਨਾ ਅੰਦਾਜ਼ ਵਿਚ ਤੇ ਬੜੇ ਹੀ ਦਿਲਚਸਪ ਲਫ਼ਜਾਂ ਵਿਚ ਆਪਣੀ ਗੱਲ ਸੰਸਦ ਦੇ ਪਟਲ 'ਤੇ ਰੱਖਣ ਦੀ ਉਹ ਖ਼ੂਬਸੂਰਤ ਰਵਾਇਤ ਦਾ ਵੀ ਹੁਣ ਇੰਤਕਾਲ ਹੋ ਚੁੱਕਾ ਹੈ। ਇਹ ਕਾਰਜਸ਼ੈਲੀ ਹੁਣ ਸੰਸਦੀ ਪ੍ਰਣਾਲੀ ਵਿਚ ਆ ਚੁੱਕੇ ਵੱਡੇ ਨਿਘਾਰ ਵੱਲ ਸਾਫ਼-ਸਾਫ਼ ਇਸ਼ਾਰਾ ਕਰਦੀ ਹੈ।

MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ONE-STOP TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ
ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ
Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6
Office: 204-987-7300
Email: admin@onestoptrucksales.com
Mob. 204-396-5404

# ਟਾਹਲੀ ਨਹੀਂ 'ਟਾਹਲੀ ਸਾਹਿਬ' ਕਹੁ !



**ਤਰਲੋਚਨ ਸਿੰਘ ਦੁਪਾਲ ਪੁਰ**
001-408-905-5517

ਸਵੇਰ ਦਾ ਸਮਾਂ ਪਿੰਡ ਬਿਲ਼ਗੇ ਦੇ ਬੱਸ ਅੱਡੇ 'ਚੋਂ ਜਲੰਧਰ ਜਾਣ ਵਾਲ਼ੀ ਪਹਿਲੀ ਬੱਸ ਤਿਆਰ ਖੜ੍ਹੀ ਹੈ।ਪੰਜ ਸੱਤ ਕੁ ਸਵਾਰੀਆਂ ਬੱਸ ਵਿੱਚ ਬੈਠੀਆਂ ਹਨ।ਇੰਜਣ ਸਟਾਰਟ ਕਰਕੇ ਸੀਟ 'ਤੇ ਬੈਠਾ ਡ੍ਰਾਈਵਰ ਅੱਡੇ ਵੱਲ ਆਉਂਦੇ ਰਾਹਾਂ ਵੱਲ ਤੱਕ ਰਿਹਾ ਹੈ।ਹੱਥਾਂ ਵਿੱਚ ਨੋਟ-ਬੁੱਕਾਂ ਜਾਂ ਇੱਕ-ਅੱਧ ਕਿਤਾਬ ਫੜੀ ਕੁੱਝ ਪਾੜ੍ਹੇ ਮੁੰਡੇ ਕੁੜੀਆਂ ਬੱਸ ਵਿੱਚ ਹੋਰ ਆਣ ਚੜ੍ਹੇ।ਡ੍ਰਾਈਵਰ ਚਮਕੀਲੇ ਦੀ ਕੈਸਿਟ ਲਾ ਦਿੰਦਾ ਹੈ।ਵੱਜ ਰਹੇ ਲੱਚਰ ਜਿਹੇ ਬੋਲ ਸੁਣਕੇ ਪੇਂਡੂ ਕੁੜੀਆਂ ਕੁੱਝ ਅੱਚਵੀ ਜਿਹੀ ਮਹਿਸੂਸ ਕਰਦੀਆਂ ਹਨ।

ਪਤੰਦਰ ਵੇਲਾ-ਕੁਵੇਲਾ ਵੀ ਨਹੀਂ ਦੇਖਦੇ ! ਇੱਕ ਬਜ਼ੁਰਗ ਨੇ ਬਾਰੀ 'ਚੋਂ ਬਾਹਰ ਵੱਲ ਮੂੰਹ ਕੱਢਕੇ ਬੁੜ ਬੁੜ ਕੀਤੀ।ਮੋਹਰਲੀ ਬਾਰੀ ਕੋਲ ਖੜ੍ਹ ਕੇ ਕੰਡਕਟਰ ਨੇ 'ਜਲੰਧਰ ਜਲੰਧਰ' ਦਾ ਹੋਕਰਾ ਲਾਇਆ।ਏਨੇ ਨੂੰ ਕਾਲ਼ੀ ਦਸਤਾਰ ਵਾਲ਼ਾ ਸੋਹਣਾ ਸੁਨੱਖਾ ਇੱਕ ਗਭਰੂ ਮੁੰਡਾ ਭੱਜ ਕੇ ਪਿਛਲੀ ਬਾਰੀ ਥਾਣੀ ਬੱਸ ਵਿੱਚ ਆਣ ਚੜ੍ਹਿਆ।ਉਸਦੇ ਸੀਟ 'ਤੇ ਬਹਿੰਦਿਆਂ ਹੀ ਡਰਾਈਵਰ ਨੇ ਚਮਕੀਲਾ ਬੰਦ ਕਰ ਦਿੱਤਾ ਅਤੇ ਸ਼ਬਦਾਂ ਦੀ ਕੈਸਿਟ ਚਲਾ ਦਿੱਤੀ।ਅਗਲੀਆਂ ਸੀਟਾਂ 'ਤੇ ਬੈਠੀਆਂ ਕਈ ਕੁੜੀਆਂ ਨੇ ਮੂੰਹ ਭੁੰਵਾ ਕੇ ਕਾਲ਼ੀ ਪੱਗ ਵਾਲ਼ੇ ਉਸ ਮੁੰਡੇ ਨੂੰ 'ਭਾਅ ਜੀ ਸਤਿ ਸ੍ਰੀ ਅਕਾਲ' ਬੁਲਾਈ।ਉਹ ਥੋੜ੍ਹਾ ਜਿਹਾ ਮੁਸਕ੍ਰਾਈਆਂ ਵੀ ਜਿਵੇਂ ਕਹਿਣਾ ਚਾਹੁੰਦੀਆਂ ਹੋਣ ਕਿ ਸ਼ੁਕਰ ਐ ਵੀਰਿਆ ਤੂੰ ਆਇਆਂ ਤਾਂ ਚਮਕੀਲਾ ਬੰਦ ਹੋਇਆ !

ਇਸ ਛੈਲ ਛਬੀਲੇ ਗਭਰੂ ਦਾ ਨਾਮ ਤਾਂ ਹੈ ਮਨਜੀਤ ਸਿੰਘ ਪਰ ਘਰ ਦੇ ਅਤੇ ਪਿੰਡ ਵਾਲ਼ੇ ਇਸ ਨੂੰ ਪਿਆਰ ਨਾਲ਼ 'ਮੰਨਾਂ' ਹੀ ਕਹਿੰਦੇ ਹਨ।ਸਾਬਤਿ-ਸੂਰਤ ਅਤੇ ਗੁੱਟ ਉੱਤੇ ਸਿਮਰਨਾਂ ਪਾਇਆ ਹੋਣ ਕਰਕੇ ਲਾਇਲ ਪੁਰ ਖਾਲਸਾ ਕਾਲਜ ਜਲੰਧਰ ਦੇ ਇਹਦੇ ਹਮਜਮਾਤੀ ਤੇ ਹੋਰ ਜਾਣੂ ਮੁੰਡੇ ਇਹਨੂੰ 'ਮੰਨਾਂ ਬਾਬਾ' ਹੀ ਆਖਦੇ ਹਨ।ਪਟਵਾਰੀ ਬਾਪ ਦੇ ਬਾਕੀ ਦੇ ਚਾਰ ਨਿਆਣਿਆਂ 'ਚੋਂ ਕੋਈ ਮੈਟਰਿਕ ਵੀ ਨਹੀਂ ਕਰ ਸਕਿਆ ਪਰ ਇਹ ਕਾਲਜ ਵਿੱਚ ਬੀ.ਏ ਕਰ ਰਿਹਾ ਐ।ਪੰਜਾਂ ਭੈਣ ਭਰਾਵਾਂ ਵਿੱਚੋਂ ਸਭ ਤੋਂ ਵੱਧ ਸੁਨੱਖੇ ਨੈਣ-ਨਕਸ਼ਾਂ ਵਾਲ਼ਾ ਤੇ ਡੀਲ ਡੌਲ ਵਾਲਾ ਹੋਣ ਸਦਕਾ ਪਟਵਾਰੀ ਬਾਪ ਇਸਨੂੰ ਰੀਝ ਨਾਲ ਪੜ੍ਹਾ ਰਿਹਾ ਏ।ਬਿਲ਼ਗੇ ਵਿੱਚ ਸਥਿਤ ਪੰਜਵੇਂ ਪਾਤਸ਼ਾਹ ਜੀ ਦੀ ਮੁਬਾਰਕ ਚਰਨ ਛੋਹ ਪ੍ਰਾਪਤ ਗੁਰਦੁਆਰਾ ਸਾਹਿਬ ਤੋਂ ਮੰਨੇਂ ਨੇ ਸਕੂਲ ਪੜ੍ਹਦਿਆਂ ਹੀ ਅੰਮ੍ਰਿਤ ਪਾਨ ਕਰ ਲਿਆ ਸੀ।ਪੜ੍ਹਾਈ ਦੇ ਨਾਲ਼ ਨਾਲ ਇਹ ਅਕਸਰ ਗੁਰਦੁਆਰੇ ਵਿਖੇ ਸੇਵਾ ਵੀ ਕਰਨ ਜਾਂਦਾ।

ਇਹ ਸਾਰੀ ਵਾਰਤਾ ਸਾਕਾ ਜੂਨ ਚੁਰਾਸੀ ਤੋਂ ਬਾਅਦ ਦੇ ਉਨ੍ਹਾਂ ਵਰ੍ਹਿਆਂ ਦੀ ਹੈ ਜਦੋਂ ਪੰਜਾਬ 'ਚ ਹਾਲਾਤ ਇਹੋ ਜਿਹੇ ਸਨ-

**'ਦੇਖੋ ਤੋ ਹਰ ਇਕ ਮੋੜ ਪੇ ਮਿਲ ਜਾਏਂ ਗੀ ਲਾਸ਼ੇਂ**
**ਢੂੰਡੋ ਗੇ ਤੋ ਇਸ ਸ਼ਹਰ ਮੇਂ ਕਾਤਿਲ ਨਾ ਮਿਲੇ ਗਾ।'**

**ਮਲਿਕ ਜ਼ਾਦਾ ਮੰਜ਼ੂਰ**

ਸਮਾਂ ਆਪਣੀ ਤੋਰੇ ਤੁਰਦਾ ਜਾ ਰਿਹਾ ਸੀ।ਕਾਲਜ ਦਾਖਲ ਹੋਣ ਤੋਂ ਬਾਅਦ ਰੱਬ ਜਾਣੇ ਕੀ ਭਾਣਾ ਵਾਪਰਿਆ ਕਿ ਮੰਨਾਂ ਪੁਲੀਸ ਦੀਆਂ ਅੱਖਾਂ 'ਚ ਰੜਕਣ ਲੱਗ ਪਿਆ।ਕਦੇ ਉਸਨੂੰ ਲਾਗੇ ਪਿੰਡ ਦੀ ਪੁਲੀਸ ਚੌਕੀ ਵਾਲ਼ੇ ਸੱਦ ਲੈਂਦੇ ਅਤੇ ਕਦੇ ਫਿਲੌਰ ਥਾਣੇ ਵਾਲ਼ੇ ਲੈ ਜਾਂਦੇ।ਕਦੇ ਉਹਦੇ ਘਰੇ ਖਬਰ ਪਹੁੰਚਦੀ ਕਿ ਤੁਹਾਡਾ ਮੰਨਾਂ ਕਾਲਜੋਂ ਨਿਕਲ਼ਦਾ ਹੀ ਪੁਲੀਸ ਨੇ ਚੁੱਕ ਲਿਆ !

ਪਿੰਡ ਤੇ ਇਲਾਕੇ ਵਿੱਚ ਪਟਵਾਰੀ ਦਾ ਮਾਣ ਸਤਿਕਾਰ ਬਣਿਆਂ ਹੋਣ ਕਰਕੇ ਅਤੇ ਮੰਨੇਂ ਦੀ ਸ਼ਰੀਫੀ ਸਦਕਾ ਸਰਕਰਦਾ ਸੱਜਣ ਪੰਚਾਇਤ ਬਣਕੇ ਜਾਂਦੇ ਤੇ ਮੰਨੇਂ ਨੂੰ ਘਰੇ ਲੈ ਆਉਂਦੇ।

ਘਰ ਦੇ ਜਦੋਂ ਜੋਰ ਪਾ ਕੇ ਮੰਨੇਂ ਨੂੰ ਪੁੱਛਦੇ ਕਿ ਪੁਲੀਸ ਤੇਰੀ ਵੈਰੀ ਕਿਉਂ ਬਣੀ ਹੋਈ ਹੈ ?ਤਾਂ ਉਸਦਾ ਇਹੀ ਜਵਾਬ ਹੁੰਦਾ-

ਡੈਡੀ ਜੀ ਮੈਂ ਤਾਂ ਤੁਹਾਡੇ ਸਾਹਮਣੇ ਰੋਜ਼ਾਨਾਂ ਘਰੋਂ ਕਾਲਜ ਜਾਂਦਾ ਹਾਂ ਤੇ ਸਮੇਂ ਸਿਰ ਸਿੱਧਾ ਘਰੇ ਆਉਨਾਂ .. ਪੁਲ਼ਸੀਆਂ ਨੂੰ ਪਤਾ ਨੀ ਮੇਰੇ 'ਤੇ ਕਾਹਦੀ ਸ਼ੱਕ ਪਈ ਹੋਈ ਐ !

ਰੋਜ਼ਾਨਾਂ ਮਾਰੋ-ਮਾਰੀ ਦੇ ਮਾਹੌਲ ਤੋਂ ਤ੍ਰਹਿੰਦਿਆਂ ਮੰਨੇਂ ਦੇ ਮਾਪਿਆਂ ਨੇ ਉਸਦਾ ਕਾਲਜ ਜਾਣਾ ਬੰਦ ਕਰ ਦਿੱਤਾ।ਪਰ ਪੁਲੀਸ ਨੇ ਉਹਦਾ ਖਹਿੜਾ ਫਿਰ ਵੀ ਨਾ ਛੱਡਿਆ।ਇੱਕ ਦਿਨ ਸੁਭਾ ਸਵੇਰੇ ਸੁਵਖਤੇ ਹੀ ਜਦੋਂ ਘਰ ਵਿੱਚ ਸਾਰੇ ਜਣੇ ਚਾਹ ਪੀ ਰਹੇ ਸਨ ਤਾਂ ਪੰਜਾਬ ਪੁਲੀਸ ਅਤੇ ਸੀ.ਆਰ.ਪੀ ਦੇ ਸਿਪਾਹੀ ਪਟਵਾਰੀ ਦੇ ਘਰ ਦੀ ਚਾਰਦੀਵਾਰੀ ਟੱਪ ਕੇ ਦਗੜ ਦਗੜ ਕਰਦੇ ਵਿਹੜੇ 'ਚ ਆ ਵੜੇ।ਜਿਵੇਂ ਕਿਤੇ ਉਨ੍ਹਾਂ ਨੂੰ ਪੱਕੀ ਸੂਹ ਹੋਵੇ,ਉਹ ਸਿੱਧੇ ਮੰਨੇਂ ਵਾਲ਼ੇ ਕਮਰੇ ਵਿੱਚ ਜਾ ਘੁਸੇ।ਸ਼ਿਕਾਰ ਫੜਨ ਵਾਂਗ ਉਹ ਮੰਨੇਂ ਨੂੰ ਵਿਹੜੇ 'ਚ ਨੂੰ ਧੂਅ ਲਿਆਏ ।ਬਾਕੀ ਸਾਰੇ ਟੱਬਰ ਨੂੰ ਦੂਸਰੇ ਦੂਜੇ ਕਮਰੇ ਵਿੱਚ ਹੁਬੜ ਕੇ ਬਾਹਰੋਂ ਕੁੰਡਾ ਲਾ ਦਿੱਤਾ।

ਇੱਟਾਂ ਦੇ ਫਰਸ਼ ਵਾਲ਼ੇ ਵਿਹੜੇ ਵਿੱਚ ਮੰਨੇਂ ਨੂੰ ਲੰਮਾਂ ਪਾ ਕੇ ਪੁਲ਼ਸੀਏ ਬੁੱਚੜਾਂ ਵਾਂਗ ਉਹਦੀ ਮਾਰ ਕੁਟਾਈ ਕਰਨ ਲੱਗੇ।ਪਟਵਾਰੀ,ਮੰਨੇਂ ਦੀ ਮਾਂ ਅਤੇ ਭੈਣ-ਭਰਾਵਾਂ ਨੇ ਬਥੇਰੀ ਹਾਲ ਪਾਹਰਿਆ ਕੀਤੀ ਕਿ ਸਾਡੇ ਮੁੰਡੇ ਦਾ ਕਸੂਰ ਤਾਂ ਦੱਸੋ ?ਲਗਾਤਾਰ ਡੰਡੇ ਲਾਠੀਆਂ ਦੀ ਮਾਰ ਸਹਿੰਦਾ ਵਿਚਾਰਾ ਮੰਨਾਂ ਜਦ ਸੱਪ ਵਾਂਗ ਵਲ਼ ਖਾਂਦਾ ਅਰ੍ਹਾਟ ਪਾਉਂਦਾ ਤਾਂ ਕਸਾਈ ਸਿਪਾਹੀ ਉਸਦੇ ਥਾਂਹ-ਕੁਥਾਂਹ ਠੁੱਡੇ ਮਾਰਦੇ !

ਇਹ ਅਤਿ ਦਾ ਹੌਲਨਾਕ ਦ੍ਰਿਸ਼ ਦੇਖ ਕੇ ਮੰਨੇਂ ਦੇ ਪ੍ਰਵਾਰ ਜਨ ਕਮਰੇ ਦੀਆਂ ਤਾਕੀਆਂ 'ਚੋਂ ਬਾਹਾਂ ਕੱਢ ਕੱਢ ਪੁਲਸੀਆਂ ਦੇ ਤਰਲੇ ਹਾੜ੍ਹੇ ਕੱਢਦੇ ਰਹੇ।ਆਪਣੇ ਜਵਾਨ ਪੁੱਤ ਉੱਪਰ ਇਹ ਅਸਹਿ ਜ਼ੁਲਮ ਹੁੰਦਾ ਦੇਖ ਕੇ ਪਟਵਾਰੀ ਨੇ ਕੁਰਲਾਉਂਦਿਆਂ ਤਾਕੀ 'ਚੋਂ ਹੱਥ ਜੋੜੇ ਕਿ ਰੱਬ ਦਾ ਵਾਸਤਾ ਇਹਨੂੰ ਸਾਡੀਆਂ ਅੱਖਾਂ ਤੋਂ ਪਰੇ ਲੈ ਜਾਉ .. ਸਾਥੋਂ ਪੁੱਤ ਹਲਾਲ ਹੁੰਦਾ ਨਹੀਂ ਦੇਖਿਆ ਜਾਂਦਾ .! ਜਲਾਦਾਂ ਨੇ ਮੁੰਡੇ ਨੂੰ ਘੜੀਸ ਕੇ ਘਰੋਂ ਬਾਹਰ ਲੈ ਆਂਦਾ ਤੇ ਗੱਡੀ 'ਚ ਸੁੱਟ ਕੇ ਪਿੰਡੋਂ ਬਾਹਰ ਹੋ ਗਏ।

ਦਹਿਸ਼ਤਜ਼ਦਾ ਹੋਏ ਆਂਢੀਆਂ ਗੁਆਂਢੀਆਂ ਨੇ ਪੁਲ਼ਸੀਆਂ ਦੀ ਧਾੜ ਚਲੇ ਜਾਣ ਤੋਂ ਅੱਧਾ ਪੌਣਾ ਘੰਟਾ ਬਾਅਦ ਪਟਵਾਰੀ ਅਤੇ ਹੋਰ ਜੀਆਂ ਨੂੰ ਕਮਰੇ ਦਾ ਕੁੰਡਾ ਖੋਹਲ ਕੇ ਬਾਹਰ ਕੱਢਿਆ।

ਵਖਤਾਂ ਮਾਰੇ ਪਟਵਾਰੀ ਨੇ ਪਿੰਡ ਦੇ ਚੋਣਵੇਂ ਬੰਦਿਆਂ ਨੂੰ ਨਾਲ਼ ਲੈ ਕੇ ਮੰਨੇਂ ਨੂੰ ਚੁੱਕ ਲਿਜਾਣ ਵਾਲ਼ੀ ਪੁਲੀਸ ਦਾ ਪਿੱਛਾ ਕੀਤਾ।ਇਨ੍ਹਾਂ ਦੇ ਨਾਲ਼ ਇਕ ਸਾਬਕਾ ਪੁਲੀਸ ਮੁਲਾਜ਼ਮ ਹੋਣ ਕਰਕੇ ਮੁੰਡੇ ਦੀ ਸੂਹ ਤਾਂ ਅੱਗੇ ਤੋਂ ਅੱਗੇ ਮਿਲ਼ਦੀ ਰਹੀ ਪਰ ਸਾਰੇ ਥਾਣੇ ਚੌਂਕੀਆਂ ਵਾਲ਼ੇ ਪੱਕਾ ਦੱਸਣ ਦੀ ਬਜਾਏ ਟਾਲ਼ਾ-ਵਾਲ਼ਾ ਵੱਟਦੇ ਰਹੇ।ਨੂਰਮਹਿਲ ਵਾਲ਼ੇ ਇਨ੍ਹਾਂ ਨੂੰ ਭੇਜ ਦੇਣ ਸ਼ਾਹਕੋਟ ਨੂੰ ਤੇ ਉਹ ਆਖ ਦੇਣ ਕਿ ਤੁਹਾਡਾ ਮੁੰਡਾ ਨਕੋਦਰ ਹੈ।ਨਕੋਦਰ ਵਾਲ਼ਿਆਂ ਇਨ੍ਹਾਂ ਨੂੰ ਫਿਲੌਰ ਥਾਣੇ ਭੇਜ ਦਿੱਤਾ।ਸਾਰਾ ਦਿਨ ਘੁੰਮਦੇ ਘੁਮਾਉਂਦੇ ਦੇਰ ਰਾਤ ਇਹ ਭੁੱਖਣ ਭਾਣੇ ਫਿਲੌਰ ਪਹੁੰਚੇ ਪਰ ਮੁੰਡਾ ਉੱਥੇ ਵੀ ਨਹੀਂ ਸੀ।ਥੱਕ ਹਾਰ ਕੇ ਇਨ੍ਹਾਂ ਨੇ ਦੂਜੇ ਦਿਨ ਭਾਲ਼ ਕਰਨ ਦੀ ਸਲਾਹ ਬਣਾਈ।ਦੂਜੇ ਦਿਨ ਫਿਰ ਉਹੀ ਕਹਾਣੀ . ਚੱਲ ਗੁਰਾਇਆਂ ਚੱਲ ਫਗਵਾੜੇ।ਸਾਬਕਾ ਪੁਲ਼ਸੀਏ ਨੇ ਕਿਸੇ ਜਾਣੂ ਮੁਣਸ਼ੀ ਨਾਲ ਗੰਢ-ਤੁੱਪ ਕਰਕੇ ਪਤਾ ਕੀਤਾ ਕਿ ਮੰਨਾਂ ਨਵਾਂਸ਼ਹਿਰ ਥਾਣੇ ਹੈ।ਨਵਾਂਸ਼ਹਿਰ ਪਹੁੰਚਦਿਆਂ ਇਨ੍ਹਾਂ ਨੂੰ ਸ਼ਾਮ ਪੈ ਗਈ।ਇੱਥੇ ਵੱਡੇ ਅਫਸਰ ਦੀ ਜੇਬ ਉੱਤੇ 'ਓਂਕਾਰ ਸਿੰਘ' ਨਾਮ ਵਾਲ਼ੀ ਪੱਟੀ ਦੇਖ ਕੇ,ਉਹਨੂੰ 'ਸਿੱਖ ਭਰਾ' ਜਾਣਦਿਆਂ ਪਟਵਾਰੀ ਨੇ ਲੇਲ੍ਹੜੀਆਂ ਕੱਢੀਆਂ,ਤਰਲੇ ਮਾਰੇ ਕਿ ਸਾਨੂੰ ਮੰਨਾਂ ਮਿਲ਼ਾ ਦਿਉ।ਨਾਲ਼ ਦੇ ਬੰਦੇ ਵੀ ਮੰਨੇਂ ਦੇ ਸਾਊ-ਸ਼ਰੀਫ ਧਰਮੀਂ ਹੋਣ ਬਾਰੇ ਦੱਸ ਕੇ ਉਸ ਅਫਸਰ ਨੂੰ ਪਸੀਜ਼ਦਾ ਕਰਨ ਲੱਗੇ।ਕੁੱਝ ਚਿਰ ਇਨ੍ਹਾਂ ਵੱਲ ਅੱਖਾਂ ਫਾੜ ਫਾੜ ਕੇ ਦੇਖਣ ਮਗਰੋਂ ਓਂਕਾਰ ਸਿੰਘ ਨੇ ਇੱਕ ਹੌਲਦਾਰ ਨੂੰ 'ਵਾਜ ਮਾਰ ਕੇ ਕਿਹਾ ਕਿ ਜਾਹ ਬਈ ਇਨ੍ਹਾਂ ਨੂੰ ਮੰਨਾਂ ਦਿਖਾ ਲਿਆ।



ਇਸ ਅਫਸਰ ਦਾ 'ਕੋਟਾਨਿ ਕੋਟ ਧੰਨਵਾਦ' ਕਰਕੇ ਇਹ ਸਾਰੇ ਜਣੇ ਹੌਲਦਾਰ ਦੇ ਨਾਲ ਚੱਲ ਪਏ।ਪਟਵਾਰੀ ਗੱਡੀ 'ਚ ਬੈਠਾ ਸੋਚ ਰਿਹਾ ਸੀ ਕਿ ਹੁਣ ਮੁੰਡੇ ਨੂੰ ਅੱਜ ਹੀ ਕਿਤੇ ਦੂਰ ਦਰਾਜ ਛੱਡ ਆਵਾਂ ਗੇ,ਘਰੇ ਬਿਲ਼ਗੇ ਨਹੀਂ ਜਾਣਾ।ਨਵਾਂਸ਼ਹਿਰ ਥਾਣੇ ਤੋਂ ਗੱਡੀ ਬੰਗਾ ਰੋਡ ਵੱਲ ਚਲੇ ਗਈ।ਸਾਰਿਆਂ ਦੇ ਚਿਹਰੇ ਆਸ਼ਾਵਾਦੀ ਹੋ ਗਏ ਸਨ !ਅੱਗੇ ਜਾ ਕੇ ਪੁਰਾਣੀਆਂ ਜਿਹੀਆਂ ਦੁਕਾਨਾਂ ਕੋਲ ਗੱਡੀ ਰੁਕੀ ਤੇ ਹੌਲਦਾਰ ਨੇ ਇਕ ਚਾਰਦੀਵਾਰੀ ਵੱਲ ਹੱਥ ਕਰਕੇ ਕਿਹਾ-

ਔਹ ਆ ਜੀ ਤੁਹਾਡਾ ਮੁੰਡਾ . ਮਿਲ਼ ਲਉ !

ਹੌਲਦਾਰ ਨੇ ਜਿੱਧਰ ਇਸ਼ਾਰਾ ਕੀਤਾ ਸੀ ਓਧਰ ਕੋਈ ਬੰਦਾ-ਪਰਿੰਦਾ ਨਹੀਂ ਸਗੋਂ ਸ਼ਮਸਾਨ ਘਾਟ ਦੇ ਥੜ੍ਹੇ ਉੱਤੇ ਸਿਵਾ ਬਲ਼ ਰਿਹਾ ਸੀ .!

ਦੂਜੇ ਦਿਨ ਅਖਬਾਰਾਂ ਵਿੱਚ ਏਦਾਂ ਦੀ ਇਬਾਰਤ ਵਾਲ਼ੀ ਖਬਰ ਛਪੀ-

'ਬੀਤੇ ਦਿਨ ਬਿਸਤ ਦੁਆਬ ਨਹਿਰ ਦੇ ਸੋਇਤਾ-ਅਸਮਾਨ ਪੁਰ ਪੁਲ਼ ਲਾਗੇ ਹੋਏ ਗਹਿਗੱਚ ਮੁਕਾਬਲੇ ਵਿੱਚ ਮਾਰੇ ਗਏ ਅਣਪਛਾਤੇ ਅਤਿਵਾਦੀ ਦੀ ਪਛਾਣ ਹੋਈ।ਉਹ ਮੰਜਕੀ ਇਲਾਕੇ ਦਾ ਖਤਰਨਾਕ ਦਹਿਸ਼ਤਗਰਦ ਮਨਜੀਤ ਸਿੰਘ ਉਰਫ ਮੰਨਾਂ ਸੀ ..!!'

ਮੰਨੇਂ ਦੇ ਅਭਾਗੇ ਮਾਪਿਆਂ ਨੂੰ ਉਸਦੀਆਂ ਅਸਥੀਆਂ ਕਿਵੇਂ ਮਿਲੀਆਂ ? ਇਹ ਦੱਸਣ ਦੀ ਬਜਾਏ ਕੁੱਝ ਹੋਰ ਵੇਰਵੇ-

ਬਿਲ਼ਗੇ ਦੇ ਜਿਸ ਬੱਸ ਅੱਡੇ ਵਿੱਚ ਕਦੇ ਮੰਨਾਂ ਕਾਲਜ ਜਾਣ ਲਈ ਬੀਬਾ ਪੁੱਤ ਬਣਕੇ ਬੱਸੇ ਚੜ੍ਹਦਾ ਹੁੰਦਾ ਸੀ,ਥੋੜੇ ਚਿਰ ਬਾਅਦ ਬੱਸ ਅੱਡੇ ਦੇ ਦੁਕਾਨਦਾਰਾਂ ਨੇ ਇਹ ਦਰਦਨਾਕ ਦ੍ਰਿਸ਼ ਵੀ ਦੇਖਿਆ ਕਿ ਮੰਨੇਂ ਦੀ ਮਾਂ ਆਪਣੇ ਪੁੱਤ ਦੀਆਂ ਕਿਤਾਬਾਂ ਕਾਪੀਆਂ ਲੈ ਕੇ ਅੱਡੇ 'ਚ ਅਰਧ-ਪਾਗਲਾਂ ਵਾਂਗ ਘੁੰਮਦੀ ਰਹਿੰਦੀ ! ਬੱਸਾਂ 'ਚ ਉਤਰਦੇ ਚੜ੍ਹਦੇ ਮੁੰਡੇ ਕੁੜੀਆਂ ਵੱਲ੍ਹ ਮੱਥੇ 'ਤੇ ਹੱਥ ਧਰਕੇ ਦੇਖਦੀ ਰਹਿੰਦੀ . ਕਿਸੇ ਮੁੰਡੇ ਨੂੰ ਪੁੱਛ ਲੈਂਦੀ-ਵੇ ਕਾਕਾ ਸਾਡਾ ਮੰਨਾਂ ਨੀ ਆਇਆ ??

ਅੱਖਾਂ ਪੰਝਦੇ ਦੁਕਾਨਦਾਰ ਉਹਨੂੰ ਫੜ ਫੜ ਕੇ ਘਰੇ ਛੱਡ ਜਾਂਦੇ।ਕਦੇ ਉਹਨੂੰ ਪਟਵਾਰੀ ਘਰੇ ਲਿਜਾਂਦਾ !

**'ਅਣਪਛਾਤੀਆਂ ਲਾਸ਼ਾਂ ਕਹਿ ਕੇ ਕੋਹੇ ਬੋਟ ਅਲੂੰਏਂ**
**ਮੁਨਸਿ.ਫ ਕੋਲ਼ੋਂ ਪੁੱਤ ਭਾਲ਼ਦੀਆਂ ਖਾਲੜਿਆਂ ਦੀਆਂ ਮਾਵਾਂ !'**

**(ਸਾਦਿਕ)**

ਪੱਥਰ ਦਿਲਾਂ ਨੂੰ ਰੁਆ ਦੇਣ ਵਾਲ਼ੀ ਇਹ ਹੌਲਨਾਕ ਵਾਰਤਾ ਮੈਂ ਏਸ ਕਾਰਨ ਨਹੀਂ ਲਿਖ ਰਿਹਾ ਕਿ ਮੰਨਾਂ ਮੇਰਾ ਭਾਣਜਾ ਲਗਦਾ ਸੀ ਤੇ ਮੈਂ ਉਹਦਾ ਮਾਮਾ।ਨਾ ਹੀ ਕਿਸੇ ਹਮਦਰਦੀ ਜਾਂ ਕੋਈ ਹੋਰ ਚਾਹਤ ਹੈ।

**'ਲਹੂ ਬੇਦੋਸ਼ਿਆਂ ਦਾ ਜਦ ਵੀ ਡੁਲ੍ਹੇ ਗਾ ਇਹ ਤੜਪਣਗੇ**
**ਜੋ ਸ਼ਾਇਰ ਹੋਣਗੇ 'ਉਲਫਤ' ਉਨ੍ਹਾਂ ਨੂੰ ਦਰਦ ਆਏ ਗਾ।'**

**(ਉਲਫਤ ਬਾਜਵਾ)**

ਕਿਉਂ ਕਿ ਪਟਵਾਰੀ ਭਾਈਏ ਦੇ ਪ੍ਰਵਾਰ ਨਾਲ 'ਫੂਲ ਵੋਹ ਤੋੜਾ ਕਿ ਚਮਨ ਮੇਂ ਵੀਰਾਨੀ ਹੂਈ' ਵਾਲ਼ੀ ਗੱਲ ਹੋਈ।ਮੰਨੇਂ ਦੇ ਸਦਮੇਂ ਵਿੱਚ ਹੀ ਪਹਿਲਾਂ ਸਾਡੀ ਭੈਣ ਪ੍ਰਕਾਸ਼ ਕੌਰ(ਫਿਲੌਰ ਲਾਗੇ ਥਲ਼ੇ ਪਿੰਡ ਵਾਲ਼ੀ ਭੂਆ ਦੀ ਬੇਟੀ)ਫਿਰ ਮੰਨੇਂ ਦੀ ਇੱਕ ਭੈਣ,ਇੱਕ ਭਰਾ ਅਤੇ ਫਿਰ ਪਟਵਾਰੀ ਖੁਦ,ਸਾਰੇ ਉੱਤੋ-ੜਿੱਤੀ ਮੌਤ ਦੇ ਮੂੰਹ ਜਾ ਪਏ।ਇਹਤੋਂ ਵੀ ਕਿਤੇ ਵਧਕੇ ਦਰਦਨਾਕ ਅਣਹੋਣੀਆਂ ਉਸ ਦੌਰ ਵਿੱਚ ਹੋਈਆਂ ਪਰ ਇਹ ਕਰੁਣਾਮਈ ਬਿਰਤਾਂਤ ਲਿਖਣ ਦਾ ਇਤਫਾਕ ਵੀ ਇੰਜ ਬਣਿਆਂ ਕਿ ਇੱਕ ਦਿਨ ਮੈਂ ਜਪੁ ਜੀ ਸਾਹਿਬ ਦਾ ਪਾਠ ਕਰ ਰਿਹਾ ਸਾਂ। ਬਾਰ੍ਹਵੀਂ ਪਉੜੀ ਦੀ ਤੁਕ '**ਮੰਨੇਂ ਕੀ ਗਤਿ ਕਹੀ ਨ ਜਾਇ॥**' ਪੜ੍ਹਦਿਆਂ ਮੇਰਾ ਧਿਆਨ ਉੱਖੜ ਕੇ ਬਿਲ਼ਗੇ ਚਲਾ ਗਿਆ !

ਪਟਵਾਰੀ ਭਾਈਆ ਰੱਜ ਕੇ ਸ਼ੁਗਲੀ ਸੁਭਾਅ ਵਾਲ਼ਾ ਹੁੰਦਾ ਸੀ ਪਰ ਮੰਨੇਂ ਦੀ ਮੌਤ ਤੋਂ ਬਾਅਦ ਕਿਤੇ ਉਹ ਸਾਡੇ ਘਰੇ ਆਇਆ ਤਾਂ ਉਕਤ ਵੇਰਵੇ ਦੱਸਦਿਆਂ ਅੱਖਾਂ ਭਰਕੇ ਕਹਿੰਦਾ-

ਜਦ ਜੀ ਆਲ਼ੇ ਦੁਆਲ਼ੇ ਦੇ ਸੱਜਣਾ ਮਿੱਤਰਾਂ ਨੇ ਸਾਡੇ ਕੋਲ਼ ਮੰਨੇਂ ਦੀਆਂ ਸਿਫਤਾਂ ਕਰਨੀਆਂ ਤਾਂ ਮੈਂ ਹੱਸਦਿਆਂ ਕਹਿਣਾ-ਜੀ ਸਾਡਾ ਮੰਨਾਂ ਤਾਂ ਬਾਬੇ ਨਾਨਕ ਜੀ ਦੇ ਲਿਖੇ ਫੁਰਮਾਨ 'ਤੇ ਹੀ ਫੁੱਲ ਚੜ੍ਹਾਉਂਦਾ ਐ-ਮੰਨੇਂ ਕੀ ਗਤਿ ਕਹੀ ਨ ਜਾਇ॥

ਬੱਸ ਮੈਂ ਪਾਠ ਸੰਪੂਰਨ ਕਰਕੇ ਲਿਖਣ ਬਹਿ ਗਿਆ ਦਿਲ ਦਾ ਦਰਦ !ਹੁਣ ਸਿਰਲੇਖ ਵਾਲ਼ੀ ਟਾਹਲੀ ਬਾਰੇ ਵੀ ਪੜ੍ਹ ਲਉ ਕਿ ਉਹ 'ਟਾਹਲੀ ਸਾਹਿਬ' ਕਿਉਂ ਬਣੀ-

ਮੰਨਾਂ-ਕਾਂਡ ਤੋਂ ਕੁੱਝ ਚਿਰ ਬਾਅਦ ਮੈਂ ਆਪਣੇ ਪਿੰਡੋਂ ਨਵਾਂਸ਼ਹਿਰ ਜਾਂਦਾ ਹੋਇਆ ਸਜਾਵਲ ਪੁਰ ਪਿੰਡ ਟੱਪਿਆ ਤਾਂ ਨਵਾਂਸ਼ਹਿਰ-ਚੰਡੀਗੜ੍ਹ ਰੋਡ ਉੱਤੇ ਕਾਫੀ ਲੋਕ ਇਕੱਠੇ ਹੋਏ ਦੇਖੇ।ਵਾਹੋ ਦਾਹੀ ਸਾਈਕਲ ਚਲਾਉਂਦਾ ਮੈਂ ਵੀ ਭੀੜ ਕੋਲ ਜਾ ਖੜ੍ਹਾ ਹੋਇਆ।ਇਸ ਸੜਕ ਦੇ ਇੱਕ ਪਾਸੇ ਸਜਾਵਲ ਪੁਰ ਦਾ ਗੁਰਦੁਆਰਾ ਸ਼ਹੀਦਾਂ ਹੈ,ਦੂਜੇ ਪਾਸੇ ਸਾਹਮਣੇ ਇੱਕ ਦਰਖਤ ਵਿੱਚ ਪੁਲੀਸ ਦੀ ਜਿਪਸੀ ਬੜੀ ਬੁਰੀ ਤਰਾਂ ਵੱਜ ਕੇ ਦੋਫਾੜ ਹੋਈ ਪਈ ਸੀ।ਲੋਕ ਦੱਸ ਰਹੇ ਸਨ ਕਿ ਐਕਸੀਡੈਂਟ ਤਾਜ਼ਾ ਹੀ ਹੋਇਆ ਹੈ।ਸਟੇਅਰਿੰਗ 'ਤੇ ਮਰੇ ਫਸੇ ਪਏ ਇੱਕ ਪੁਲ਼ਸੀਏ ਦੀਆਂ ਅੱਖਾਂ ਬਾਹਰ ਨੂੰ ਇੰਜ ਨਿਕਲ਼ੀਆਂ ਹੋਈਆਂ ਸਨ ਜਿਵੇਂ ਬਰਸਾਤਾਂ ਵਿੱਚ ਡੱਡੂ ਮਰੇ ਪਏ ਹੁੰਦੇ ਹਨ।ਉਸ ਦੀਆਂ ਦੋਏ ਬਾਹਾਂ ਤੇ ਖੁੱਲ੍ਹੇ ਹੱਥ ਆਲ਼ੇ ਦੁਆਲ਼ੇ ਨੂੰ ਫੈਲੇ ਹੋਏ ਸਿਕੰਦਰ ਦਾ ਕਥਨ ਚੇਤੇ ਕਰਾ ਰਹੇ ਜਾਪੇ ਕਿ ਅੰਤ ਸਮੇਂ ਮੇਰੇ ਦੋਏ ਹੱਥ ਕੱਫਣ ਤੋਂ ਬਾਹਰ ਕੱਢ ਦਿਉ !

ਬੁਰੀ ਤਰਾਂ ਲਹੂ-ਲੁਹਾਣ ਹੋਏ ਪਏ ਇਸ ਬਾਵਰਦੀ ਪੁਲ਼ਸੀਏ ਦੀ ਜੇਬ੍ਹ ਉਤਲੇ ਬੈਜ ਉੱਪਰ ਵੀ ਭਾਵੇਂ ਖ਼ੂਨ ਦੇ ਛਿੱਟੇ ਪਏ ਹੋਏ ਸਨ ਪਰ ਉਹਦਾ ਨਾਂ ਪੂਰਾ ਪੜ੍ਹਿਆ ਜਾ ਰਿਹਾ ਸੀ-'ਓਂਕਾਰ ਸਿੰਘ !'ਦੁਪਾਲ ਪੁਰ ਸਾਡੇ ਘਰੇ ਆਏ ਪਟਵਾਰੀ ਨੂੰ ਜਦ ਮੈਂ ਸਾਈਕਲ ਪਿੱਛੇ ਬਿਠਾ ਕੇ ਬੱਸੇ ਚੜ੍ਹਾਉਣ ਜਾਡਲੇ ਜਾ ਰਿਹਾ ਸੀ ਤਾਂ ਉਹ ਐਕਸੀਡੈਂਟ ਵਾਲ਼ਾ ਥਾਂਹ ਦਿਖਾਉਣ ਲਈ ਸਜਾਵਲ ਪੁਰ ਵਿੱਚੀਂ ਲੰਘਿਆ।

ਭਾਈਆ ਜੀ ਆਹ ਟਾਹਲੀ ਐ ਜਿਹਦੇ ਵਿੱਚ ਵੱਜ ਕੇ ਮੰਨੇਂ ਦਾ ਮੁਕਾਬਲਾ ਬਣਾਉਣ ਵਾਲ਼ਾ ਪੁਲ਼ਸੀਆ ਮਰਿਆ ! ਆਪਣੇ ਦੋਹਾਂ ਹੱਥਾਂ ਨਾਲ ਟਾਹਲੀ ਨੂੰ ਫੜਕੇ ਫਿੱਕੀ ਜ਼ਰਦ ਜਿਹੀ 'ਮੁਸਕਾਨ' ਚਿਹਰੇ 'ਤੇ ਲਿਆਉਂਦਿਆਂ ਭਾਈਆ ਬੋਲਿਆ- ਟਾਹਲੀ ਨਹੀਂ ਕਾਕਾ,ਇਹਨੂੰ ਟਾਹਲੀ ਸਾਹਿਬ ਕਹੁ !

**'ਭਸਮਾਂ ਭੂਤ ਹੋਆ ਖਿਨ ਭੀਤਰਿ**
**ਅਪਨਾ ਕੀਆ ਪਾਇਆ॥'**

**(ਸ੍ਰੀ ਗੁਰੂ ਅਰਜਨ ਦੇਵ ਜੀ)**

ਗੱਲ ਤਾਂ ਪਰਦੇ ਦੀ ਹੀ ਹੈ !
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !

ਕਾਲ: 403 953 1000
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
E Mail: Info@twcoverings.com
Web: www.twcoverings.com
Timelesswindowcoverings
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS


DAWSON'S LANDING
CHESTERMERE
Your Perfect Landing Spot Awaits
ਆਖਿਰੀ ਫੇਸ
ਹੁਣ ਵੇਚ ਰਹੇ ਹਾਂ
ਚੈਸਟਰਮੇਰ ਦੇ ਕੁਦਰਤ ਨਾਲ ਜੁੜੇ ਭਾਈਚਾਰੇ ਵਿੱਚ ਨਿਰਮਾਣ ਕਰਨ ਦਾ ਤੁਹਾਡਾ ਆਖਰੀ ਮੌਕਾ ਇੱਥੇ ਹੈ।
LANED HOMES from the high $400s
FRONT GARAGE DUPLEXES from the high $500s
FRONT GARAGE HOMES from the low $700s
SEMI-ESTATE HOMES from the high $700s
ਡਾਸਨਜ਼ ਲੈਂਡਿੰਗ ਝੀਲ ਦੇ ਕਿਨਾਰੇ ਸਥਿਤ ਚੈਸਟਰਮੇਰ ਸ਼ਹਿਰ ਵਿੱਚ ਇੱਕ ਸਥਾਪਿਤ ਭਾਈਚਾਰਾ ਹੈ,ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁੱਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਇੱਕ ਡੌਗ ਪਾਰਕ ਹੁਣ ਖੁੱਲ੍ਹਾ ਹੈ, ਅਤੇ ਨੇੜਲੇ ਭਵਿੱਖ ਲਈ ਇੱਕ ਈਕੋ ਪਾਰਕ ਦੀ ਯੋਜਨਾ ਬਣਾਈ ਗਈ ਹੈ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।
ਆਪਣੇ ਮਨਪਸੰਦ ਬਿਲਡਰ ਨਾਲ ਅੱਜ ਹੀ ਸੰਪਰਕ ਕਰੋ!
• Broadview Homes • Sterling Homes • NuVista Homes
• Truman • Trico Homes • Genesis Builders
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


bridgeport
CHESTERMERE
ਇਸ ਨੂੰ ਬਣਾਓ
ਇਸ ਨੂੰ ਅਕਾਰ ਦਿਓ
ਇਸ ਨੂੰ ਪਿਆਰ ਕਰੋ
ਚੈਸਟਰਮੀਅਰ ਵਿੱਚ ਇੱਕ ਬਿਲਕੁਲ ਨਵੀਂ ਕਮਿਓਨਿਟੀ ਬਣਨ ਜਾ ਰਹੀ ਹੈ, ਅਤੇ ਜਿੰਦਗੀ ਦੀ ਕਹਾਣੀ ਲਿਖਣ ਵਿੱਚ ਤੁਹਾਡੀ ਮੱਦਦ ਕਰ ਸਕਦੀ ਹੈ। ਜਲਦੀ ਪਹੁੰਚੋ, ਜੜ੍ਹਾਂ ਨੂੰ ਹੇਠਾਂ ਰੱਖੋ, ਅਤੇ ਪਹਿਲੇ ਦਿਨ ਤੋਂ ਹੀ ਬ੍ਰਿਜਪੋਰਟ ਦੇ ਕਿਰਦਾਰ ਨੂੰ ਆਕਾਰ ਦੇਣ ਵਿੱਚ ਮਦਦ ਕਰੋ। ਇੱਕ ਘਰ ਲੱਭੋ ਜੋ ਅੱਜ ਤੁਹਾਡੀ ਜ਼ਿੰਦਗੀ ਦੇ ਅਨੁਕੂਲ ਹੈ ਅਤੇ ਇੱਕ ਭਾਈਚਾਰੇ ਵਿੱਚ ਸ਼ਾਮਿਲ ਹੋਵੋ ਜੋ ਤੁਹਾਡੀ ਜ਼ਿੰਦਗੀ ਦੀ ਕਹਾਣੀ ਦੇ ਨਾਲ ਨਾਲ ਵਧੇਗਾ।
Find Your Dream Home!
liveinbridgeport.com
LANED DUPLEXES from the mid $500s
LANED HOMES from the high $500s
FRONT GARAGE HOMES from the mid $700s
Our Premier Builders:
• NuVista Homes • Shane Homes • Sterling Homes • Broadview Homes • Truman • Trico Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


VANTAGE RISE
Townhomes FROM THE LOW $500s
Laned Homes FROM THE HIGH $500s
Front Garage FROM THE LOW $700s
ਇਸ ਘਰ ਲਈ ਕਾਲ ਕਰਨ ਵਾਲੇ ਪਹਿਲੇ ਵਿਅਕਤੀ ਬਣੋ
PHASE 1 PRE-SALES NOW UNDERWAY!
ਵੈਂਟੇਜ ਰਾਈਜ਼ ਏਅਰਡਰੀ ਦਾ ਸਭ ਤੋਂ ਨਵਾਂ ਭਾਈਚਾਰਾ ਹੈ ਜੋ ਸ਼ਹਿਰੀ ਸਹੂਲਤ ਨੂੰ ਬਾਹਰੀ ਆਕਰਸ਼ਣ ਨਾਲ ਸੁਚਾਰੂ ਢੰਗ ਨਾਲ ਮਿਲਾਉਣ ਲਈ ਤਿਆਰ ਕੀਤਾ ਗਿਆ ਹੈ। ਇਸ ਸੋਚ-ਸਮਝ ਕੇ ਯੋਜਨਾਬੱਧ ਆਂਢ-ਗੁਆਂਢ ਵਿੱਚ ਇੱਕ ਗਤੀਸ਼ੀਲ ਵਪਾਰਕ ਸਾਈਟ ਅਤੇ ਉੱਚ-ਗੁਣਵੱਤਾ ਵਾਲੀਆਂ ਬਾਹਰੀ ਥਾਵਾਂ ਹੋਣਗੀਆਂ। ਕਮਿਊਨਿਟੀ ਕਨੈਕਸ਼ਨ ਅਤੇ ਜੀਵੰਤ ਬਾਹਰੀ ਜੀਵਨ 'ਤੇ ਧਿਆਨ ਕੇਂਦਰਿਤ ਕਰਨ ਦੇ ਨਾਲ, ਵੈਂਟੇਜ ਰਾਈਜ਼ ਏਅਰਡਰੀ ਦੇ ਦੱਖਣ-ਪੱਛਮ ਵਿੱਚ ਇੱਕ ਜੀਵੰਤ ਅਤੇ ਸਵਾਗਤਯੋਗ ਜੋੜ ਹੋਣ ਦਾ ਵਾਅਦਾ ਕਰਦਾ ਹੈ।
567
2
Yankee Valley Blvd
Range Rd 13
24 St SW
to Calgary
160 ACRES OF SCENIC LIVING
12.25 ACRE COMMERCIAL SITE
15 ACRES OF ACTIVE OUTDOOR SPACE
liveinvantagerise.com
Reach out to a builder to put your lot on hold!
• Broadview Homes • McKee Homes • NuVista Homes • Shane Homes
• Sterling Homes • StreetSide Developments • Trico Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


BHINDER EXTERIORS LTD.
BHINDER EXTERIOR
ਕੁਦਰਤ ਦੀ ਗੜ੍ਹੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com